BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

22KT GOLD
ANTIQUE JEWELRY
Regal Jewels
773-262-4377 BUY OR ORDER ONLINE 773-517-0574
www.RegalJewels.com

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 25, Issue 15; April 13, 2024 — 20451 N. Plum Grove Rd., Palatine, IL 60074 — Ph:847-359-0746, Fax:847-705-9388

ਸ਼ਿਕਾਗੋ ਵਿਖੇ ਮਨਾਏ ਗਏ ਕੌਮਾਂਤਰੀ ਮਾਂ ਬੋਲੀ ਦਿਹਾੜੇ ਮੌਕੇ ਡਾ. ਆਤਮਜੀਤ ਵਲੋਂ ਸਆਦਤ ਹਸਨ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਦੇ ਆਧਾਰ 'ਤੇ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਖੇਡਿਆ ਗਿਆ। ਤਸਵੀਰ ਵਿਚ ਡਾ. ਆਤਮਜੀਤ, ਨਾਟਕ ਦੇ ਸਾਰੇ ਕਲਾਕਾਰਾਂ ਨਾਲ ਨਜ਼ਰ ਆ ਰਹੇ ਹਨ। ਇਸ ਪ੍ਰੋਗਰਾਮ ਦਾ ਵੇਰਵਾ ਅਤੇ ਹੋਰ ਤਸਵੀਰਾਂ ਅਗਲੇ ਅੰਕ ਵਿਚ।

ਭਾਜਪਾ ਦੇ 'ਮਿਸ਼ਨ ਪੰਜਾਬ' ਤੋਂ ਹੱਥ ਖੜ੍ਹੇ

ਚੋਣ ਪ੍ਰਚਾਰ ਲਈ ਪਿੰਡਾਂ ਵਿਚ ਵੜਨਾ ਔਖਾ ਹੋਇਆ

ਚੰਡੀਗੜ੍ਹ: ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਦਾ 'ਮਿਸ਼ਨ ਪੰਜਾਬ' ਦਾ ਚਾਅ ਮੱਠਾ ਪੈਂਦਾ ਨਜ਼ਰ ਆ ਰਿਹਾ ਹੈ। ਪੰਜਾਬੀਆਂ ਨੇ ਭਾਜਪਾ ਉਮੀਦਵਾਰਾਂ ਲਈ ਬੂਹੇ ਬੰਦ ਕਰ ਲਏ ਹਨ ਅਤੇ ਭਗਵਾ ਧਿਰ ਦੇ ਆਗੂਆਂ ਨੂੰ ਪਿੰਡਾਂ ਵਿਚ ਨਹੀਂ ਵੜਨ ਦਿੱਤਾ ਜਾ ਰਿਹਾ ਹੈ।

ਪਿੰਡਾਂ ਦੇ ਬਾਹਰ ਵੱਡੇ-ਵੱਡੇ ਫਲੈਕਸ ਲਾਏ ਗਏ ਹਨ ਜਿਨ੍ਹਾਂ ਉਤੇ ਸਾਫ ਲਿਖਿਆ ਹੈ ਕਿ ਭਾਜਪਾ ਵਾਲੇ ਇਥੋਂ ਦੂਰ ਹੀ ਰਹਿਣ। ਚੋਣ ਪ੍ਰਚਾਰ ਵਿਚ ਨਿੱਤਰੇ ਭਾਜਪਾ ਉਮੀਦਵਾਰਾਂ ਦਾ ਸੜਕਾਂ ਉਤੇ ਵੀ ਕਾਲੀਆਂ ਝੰਡੀਆਂ ਨਾਲ ਵੀ ਵਿਰੋਧ ਹੋ ਰਿਹਾ ਹੈ। ਭਗਵਾ ਧਿਰ ਦਾ ਇਹੀ ਹਸ਼ਰ ਗੁਆਂਢੀ ਸੂਬੇ ਹਰਿਆਣਾ ਵਿਚ ਹੋ ਰਿਹਾ ਹੈ। ਇਥੇ ਸੱਤਾਧਾਰੀ ਹੋਣ ਦੇ ਬਾਵਜੂਦ ਭਾਜਪਾ ਆਪਣੇ ਖਿਲਾਫ ਉਠੀ ਲੋਕ ਲਹਿਰ ਨੂੰ ਦਬਾਉਣ ਵਿਚ ਸਫਲ ਹੁੰਦੀ ਨਜ਼ਰ ਨਹੀਂ ਆ ਰਹੀ ਹੈ।

ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਚੋਣਾਂ ਵਿਚ ਭਾਜਪਾ ਦੇ ਵਿਰੋਧ ਵਾਲਾ ਪ੍ਰੋਗਰਾਮ ਪੂਰੇ ਮੁਲਕ ਵਿਚ ਲਾਗੂ ਕੀਤਾ ਜਾਵੇਗਾ ਜਿਸ ਤਹਿਤ ਵੋਟ ਮੰਗਣ ਆਉਣ 'ਤੇ ਭਾਜਪਾ ਆਗੂਆਂ ਤੋਂ ਕਿਸਾਨ ਸਵਾਲ ਪੁੱਛਣਗੇ ਕਿ ਐਮ.ਐਸ.ਪੀ. ਦੀ ਗਾਰੰਟੀ ਦੀ ਮੰਗ ਪੂਰੀ ਕਿਉਂ ਨਹੀਂ ਕੀਤੀ, ਕਰਜ਼ਾ ਮੁਆਫ਼ ਕਿਉਂ ਨਹੀਂ ਕੀਤਾ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਿਉਂ ਨਹੀਂ ਕੀਤੀ ਜਦਕਿ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਗਿਆ ਸੀ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਚੋਣਾਂ ਵਿਚ ਇਨ੍ਹਾਂ ਸੂਬਿਆਂ (ਪੰਜਾਬ-ਹਰਿਆਣਾ) ਵਿਚ ਭਾਜਪਾ ਦਾ ਵਿਰੋਧ ਹੋਣਾ ਤੈਅ ਸੀ ਪਰ ਅਜਿਹਾ ਇਸ ਹੱਦ ਤੱਕ ਹੋਵੇਗਾ ਕਿ ਆਗੂਆਂ ਨੂੰ ਪਿੰਡਾਂ ਦੇ ਨੇੜੇ ਨਹੀਂ ਆਉਣ ਦਿੱਤਾ ਜਾਵੇਗਾ, ਦੀ ਸ਼ਾਇਦ ਕਦੇ ਉਮੀਦ ਨਹੀਂ ਕੀਤੀ ਗਈ ਸੀ। ਭਾਜਪਾ ਨੇ 'ਮਿਸ਼ਨ ਪੰਜਾਬ' ਤਹਿਤ ਖਾਸ ਰਣਨੀਤੀ ਘੜੀ ਸੀ। ਇਸ ਰਣਨੀਤੀ ਦੇ ਮੱਦੇਨਜ਼ਰ ਭਗਵਾ ਧਿਰ ਨੇ ਰਵਾਇਤੀ ਧਿਰਾਂ (ਕਾਂਗਰਸ-ਅਕਾਲੀ ਦਲ) ਦੇ ਵੱਡੇ ਆਗੂਆਂ ਨੂੰ ਦਲ ਬਦਲੀ ਤਹਿਤ ਆਪਣੇ ਨਾਲ ਰਲਾਉਣ ਦਾ ਪੱਤਾ ਖੇਡਿਆ ਸੀ। ਭਾਜਪਾ ਇਸ ਵਿਚ ਸਫਲ ਵੀ ਹੋਈ ਅਤੇ ਕਾਂਗਰਸ ਅਤੇ ਆਪ ਦੇ ਮੌਜੂਦਾ ਸੰਸਦ ਮੈਂਬਰਾਂ ਸਣੇ ਕਈ ਵੱਡੇ ਆਗੂਆਂ ਨੂੰ ਆਪਣੇ ਪਾਲੇ ਵਿਚ ਕਰ ਕੇ ਉਮੀਦਵਾਰ ਐਲਾਨ ਦਿੱਤਾ। ਹੁਣ ਇਹ ਆਗੂ ਵੀ ਮਹਿਸੂਸ ਕਰ ਰਹੇ ਹਨ ਕਿ ਉਹ 'ਕਿਥੇ ਫਸ ਗਏ'।

ਕਿਸਾਨ ਜਥੇਬੰਦੀਆਂ ਨੇ ਬਕਾਇਦਾ ਐਲਾਨ ਕੀਤਾ ਹੈ ਕਿ ਪਿੰਡਾਂ ਵਿਚ ਚੋਣ ਪ੍ਰਚਾਰ ਲਈ

(ਬਾਕੀ ਸਫਾ 6 'ਤੇ)

India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

RESTAURANT SUPPLY
WHOLESALER
ਉਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
RAVI KAPOOR CEO
1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago. IL 60659
www.RegalJewels.com
PH: 773-262-4377 WA: 773-517-0574

‘ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ’

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ
ਅਤੇ ਖ਼ਾਲਸਾ ਪ੍ਰਗਟ ਦਿਵਸ (ਵੈਸਾਖੀ) ਨੂੰ ਸਮਰਪਿਤ

ਗੁਰਮਤਿ ਸਮਾਗਮ

ਮਿਤੀ 12,13 ਅਤੇ 14 ਅਪ੍ਰੈਲ 2024

ਗੁਰਦੁਆਰਾ ਗੁਰ ਨਾਨਕ ਦਰਬਾਰ, ਇੰਡੀਅਨਐਪਲਸ ਇੰਡਿਆਨਾ

12 ਅਤੇ 13 ਅਪ੍ਰੈਲ 2024 ਸ਼ੁਕਰਵਾਰ, ਸ਼ਨੀਵਾਰ
ਸ਼ਾਮ 6 ਤੋਂ ਰਾਤ 8 ਵਜੇ ਤੱਕ ਦੀਵਾਨ ਸੱਜੇਗਾ

14 ਅਪ੍ਰੈਲ 2024 ਐਤਵਾਰ
ਸਵੇਰੇ 9 ਤੋਂ ਦੁਪਿਹਰ 1 ਵਜੇ ਤੱਕ
ਹਫਤਾਵਾਰੀ ਦੀਵਾਨ ਸਜਾਇਆ ਜਾਵੇਗਾ।

ਭਾਈ ਸਰਬਜੀਤ ਸਿੰਘ ਧੂੰਦਾ ਗੁਰਮਤਿ ਵੀਚਾਰ ਕਰਨਗੇ

ਆਪ ਜੀ ਨੂੰ ਪ੍ਰਕਾਸ਼ ਦਿਹਾੜੇ ਅਤੇ ਵੈਸਾਖੀ ਦੀ ਲੱਖ-ਲੱਖ ਵਧਾਈ ਹੋਵੇ

ਪਰਿਵਾਰਾਂ ਸਮੇਤ ਹਾਜਰੀਆਂ ਭਰ ਕੇ ਗੁਰਬਾਣੀ ਇਤਿਹਾਸ ਸਰਵਣ ਕਰੋ ਜੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

GURDWARA GUR NANAK DARBAR
ਗੁਰਦੁਆਰਾ ਗੁਰ ਨਾਨਕ ਦਰਬਾਰ
INDIANAPOLIS

Gurdwara Gur Nanak Darbar
425 S High School RD, Indianapolis IN 46241

Phone No. (317) 247-7454 www.facebook.com/GurdwaraPlainfield

ਦਲਜੀਤ ਕੌਰ ਢਿੱਲੋਂ ਦਾ ਦੇਹਾਂਤ



ਸ਼ਿਕਾਗੋ: ਇੱਥੋਂ ਦੇ ਵਸਨੀਕ ਦਲਜੀਤ ਕੌਰ ਢਿੱਲੋਂ ਦਾ ਲੰਘੀ 6 ਅਪਰੈਲ ਨੂੰ ਦੇਹਾਂਤ ਹੋ ਗਿਆ। ਉਹ 85 ਵਰ੍ਹਿਆਂ ਦੇ ਸਨ। ਉਹ ਮੂਲ ਰੂਪ ਵਿਚ ਪਿੰਡ ਵੇਰਕਾ, ਪੰਜਾਬ ਦੇ ਰਹਿਣ ਵਾਲੇ ਸਨ। ਸਰਦਾਰਨੀ ਦਲਜੀਤ ਕੌਰ ਆਪਣੇ ਪਿੱਛੇ ਪਤੀ ਡਾ. ਨਿਰਮਲ ਸਿੰਘ ਢਿੱਲੋਂ, ਬੱਚੇ ਕੁਸ਼ਲੀਨ ਕੌਰ, ਬਿਕਰਮ ਸਿੰਘ ਅਤੇ ਰਵਿੰਦਰ ਸਿੰਘ ਅਤੇ ਪੋਤੇ-ਪੋਤੀਆਂ, ਦੋਹਤੇ ਦੋਹਤੀਆਂ ਦਿਵਨੀਤ, ਸਿਮਰੀਨ, ਨਿਰੀਤ, ਪ੍ਰਿਆ ਅਤੇ ਆਨਿਆ ਨੂੰ ਛੱਡ ਗਏ ਹਨ।

ਉਨ੍ਹਾਂ ਦਾ ਅੰਤਿਮ ਸੰਸਕਾਰ ਸ਼ਨਿਚਰਵਾਰ, 13 ਅਪ੍ਰੈਲ ਨੂੰ ਦੁਪਹਿਰ 12: 00 ਵਜੇ ਤੋਂ 2:00 ਵਜੇ ਦਰਮਿਆਨ ਕੰਟਰੀਸਾਈਡ ਫਿਊਨਰਲ ਹੋਮ 950 ਐਸ. ਬਾਰਟਲੇਟ ਰੋਡ ਬਾਰਟਲੇਟ, 60103 ਵਿਖੇ ਹੋਵੇਗਾ। ਉਪਰੰਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 3:00 ਵਜੇ ਤੋਂ ਸ਼ਾਮ 5:00 ਵਜੇ ਤੱਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

ਕੈਨੇਡਾ ਵੱਲੋਂ ਪੀ.ਆਰ. ਦੀ ਝਾਕ ਵਿਚ ਬੈਠੇ ਪਰਵਾਸੀਆਂ ਨੂੰ ਝਟਕਾ

ਵੈਨਕੂਵਰ: ਕੈਨੇਡਾ ਸਰਕਾਰ ਨੇ ਪੀਆਰ (ਪੱਕੀ ਰਿਹਾਇਸ਼) ਫੀਸ ਵਿਚ 10 ਤੋਂ 15 ਫ਼ੀਸਦੀ ਦਾ ਵਾਧਾ ਕੀਤਾ ਹੈ। ਇਸ ਤਹਿਤ ਇਹ ਫੀਸ 515 ਡਾਲਰ ਤੋਂ ਵਧਾ ਕੇ 575 ਡਾਲਰ ਕਰ ਦਿੱਤੀ ਗਈ ਹੈ। ਇਹ ਵਾਧਾ 30 ਅਪਰੈਲ ਤੋਂ ਲਾਗੂ ਹੋਵੇਗਾ। ਨਾਬਾਲਗਾਂ ਨੂੰ ਪਹਿਲਾਂ ਵਾਂਗ ਹੀ ਫੀਸ ਭਰਨ ਤੋਂ ਛੋਟ ਰਹੇਗੀ। ਫੈਡਰਲ ਸਕਿਲਡ ਵਰਕਰ (ਐਫ.ਐਸ.ਡਬਲਿਊ.) ਤੇ ਪ੍ਰੋਵਿੰਸਲ ਨੌਮਿਨੀ ਪ੍ਰੋਗਰਾਮ (ਪੀ.ਐਨ.ਪੀ.) ਤਹਿਤ ਸੱਦੇ ਜਾਣ ਵਾਲਿਆਂ ਨੂੰ ਹੁਣ ਦਰਖਾਸਤ ਦੇਣ ਵੇਲੇ 100 ਡਾਲਰ ਵੱਧ ਯਾਨੀ 850 ਦੀ ਥਾਂ 950 ਡਾਲਰ ਭਰਨੇ ਪੈਣਗੇ। ਇਸੇ ਤਰ੍ਹਾਂ ਬਿਨੈਕਾਰਾਂ ਨੂੰ ਨਾਲ ਆਉਣ ਵਾਲੇ ਉਨ੍ਹਾਂ ਦੇ ਪਤੀ/ਪਤਨੀ ਤੇ ਬੱਚਿਆਂ ਦੀ ਵੀ ਫੀਸ ਭਰਨੀ ਪਵੇਗੀ। ਪਰਿਵਾਰ ਮਿਲਾਣ ਪ੍ਰੋਗਰਾਮ ਅਧੀਨ ਬਿਨੈਕਾਰ ਨੂੰ ਹੁਣ 75 ਦੀ ਥਾਂ 85 ਡਾਲਰ ਦੇ ਨਾਲ ਨਾਲ ਅਰਜ਼ੀ ਅਨੁਸਾਰ 175 ਤੋਂ 635 ਡਾਲਰ ਵੱਖਰੀ ਫੀਸ ਭਰਨੀ ਪਏਗੀ। ਸਰਕਾਰ ਵੱਲੋਂ 2024 ਤੋਂ 2026 ਤੱਕ ਮਿੱਥੇ ਐਫ.ਐਸ.ਡਬਲਿਊ. ਤੇ ਪੀ.ਐਨ.ਪੀ. ਪ੍ਰੋਗਰਾਮਾਂ ਤਹਿਤ ਅਰਜ਼ੀ ਮਨਜ਼ੂਰੀਆਂ ਸੀਮਤ ਕਰਨ ਬਾਰੇ ਆਵਾਸ ਮੰਤਰੀ ਮਾਰਕ ਮਿਲਰ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ। ਇਨ੍ਹਾਂ ਪ੍ਰੋਗਰਾਮਾਂ 'ਤੇ ਅਮਲ ਕਰਨ ਦਾ ਸਮਾਂ ਪਹਿਲਾਂ 30 ਸਤੰਬਰ ਤੈਅ ਕੀਤਾ ਗਿਆ ਸੀ ਪਰ ਹੁਣ ਇਸ ਨੂੰ ਤੁਰਤ ਪ੍ਰਭਾਵ ਨਾਲ ਲਾਗੂ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਸਰਕਾਰ ਆਵਾਸ ਘਟਾਉਣ ਲਈ ਸ਼ਰਤਾਂ ਸਖ਼ਤ ਕਰ ਰਹੀ ਹੈ। ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਵੱਡਾ ਕੱਟ ਲਾਇਆ ਗਿਆ ਹੈ। ਓਂਟਾਰੀਓ ਸੂਬੇ ਵਿਚ 2023 'ਚ ਆਏ 2,39,753 ਵਿਦਿਆਰਥੀਆਂ ਦੀ ਥਾਂ 2024 'ਚ ਸਿਰਫ 1,41,000 ਵਿਦਿਆਰਥੀ ਹੀ ਦਾਖਲਾ ਲੈ ਸਕਣਗੇ। ਕਾਲਜਾਂ ਨੂੰ ਕੌਮਾਂਤਰੀ ਦਾਖਲਿਆਂ ਤੋਂ ਵਾਂਝੇ ਕਰ ਕੇ ਇਸ ਨੂੰ ਸਿਰਫ ਯੂਨੀਵਰਸਿਟੀਆਂ ਤੱਕ ਸੀਮਤ ਕਰ ਦਿੱਤਾ ਗਿਆ ਹੈ।

ਭਾਜਪਾ 'ਚ ਦਲ ਬਦਲੂਆਂ ਖਿਲ਼ਾਫ ਉੱਠੀ ਬਾਗ਼ੀ ਸੁਰ

ਜਲੰਧਰ: ਭਾਜਪਾ ਵੱਲੋਂ ਸੁਸ਼ੀਲ ਰਿੰਕੂ ਨੂੰ ਉਮੀਦਵਾਰ ਬਣਾਏ ਜਾਣ ਦਾ ਪਾਰਟੀ ਦੇ ਅੰਦਰ ਹੀ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਭਾਜਪਾ ਮਹਿਲਾ ਮੋਰਚੇ ਦੀ ਜ਼ਿਲ੍ਹਾ ਪ੍ਰਧਾਨ ਆਰਤੀ ਰਾਜਪੂਤ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਆਪਣੇ ਫੇਸਬੁੱਕ ਪੇਜ 'ਤੇ ਲਾਈਵ ਹੋ ਕੇ ਇਹ ਸਾਰੀ ਜਾਣਕਾਰੀ ਦਿੱਤੀ ਹੈ। ਆਰਤੀ ਰਾਜਪੂਤ ਨੇ ਕਿਹਾ ਕਿ ਭਾਜਪਾ ਦੀਆਂ ਮੀਟਿੰਗਾਂ ਵਿਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਜਲੰਧਰ ਲੋਕ ਸਭਾ ਸੀਟ ਲਈ ਉਮੀਦਵਾਰ ਪਾਰਟੀ ਦੇ ਅੰਦਰੋਂ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਅਜਿਹਾ ਨਹੀਂ ਹੋਇਆ, ਜਿਸ ਕਾਰਨ ਉਹ ਪਾਰਟੀ ਤੋਂ ਅਸਤੀਫਾ ਦੇ ਰਹੀ ਹੈ। ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਭਾਜਪਾ ਦੀ ਮਹਿਲਾ ਆਗੂ ਆਰਤੀ ਰਾਜਪੂਤ ਨੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਪਾਰਟੀ ਨੇ ਉਮੀਦਵਾਰ ਸਬੰਧੀ ਮਹਿਲਾ ਆਗੂਆਂ ਕੋਲੋਂ ਰਾਏ ਲਈ ਸੀ। ਉਦੋਂ ਪਾਰਟੀ ਨੇ ਭਰੋਸਾ ਦਿੱਤਾ ਸੀ ਕਿ ਜਲੰਧਰ ਲੋਕ ਸਭਾ ਸੀਟ ਤੋਂ ਚੋਣ ਮੈਦਾਨ ਵਿਚ ਭਾਜਪਾ ਦੇ ਹੀ ਕਿਸੇ ਆਗੂ ਨੂੰ ਉਤਾਰਿਆ ਜਾਵੇਗਾ ਪਰ ਅਜਿਹਾ ਨਹੀਂ ਹੋਇਆ। ਆਰਤੀ ਰਾਜਪੂਤ ਨੇ ਕਿਹਾ ਕਿ ਉਨ੍ਹਾਂ ਦੀ ਰਿੰਕੂ ਅਤੇ ਅੰਗੁਰਾਲ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਜ਼ਿਕਰਯੋਗ ਹੈ ਕਿ ਭਾਜਪਾ ਵਿਚ ਸ਼ਾਮਲ ਹੋਏ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਵਿਰੁੱਧ ਅਜੇ ਤੱਕ ਕਿਸੇ ਵੀ ਭਾਜਪਾ ਆਗੂ ਨੇ ਖੁੱਲ੍ਹ ਕੇ ਬਗਾਵਤ ਨਹੀਂ ਕੀਤੀ ਸੀ।

ਗੈਸ ਸਟੇਸ਼ਨ ਵਿਚ ਕੈਸ਼ੀਅਰ ਦੀ ਲੋੜ ਹੈ

ਰੋਲਿੰਗ ਮੀਡੋ ਵਿਚ ਸਵੇਰ ਦੀ ਸ਼ਿਫਟ ਲਈ 7 ਦਿਨ ਵਾਸਤੇ ਕੈਸ਼ੀਅਰ ਦੀ ਲੋੜ ਹੈ। ਪਾਰਟ ਟਾਈਮ ਅਤੇ ਪੂਰਾ ਟਾਈਮ ਕੰਮ ਉਪਲੱਬਧ ਹੈ। ਸਿਖਲਾਈ ਵੀ ਦਿੱਤੀ ਜਾ ਸਕਦੀ ਹੈ ਪਰ ਤਜਰਬੇਕਾਰ ਨੂੰ ਪਹਿਲ।

ਚਾਹਵਾਨ ਸੰਪਰਕ ਕਰਨ:

ਮੈਕਸ ਸ਼ਾਅ ਫੋਨ: 312-505-7272

Look for AM shift Cashier

Look for AM shift Cashier for 7 days in rolling meadows IL. Many hours available. Part time or full time available Willing to train but experience preferred.

Please call or text: Max Shaw 312-505-7272

UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603

Matrimonials

ਲੜਕੀ ਦੀ ਲੋੜ ਹੈ

ਅਮਰੀਕਨ ਸਿਟੀਜ਼ਨ ਤਲਾਕਸ਼ੁਦਾ (ਕੋਈ ਬੱਚਾ ਨਹੀਂ), 40 ਸਾਲਾ, 5'10" ਸਿੱਖ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕਾ ਸ਼ਿਪਿੰਗ ਕੰਪਨੀ ਵਿਚ ਸੀਨੀਅਰ ਆਪਰੇਸ਼ਨਜ਼ ਐਡਮਿਨ ਵਜੋਂ ਨੌਕਰੀ ਕਰਦਾ ਹੈ। ਚਾਹਵਾਨ ਸੰਪਰਕ ਕਰਨ: +1(510) 200-1772

15-18

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

ਲੜਕੇ ਦੀ ਲੋੜ ਹੈ

ਯੂ.ਐੱਸ.ਏ. ਸਿਟੀਜ਼ਨ, ਤਲਾਕਸ਼ੁਦਾ ਪੰਜਾਬੀ ਜੱਟ ਸਿੱਖ ਪਰਿਵਾਰਕ ਲੜਕੀ ਉਮਰ 40 ਸਾਲ ਲਈ ਪੰਜਾਬੀ ਜੱਟ ਸਿੱਖ ਪਰਿਵਾਰਕ ਲੜਕੇ ਦੀ ਲੋੜ ਹੈ। ਪਹਿਲੇ ਵਿਆਹ ਵਿਚੋਂ ਤਿੰਨ ਬੱਚੇ, ਜੋ ਆਪਣੇ ਪਿਤਾ ਨਾਲ ਰਹਿੰਦੇ ਹਨ। ਤਲਾਕਸ਼ੁਦਾ ਅਤੇ ਬੱਚਿਆਂ ਵਾਲੇ ਨੂੰ ਪਹਿਲ। ਚਾਹਵਾਨ ਸੰਪਰਕ ਕਰਨ:331-222-8545 or E-mail: raji205425@gmail.com

14-17

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 29 ਸਾਲ, 5'5" ਡੈਂਟਿਸਟ, ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਡਾਕਟਰ ਜਾਂ ਇੰਜਨੀਅਰ ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 31 ਸਾਲ, 5'7" ਆਰ.ਐਨ/ ਬੀ.ਐਸ.ਐਨ. ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਇਲੀਨੋਇ ਤੇ ਨਾਲ ਲੱਗਦੀਆਂ ਸਟੇਟਾਂ ਨੂੰ ਪਹਿਲ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

ਲੋਕ ਸਭਾ ਚੋਣਾਂ: ਪੰਜਾਬ ਵਿਚ ਇਸ ਵਾਰ ਬਹੁਕੋਣੇ ਮੁਕਾਬਲੇ ਹੋਣ ਦੀ ਸੰਭਾਵਨਾ

ਚੰਡੀਗੜ੍ਹ: ਪੰਜਾਬ ਵਿਚ ਇਸ ਵਾਰ ਲੋਕ ਸਭਾ ਚੋਣਾਂ ਵਿਚ ਬਹੁਕੋਣੇ ਮੁਕਾਬਲੇ ਹੋਣ ਦੀ ਸੰਭਾਵਨਾ ਹੈ। ਇਸ ਕਰਕੇ ਵਸੋਂ ਦਾ ਸਮਾਜਿਕ ਤੇ ਧਾਰਮਿਕ ਪ੍ਰਭਾਵ ਵੀ ਚੋਣ ਨਤੀਜੇ ਪ੍ਰਭਾਵਿਤ ਕਰੇਗਾ। ਵਸੋਂ ਦੇ ਮੁਲਾਂਕਣ 'ਚ ਸਾਹਮਣੇ ਆਇਆ ਹੈ ਕਿ ਤਿੰਨ ਲੋਕ ਸਭਾ ਹਲਕੇ ਅਜਿਹੇ ਹਨ ਜਿਥੇ ਸ਼ਹਿਰੀ ਵਸੋਂ 50 ਫ਼ੀਸਦੀ ਤੋਂ ਜ਼ਿਆਦਾ ਹੈ। ਅੰਮ੍ਰਿਤਸਰ ਲੋਕ ਸਭਾ ਹਲਕੇ ਵਿਚ ਸ਼ਹਿਰੀ ਵਸੋਂ 60.2 ਫ਼ੀਸਦੀ ਹੈ, ਜਲੰਧਰ ਹਲਕੇ 'ਚ 51.3 ਫ਼ੀਸਦੀ ਅਤੇ ਲੁਧਿਆਣਾ 'ਚ ਸਭ ਤੋਂ ਜ਼ਿਆਦਾ 70.3 ਫ਼ੀਸਦੀ ਸ਼ਹਿਰੀ ਆਬਾਦੀ ਹੈ।

ਲੋਕ ਸਭਾ ਚੋਣਾਂ 'ਚ ਪੇਂਡੂ ਵੋਟ ਬੈਂਕ ਸਿਆਸੀ ਖੇਡ ਨੂੰ ਹਲੂਣੇਗਾ। ਪੰਜਾਬ 'ਚ ਲੋਕ ਸਭਾ ਹਲਕਾ ਖਡੂਰ ਸਾਹਿਬ 'ਚ ਸਭ ਤੋਂ ਵੱਧ 81.3 ਫੀਸਦੀ ਪੇਂਡੂ ਵਸੋਂ ਹੈ ਜਦੋਂ ਕਿ 72.8 ਫ਼ੀਸਦ ਨਾਲ ਫਰੀਦਕੋਟ ਹਲਕਾ ਦੂਜੇ ਨੰਬਰ 'ਤੇ ਅਤੇ 72.5 ਫ਼ੀਸਦ ਨਾਲ ਬਠਿੰਡਾ ਹਲਕਾ ਤੀਜੇ ਸਥਾਨ 'ਤੇ ਹੈ। ਅਕਾਲੀ ਦਲ ਦੀ ਟੇਕ ਐਤਕੀਂ ਪੇਂਡੂ ਵੋਟ ਬੈਂਕ 'ਤੇ ਹੈ ਜਦੋਂਕਿ ਆਮ ਆਦਮੀ ਪਾਰਟੀ ਦੀ ਆਸ ਵੀ ਦਿਹਾਤੀ ਵੋਟਾਂ 'ਤੇ ਟਿਕੀ ਹੋਈ ਹੈ। ਭਾਜਪਾ ਨੂੰ ਸ਼ਹਿਰੀ ਵਸੋਂ ਵਾਲੇ ਖਿੱਤੇ ਵਿਚੋਂ ਹੀ ਉਮੀਦਾਂ ਹਨ। ਫਿਰੋਜ਼ਪੁਰ ਹਲਕੇ 'ਚ 69.6 ਫ਼ੀਸਦੀ, ਗੁਰਦਾਸਪੁਰ ਵਿਚ 69.4, ਹੁਸ਼ਿਆਰਪੁਰ ਵਿਚ 77.2, ਸੰਗਰੂਰ 'ਚ 67.7 ਅਤੇ ਆਨੰਦਪੁਰ ਸਾਹਿਬ ਹਲਕੇ 'ਚ 67.9 ਫੀਸਦੀ ਪੇਂਡੂ ਵਸੋਂ ਹੈ। ਚਰਚਾ ਹੈ ਕਿ ਹਿੰਦੂ ਭਾਈਚਾਰੇ ਦੇ ਦਬਦਬੇ ਵਾਲੇ ਟਕਸਾਲੀ ਸ਼ਹਿਰ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਆਦਿ ਹਨ ਅਤੇ ਪਿੰਡਾਂ ਵਿਚੋਂ ਵੱਡੀ ਪੱਧਰ 'ਤੇ ਸ਼ਹਿਰਾਂ ਵਿਚ ਪਿਛਲੇ ਦੋ ਦਹਾਕਿਆਂ 'ਚ ਪਰਵਾਸ ਹੋਇਆ ਹੈ ਜਿਸ ਕਰਕੇ ਵੋਟ ਬੈਂਕ ਦੇ ਪੁਰਾਣੇ ਪ੍ਰਭਾਵਾਂ 'ਚ ਕਾਫੀ ਰੱਦੋਬਦਲ ਹੋਈ ਹੈ। ਪੰਜਾਬ ਦੇ ਚਾਰ ਲੋਕ ਸਭਾ ਹਲਕੇ ਅਜਿਹੇ ਹਨ ਜਿਥੇ ਸਿੱਖ ਵਸੋਂ ਪੰਜਾਹ ਫ਼ੀਸਦੀ ਤੋਂ ਘੱਟ ਹੈ ਜਿਨ੍ਹਾਂ ਵਿਚ ਗੁਰਦਾਸਪੁਰ ਵਿਚ 43.64 ਫੀਸਦੀ, ਹੁਸ਼ਿਆਰਪੁਰ ਵਿਚ 39.84, ਜਲੰਧਰ ਵਿਚ 32.75 ਅਤੇ ਆਨੰਦਪੁਰ ਸਾਹਿਬ ਹਲਕੇ ਵਿਚ 42.55 ਫੀਸਦੀ ਸਿੱਖ ਵਸੋਂ ਹੈ। ਇਨ੍ਹਾਂ ਸੀਟਾਂ 'ਤੇ ਹਿੰਦੂ ਵੋਟ ਬੈਂਕ ਪ੍ਰਭਾਵਸ਼ਾਲੀ ਹੈ। ਬੇਸ਼ੱਕ ਅੰਮ੍ਰਿਤਸਰ ਹਲਕੇ 'ਚ ਪੇਂਡੂ ਵਸੋਂ ਘੱਟ ਹੈ ਪਰ ਇੱਥੇ 68.94 ਫ਼ੀਸਦੀ ਸਿੱਖ ਵਸੋਂ ਹੈ। ਇਸੇ ਤਰ੍ਹਾਂ ਲੁਧਿਆਣਾ ਲੋਕ ਸਭਾ ਹਲਕੇ ਵਿਚ ਪੇਂਡੂ ਵਸੋਂ ਤਾਂ ਘੱਟ ਹੈ ਪਰ ਇੱਥੇ ਸਿੱਖ ਵਸੋਂ 53.26 ਫ਼ੀਸਦੀ ਹੈ। ਖਡੂਰ ਸਾਹਿਬ ਹਲਕੇ ਵਿਚ ਸਿੱਖ ਵਸੋਂ 75.15 ਫ਼ੀਸਦ ਅਤੇ ਫਰੀਦਕੋਟ ਵਿਚ 77.66 ਫੀਸਦ ਹੈ। ਬਠਿੰਡਾ ਹਲਕੇ ਵਿਚ 73.17 ਫੀਸਦੀ ਸਿੱਖ ਅਬਾਦੀ ਹੈ।

ਸਿਆਸੀ ਧਿਰਾਂ ਵੱਲੋਂ ਲੋਕ ਸਭਾ ਹਲਕੇ ਦੇ ਵੋਟ ਬੈਂਕ ਦੇ ਧਾਰਮਿਕ ਆਧਾਰ ਨੂੰ ਦੇਖਦਿਆਂ ਅਤੇ ਇਸ ਤਰ੍ਹਾਂ ਜਾਤੀ ਸਮੀਕਰਨ ਨੂੰ ਧਿਆਨ ਵਿਚ ਰੱਖ ਕੇ ਉਮੀਦਵਾਰ ਐਲਾਨੇ ਜਾਂਦੇ ਹਨ। ਪੰਜਾਬ ਵਿਚ ਚਾਰ ਲੋਕ ਸਭਾ ਹਲਕਿਆਂ ਵਿਚ ਮੁਸਲਿਮ ਵਸੋਂ ਵੀ ਅਹਿਮ ਥਾਂ ਰੱਖ ਰਹੀ ਹੈ। ਸੰਗਰੂਰ ਲੋਕ ਸਭਾ ਹਲਕੇ 'ਚ ਸਭ ਤੋਂ ਜ਼ਿਆਦਾ 7.95 ਫ਼ੀਸਦ ਮੁਸਲਿਮ ਵਸੋਂ ਹੈ ਜਦੋਂਕਿ ਫ਼ਤਹਿਗੜ੍ਹ ਸਾਹਿਬ ਵਿੱਚ 3.38, ਲੁਧਿਆਣਾ ਵਿਚ 2.22 ਅਤੇ ਪਟਿਆਲਾ ਵਿਚ 2.21 ਫੀਸਦ ਹੈ। ਬਾਕੀ ਹਲਕਿਆਂ ਵਿਚ ਦੋ ਫ਼ੀਸਦ ਤੋਂ ਘੱਟ ਹੀ ਮੁਸਲਿਮ ਵਸੋਂ ਹੈ। ਇਵੇਂ ਹੀ ਈਸਾਈ ਵਸੋਂ ਵੀ ਸਭ ਤੋਂ ਵੱਧ ਗੁਰਦਾਸਪੁਰ ਹਲਕੇ ਵਿਚ 7.68 ਫੀਸਦੀ ਹੈ ਜਦੋਂਕਿ ਹੁਸ਼ਿਆਰਪੁਰ ਵਿਚ 1.64, ਅੰਮ੍ਰਿਤਸਰ ਵਿਚ 2.18 ਅਤੇ ਜਲੰਧਰ ਵਿਚ 1.20 ਫੀਸਦ ਹੈ। ਨੌਂ ਲੋਕ ਸਭਾ ਹਲਕਿਆਂ ਵਿਚ ਈਸਾਈ ਵਸੋਂ ਇਕ ਫ਼ੀਸਦ ਤੋਂ ਵੀ ਘੱਟ ਹੈ। ਦੇਖਿਆ ਜਾਵੇ ਤਾਂ ਸਿਆਸੀ ਧਿਰਾਂ ਵੱਲੋਂ ਹਰ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਚੋਣਾਂ ਦੌਰਾਨ ਭਾਸ਼ਣ ਵੀ ਵੱਖ-ਵੱਖ ਧਿਰਾਂ 'ਤੇ ਫੋਕਸ ਹੁੰਦੇ ਹਨ। ਦਲਿਤ ਵਸੋਂ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਫਿਰੋਜ਼ਪੁਰ 'ਚ 43.1 ਫ਼ੀਸਦ, ਜਲੰਧਰ ਵਿਚ 39.9, ਫਰੀਦਕੋਟ 'ਚ 37 ਅਤੇ ਖਡੂਰ ਸਾਹਿਬ ਵਿਚ 35.3 ਫੀਸਦ ਹੈ।

ਮਜੀਠੀਆ ਨੇ ਚੰਡੀਗੜ੍ਹ 'ਚ 60:40 ਅਨੁਪਾਤ ਖਤਮ ਕਰਨ 'ਤੇ ਕੇਂਦਰ ਨੂੰ ਘੇਰਿਆ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਦੇ ਸਿਹਤ ਵਿਭਾਗ ਵਿਚ ਸੀਨੀਅਰ ਮੈਡੀਕਲ ਅਫਸਰਾਂ ਦੀ ਭਰਤੀ 'ਚ 60:40 ਅਨੁਪਾਤ ਖਤਮ ਕਰ ਕੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦੇ ਤਾਨਾਸ਼ਾਹੀ ਫੈਸਲੇ ਦੀ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਯੂਟੀ ਪ੍ਰਸ਼ਾਸਨ ਨੇ ਆਪ ਹੀ ਭਰਤੀ ਦੇ ਨਿਯਮ ਬਦਲ ਦਿੱਤੇ ਹਨ ਅਤੇ ਪੰਜਾਬ ਸਰਕਾਰ ਦੇ ਅਫਸਰਾਂ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਡੈਪੂਟੇਸ਼ਨ 'ਤੇ ਕੰਮ ਕਰਨ ਦੇ ਅਧਿਕਾਰ ਖਤਮ ਕਰ ਦਿੱਤੇ ਹਨ। ਸਾਬਕਾ ਮੰਤਰੀ ਨੇ ਕਿਹਾ ਕਿ ਹੁਣ ਇਹ ਕਦਮ ਸਿਹਤ ਵਿਭਾਗ ਤੱਕ ਵਧਾ ਦਿੱਤਾ ਗਿਆ ਤੇ ਪ੍ਰਿੰਸੀਪਲ ਮੈਡੀਕਲ ਅਫਸਰ, ਮੈਡੀਕਲ ਸੁਪਰਡੈਂਟ, ਸੀਨੀਅਰ ਮੈਡੀਕਲ ਅਫਸਰ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਡੈਂਟਲ ਸਰਜਨ, ਪਲਾਨਿੰਗ ਅਫਸਰ ਤੇ ਨਰਸਿੰਗ ਸੁਪਰਡੈਂਟ ਸਮੇਤ ਸੀਨੀਅਰ ਡਾਕਟਰਾਂ ਦੀ ਭਰਤੀ ਵਾਸਤੇ ਭਰਤੀ ਨਿਯਮ ਬਦਲੇ ਦਿੱਤੇ ਗਏ ਹਨ। ਸ੍ਰੀ ਮਜੀਠੀਆ ਨੇ ਮੰਗ ਕੀਤੀ ਕਿ ਸਿਹਤ ਵਿਭਾਗ ਦਾ ਇਹ ਨੋਟੀਫਿਕੇਸ਼ਨ ਤੁਰੰਤ ਵਾਪਸ ਲਿਆ ਜਾਵੇ।

ਉਨ੍ਹਾਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੂੰ ਕਿਹਾ ਕਿ ਉਹ ਇਸ ਮਾਮਲੇ 'ਤੇ ਆਪਣਾ ਸਟੈਂਡ ਸਪਸ਼ਟ ਕਰਨ। ਉਨ੍ਹਾਂ ਕਿਹਾ ਕਿ ਜਾਖੜ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕੀ ਉਹ ਇਹ ਸਮਝਦੇ ਹਨ ਕਿ ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ ਜਾਂ ਨਹੀਂ ਅਤੇ ਜੇਕਰ ਪੰਜਾਬ ਦਾ ਹਿੱਸਾ ਹੈ ਤਾਂ ਫਿਰ ਸੇਵਾ ਨਿਯਮਾਂ ਵਿਚ ਤਬਦੀਲੀ ਦੇ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਦੀ ਮੰਗ ਕਰਨ।

ਲੁਧਿਆਣਾ: ਕਾਂਗਰਸ ਤੇ ਅਕਾਲੀ ਦਲ ਦਰਮਿਆਨ ਹੀ ਰਿਹਾ ਮੁਕਾਬਲਾ

ਲੁਧਿਆਣਾ: ਲੁਧਿਆਣਾ ਲੋਕ ਸਭਾ ਹਲਕਾ ਦੇ 9 ਵਿਧਾਨ ਸਭਾ ਹਲਕਿਆਂ ਵਿਚੋਂ 8 'ਤੇ 'ਆਪ' ਦੇ ਉਮੀਦਵਾਰ ਕਾਬਜ਼ ਹਨ। ਇਕ ਵਿਧਾਨ ਸਭਾ ਹਲਕਾ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਆਇਆ। ਇੱਥੋਂ 1985 ਤੋਂ ਲੈ ਕੇ 2014 ਤੱਕ ਕਾਂਗਰਸ ਅਤੇ ਅਕਾਲੀ ਦਲ ਵਿਚ ਹੀ ਮੁੱਖ ਮੁਕਾਬਲਾ ਰਿਹਾ ਹੈ।

ਇਕ ਵਾਰ ਇਸ ਸੀਟ ਤੋਂ 1989 ਵਿਚ ਅਕਾਲੀ ਦਲ (ਅ) ਦੇ ਉਮੀਦਵਾਰ ਬੀਬੀ ਰਜਿੰਦਰ ਕੌਰ ਬੁਲਾਰਾ ਜੇਤੂ ਰਹੇ ਸਨ ਜਦਕਿ ਜੇ 2009 ਤੋਂ ਲੈ ਕੇ 2019 ਤੱਕ ਹੋਈਆਂ ਤਿੰਨ ਲੋਕ ਸਭਾ ਚੋਣਾਂ ਵਿਚ ਲਗਾਤਾਰ ਕਾਂਗਰਸ ਦੇ ਉਮੀਦਵਾਰ ਜੇਤੂ ਰਹੇ ਹਨ। 1985 ਵਿਚ ਅਕਾਲੀ ਦਲ ਦੇ ਮੇਵਾ ਸਿੰਘ ਇੱਥੋਂ ਚੋਣ ਜਿੱਤੇ ਸਨ। 1989 ਵਿਚ ਸ਼੍ਰੋਮਣੀ ਅਕਾਲੀ ਦਲ ਮਾਨ ਦੀ ਬੀਬੀ ਰਜਿੰਦਰ ਕੌਰ ਬੁਲਾਰਾ ਨੇ ਕਾਂਗਰਸ ਦੇ ਗੁਰਚਰਨ ਸਿੰਘ ਗਾਲਿਬ ਹਰਾਇਆ ਸੀ। 1992 ਵਿਚ ਕਾਂਗਰਸ ਦੇ ਗੁਰਚਰਨ ਸਿੰਘ ਗਾਲਿਬ ਨੇ ਭਾਜਪਾ ਦੇ ਕ੍ਰਿਸ਼ਨ ਕਾਂਤ ਜੈਨ ਨੂੰ ਹਰਾਇਆ।

1996 ਵਿਚ ਅਕਾਲੀ ਦਲ ਦੇ ਅਮਰੀਕ ਸਿੰਘ ਆਲੀਵਾਲ ਚੋਣ ਜਿੱਤੇ। ਉਨ੍ਹਾਂ ਕਾਂਗਰਸ ਦੀ ਬੀਬੀ ਜਸਵੰਤ ਕੌਰ ਨੂੰ ਹਰਾਇਆ। 1998 ਵਿਚ ਅਕਾਲੀ ਦਲ ਦੇ ਅਮਰੀਕ ਸਿੰਘ ਆਲੀਵਾਲ ਮੁੜ ਜੇਤੂ ਰਹੇ। ਇਸ ਵਾਰ ਉਨ੍ਹਾਂ ਕਾਂਗਰਸ ਦੇ ਗੁਰਚਰਨ ਸਿੰਘ ਗਾਲਿਬ ਨੂੰ ਹਰਾਇਆ। 1999 ਵਿਚ ਗੁਰਚਰਨ ਸਿੰਘ ਗਾਲਿਬ ਨੇ ਅਕਾਲੀ ਦਲ ਦੇ ਅਮਰੀਕ ਸਿੰਘ ਆਲੀਵਾਲ ਨੂੰ ਹਰਾਇਆ। 2004 ਵਿਚ ਅਕਾਲੀ ਦਲ ਦੇ ਸ਼ਰਨਜੀਤ ਸਿੰਘ ਢਿੱਲੋਂ ਨੇ ਕਾਂਗਰਸ ਦੇ ਮਨੀਸ਼ ਤਿਵਾੜੀ ਨੂੰ ਹਰਾਇਆ। 2009 ਵਿਚ ਮਨੀਸ਼ ਤਿਵਾੜੀ ਨੇ ਅਕਾਲੀ ਦਲ ਦੇ ਗੁਰਚਰਨ ਸਿੰਘ ਗਾਲਿਬ ਨੂੰ ਹਰਾਇਆ। 2014 ਵਿਚ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ ਆਮ ਆਦਮੀ ਪਾਰਟੀ ਦੇ ਹਰਵਿੰਦਰ ਸਿੰਘ ਫੂਲਕਾ ਨੂੰ ਹਰਾਇਆ। 2019 ਮੁੜ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਜੇਤੂ ਰਹੇ।

ਮੁਕਾਬਲੇ ਮਗਰੋਂ ਪੁਲਿਸ ਵੱਲੋਂ ਦੋ ਗੈਂਗਸਟਰ ਗ੍ਰਿਫ਼ਤਾਰ

ਫਰੀਦਕੋਟ: ਫਰੀਦਕੋਟ ਪੁਲਿਸ ਨੇ ਇਥੇ ਇਕ ਮੁਕਾਬਲੇ ਤੋਂ ਬਾਅਦ ਦੋ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਜਾਣਕਾਰੀ ਅਨੁਸਾਰ ਵਿਮਲਪ੍ਰੀਤ ਸਿੰਘ ਅਤੇ ਆਸ਼ੂ ਕੁਮਾਰ ਨੇ ਫਰੀਦਕੋਟ ਦੇ ਇਕ ਐਕਸੀਅਨ ਤੋਂ ਕਥਿਤ ਤੌਰ 'ਤੇ ਫਿਰੌਤੀ ਮੰਗੀ ਸੀ ਅਤੇ ਫਿਰੌਤੀ ਨਾ ਦੇਣ ਦੀ ਸੂਰਤ ਵਿਚ ਉਸ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਇਹ ਦੋਵੇਂ ਗੈਂਗਸਟਰ ਫਿਰੌਤੀ ਲੈਣ ਲਈ ਫਰੀਦਕੋਟ ਆਏ ਸਨ।

ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਗੈਂਗਸਟਰਾਂ ਦਾ ਪਿੱਛਾ ਕੀਤਾ। ਗੈਂਗਸਟਰਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਦੀ ਟੀਮ ਉੱਪਰ ਗੋਲੀਆਂ ਚਲਾਈਆਂ। ਜਵਾਬੀ ਕਾਰਵਾਈ ਵਿਚ ਦੋਵੇਂ ਗੈਂਗਸਟਰ ਮਚਾਕੀ ਮੱਲ ਸਿੰਘ ਰੋਡ ਫਰੀਦਕੋਟ ਦੀਆਂ ਨਹਿਰਾਂ ਨਜ਼ਦੀਕ ਜ਼ਖ਼ਮੀ ਹੋ ਗਏ। ਸੂਚਨਾ ਅਨੁਸਾਰ ਦੋਵੇਂ ਗੈਂਗਸਟਰ ਜਲੰਧਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ ਤੇ ਪਿਛਲੇ ਕੁਝ ਸਮੇਂ ਤੋਂ ਟੀਚਰ ਕਲੋਨੀ ਵਿਚ ਆਪਣੀ ਪਛਾਣ ਛੁਪਾ ਕੇ ਰਹਿ ਰਹੇ ਸਨ। ਪੁਲਿਸ ਨੇ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਇਰਾਦਾ ਕਤਲ ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਦੋਵੇਂ ਗੈਂਗਸਟਰ ਗੁਰੂ ਗੋਬਿੰਦ ਸਿੰਘ ਮੈਡੀਕਲ ਤੇ ਹਸਪਤਾਲ ਵਿਚ ਇਲਾਜ ਅਧੀਨ ਹਨ। ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਹਰਬੰਸ ਸਿੰਘ ਨੇ ਕਿਹਾ ਕਿ ਹਿਰਾਸਤ ਵਿਚ ਲਏ ਗਏ ਗੈਂਗਸਟਰਾਂ ਖ਼ਿਲਾਫ਼ ਪੰਜਾਬ ਵਿਚ ਹੋਰ ਵੀ ਅਪਰਾਧਿਕ ਗਤੀਵਿਧੀਆਂ ਦੇ ਮਾਮਲੇ ਦਰਜ ਹਨ। ਉਨ੍ਹਾਂ ਕਿਹਾ ਕਿ ਇਲਾਜ ਤੋਂ ਬਾਅਦ ਇਨ੍ਹਾਂ ਤੋਂ ਪੁੱਛ-ਪੜਤਾਲ ਕੀਤੀ ਜਾਵੇਗੀ।

ਪੰਜਾਬ ਸਰਕਾਰ ਨਿਰਵਿਘਨ ਬਿਜਲੀ ਸਪਲਾਈ ਦੇਣ 'ਚ ਨਾਕਾਮ: ਬਾਜਵਾ

ਚੰਡੀਗੜ੍ਹ: ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ 'ਚ ਅਸਫਲ ਰਹਿਣ 'ਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਹੈ। ਬਾਜਵਾ ਨੇ ਕਿਹਾ ਕਿ ਸੂਬੇ ਦੇ ਖਪਤਕਾਰਾਂ ਨੂੰ ਗਰਮੀ ਦੇ ਮੌਸਮ ਵਿਚ ਖਾਸ ਕਰਕੇ ਝੋਨੇ ਦੀ ਲੁਆਈ ਦੇ ਸੀਜ਼ਨ 'ਚ ਲੰਮੇ ਬਿਜਲੀ ਕੱਟਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸਾਲ ਜਨਵਰੀ ਵਿਚ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ 1080 ਕਰੋੜ ਰੁਪਏ 'ਚ ਖਰੀਦਣ ਦਾ ਦਾਅਵਾ ਕੀਤਾ ਸੀ। ਇਸ ਲਈ ਮੁੱਖ ਮੰਤਰੀ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਕਿ ਉਹ ਸੂਬੇ ਵਿਚ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਵਿਚ ਅਸਫਲ ਕਿਉਂ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ 'ਆਪ' ਦੇ ਦੋ ਸਾਲਾਂ ਦੇ ਸ਼ਾਸਨ ਨੂੰ ਦੇਖਿਆ ਹੈ। ਇਹ ਵੱਡੇ-ਵੱਡੇ ਦਾਅਵਿਆਂ ਨਾਲ ਲੋਕਾਂ ਨੂੰ ਮੂਰਖ ਬਣਾ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਹੀ।

ਅਕਾਲੀ ਦਲ ਪੰਜਾਬ ਤੇ ਪੰਥ ਦੇ ਹਿੱਤਾਂ ਲਈ ਲੜਿਆ: ਪੀਰ ਮੁਹੰਮਦ

ਚਮਕੌਰ ਸਾਹਿਬ: ਅਕਾਲੀ ਦਲ ਦੇ ਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਅਕਾਲੀ ਦਲ ਪੰਥਕ ਅਤੇ ਕਿਸਾਨੀ ਮੁੱਦਿਆਂ ਉਤੇ ਕਿਸੇ ਵੀ ਕੀਮਤ ਉੱਤੇ ਸਮਝੌਤਾ ਨਹੀਂ ਕਰ ਸਕਦਾ। ਉਹ ਗੁਰਦੁਆਰਾ ਸ੍ਰੀ ਜੋਤਗੜ੍ਹ ਸਾਹਿਬ ਵਿਚ ਨਤਮਸਤਕ ਹੋਣ ਆਏ ਸਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਦਲਾਅ ਦੇ ਨਾਂ 'ਤੇ ਪੰਜਾਬ ਨੂੰ ਬਰਬਾਦੀ ਦੀ ਕਗਾਰ 'ਤੇ ਖੜ੍ਹਾ ਕਰ ਦਿੱਤਾ ਹੈ। ਭਗਵੰਤ ਮਾਨ ਦੀ ਗ਼ੈਰ-ਸੰਜੀਦਗੀ ਨੇ ਨਸ਼ਿਆਂ ਵਿਚ ਵਾਧਾ ਅਤੇ ਗੈਂਗਸਟਰਾਂ ਵੱਲੋਂ ਫ਼ਰੌਤੀਆਂ ਮੰਗਣ ਕਾਰਨ ਆਮ ਆਦਮੀ ਅਸੁਰੱਖਿਅਤ ਮਹਿਸੂਸ ਕਰ ਰਿਹਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਅਸੂਲਾਂ 'ਤੇ ਪਹਿਰਾ ਦਿੰਦਿਆਂ ਭਾਜਪਾ ਤੋਂ ਨਾਤਾ ਤੋੜ ਕੇ ਪੰਜਾਬ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿਛਲੇ ਸਾਰੇ ਮੱਤਭੇਦ ਭੁਲਾ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੰਭਲਾ ਮਾਰਨ।

ਆਪ ਲਈ ਵਕਾਰ ਦਾ ਸਵਾਲ ਬਣੀਆਂ ਜਲੰਧਰ ਤੇ ਸੰਗਰੂਰ ਲੋਕ ਸਭਾ ਸੀਟਾਂ

ਜਲੰਧਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲੰਧਰ ਅਤੇ ਸੰਗਰੂਰ ਦੀਆਂ ਲੋਕ ਸਭਾ ਸੀਟਾਂ ਨੂੰ ਆਪਣੇ ਵਕਾਰ ਦਾ ਸਵਾਲ ਬਣਾ ਲਿਆ ਹੈ। ਉਨ੍ਹਾਂ ਜਲੰਧਰ ਲੋਕ ਸਭਾ ਹਲਕੇ ਵਿਚ ਆਉਂਦੇ ਵਿਧਾਇਕਾਂ ਅਤੇ ਪਾਰਟੀ ਦੇ ਹੋਰ ਅਹੁਦੇਦਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਹਿਲਾਂ ਸੰਗਰੂਰ ਲੋਕ ਸਭਾ ਹਲਕਾ ਆਮ ਆਦਮੀ ਪਾਰਟੀ ਦਾ ਗੜ੍ਹ ਹੁੰਦਾ ਸੀ ਪਰ ਹੁਣ ਜਲੰਧਰ ਵੀ ਸੰਗਰੂਰ ਸੀਟ ਵਾਂਗ ਹੀ ਬਣ ਗਿਆ ਹੈ।

ਹੁਣ ਦੋਵੇਂ ਸੀਟਾਂ ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਦੋਵਾਂ 'ਤੇ ਸਾਡਾ ਖ਼ਾਸ ਧਿਆਨ ਹੈ ਅਤੇ ਇਨ੍ਹਾਂ ਸੀਟਾਂ ਨੂੰ ਕਿਸੇ ਵੀ ਕੀਮਤ 'ਤੇ ਜਿੱਤਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਪਹਿਲੀ ਤਰਜੀਹ ਜਲੰਧਰ ਸੀਟ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਜਿੱਤਣਾ ਹੈ। ਇਸ ਲਈ ਸਮੂਹਿਕ ਕੋਸ਼ਿਸ਼ਾਂ ਬਹੁਤ ਜ਼ਰੂਰੀ ਹਨ। ਭਗਵੰਤ ਮਾਨ ਨੇ ਕਿਹਾ ਕਿ ਪਾਰਟੀ ਆਪਣੀ ਜਿੱਤੀ ਹੋਈ ਸੀਟ ਨੂੰ ਕਿਸੇ ਵੀ ਕੀਮਤ 'ਤੇ ਵਾਪਸ ਜਿੱਤਣਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਜਲੰਧਰ ਵਿਚ ਪਾਰਟੀ ਵਿਧਾਇਕਾਂ ਅਤੇ ਅਹੁਦੇਦਾਰਾਂ ਨਾਲ ਮੀਟਿੰਗ ਦੌਰਾਨ ਚੋਣ ਰਣਨੀਤੀ 'ਤੇ ਚਰਚਾ ਕੀਤੀ। ਭਗਵੰਤ ਮਾਨ ਨੇ ਪਾਰਟੀ ਵਿਧਾਇਕਾਂ, ਆਗੂਆਂ ਅਤੇ ਅਹੁਦੇਦਾਰਾਂ ਨੂੰ ਕਿਹਾ ਕਿ ਉਹ 'ਆਪ' ਸਰਕਾਰ ਦੇ ਦੋ ਸਾਲਾਂ ਦੇ ਲੋਕ ਪੱਖੀ ਕੰਮਾਂ ਅਤੇ ਫੈਸਲਿਆਂ ਬਾਰੇ ਲੋਕਾਂ ਨੂੰ ਦੱਸਣ ਅਤੇ ਉਨ੍ਹਾਂ ਦਾ ਪ੍ਰਚਾਰ ਕਰਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਸਿਰਫ਼ ਦੋ ਸਾਲਾਂ ਵਿੱਚ ਏਨਾ ਕੰਮ ਕੀਤਾ ਹੈ ਜੋ ਪਿਛਲੀਆਂ ਸਰਕਾਰਾਂ ਨੇ ਸੱਤਰ ਸਾਲਾਂ ਵਿਚ ਨਹੀਂ ਕੀਤਾ। 'ਆਪ' ਦੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਦੇ ਪਾਰਟੀ ਛੱਡਣ 'ਤੇ ਭਗਵੰਤ ਮਾਨ ਨੇ ਕਿਹਾ ਕਿ ਪਾਰਟੀ ਵਰਕਰਾਂ ਨੂੰ ਉਨ੍ਹਾਂ ਵੱਲ ਧਿਆਨ ਦੇਣ ਦੀ ਕੋਈ ਲੋੜ ਨਹੀਂ ਹੈ। ਰਿੰਕੂ ਤੇ ਅੰਗੁਰਾਲ ਨੇ ਪਾਰਟੀ ਨੂੰ ਧੋਖਾ ਦਿੱਤਾ ਹੈ ਅਤੇ ਇਸ ਦਾ ਜਵਾਬ ਲੋਕ ਚੋਣਾਂ ਵਿਚ 'ਆਪ' ਨੂੰ ਵੋਟਾਂ ਪਾ ਕੇ ਦੇਣਗੇ।

ਸੰਤ ਸੀਚੇਵਾਲ ਦੇ ਯਤਨਾਂ ਸਦਕਾ ਮੋਰੱਕੋ ’ਚ ਫਸੇ ਨੌਜਵਾਨ ਦੀ ਘਰ ਵਾਪਸੀ

ਜਲੰਧਰ: ਪਿਛਲੇ 10 ਮਹੀਨਿਆਂ ਤੋਂ ਮੋਰੱਕੋ ਵਿਚ ਫਸੇ ਨੌਜਵਾਨ ਅਰਸ਼ਦੀਪ ਸਿੰਘ (22) ਦੀ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਘਰ ਵਾਪਸੀ ਹੋ ਗਈ ਹੈ। ਮੁਰੀਦਵਾਲ ਵਾਸੀ ਨਿਰਮਲ ਸਿੰਘ ਨੇ ਆਪਣੇ ਬਾਰ੍ਹਵੀਂ ਪਾਸ ਪੁੱਤਰ ਅਰਸ਼ਦੀਪ ਨੂੰ ਸਪੇਨ ਭੇਜਣ ਲਈ ਰਿਸ਼ਤੇਦਾਰਾਂ ਤੇ ਹੋਰ ਸਕੇ ਸਬੰਧੀਆਂ ਕੋਲੋਂ 13 ਲੱਖ ਰੁਪਏ ਇਕੱਠੇ ਕਰਕੇ ਪਿੰਡ ਪੰਮਣਾ ਵਾਸੀ ਟਰੈਵਲ ਏਜੰਟ ਨੂੰ ਦਿੱਤੇ ਸਨ।

ਅਰਸ਼ਦੀਪ ਨੇ ਦੱਸਿਆ ਕਿ ਉਹ ਜੂਨ 2023 ਨੂੰ ਜੈਪੁਰ ਤੋਂ ਸਪੇਨ ਲਈ ਜਹਾਜ਼ ਚੜ੍ਹਿਆ ਸੀ ਪਰ ਟਰੈਵਲ ਏਜੰਟ ਨੇ ਉਨ੍ਹਾਂ ਨੂੰ ਮੋਰੱਕੋ ਵਿਚ ਲਿਜਾ ਕੇ ਫਸਾ ਦਿੱਤਾ। ਉਸ ਨੇ ਦੱਸਿਆ ਕਿ ਉਨ੍ਹਾਂ ਕੋਲ ਜਿਹੜੇ ਪੈਸੇ ਸੀ ਉਹ ਹੋਟਲ ਦੇ ਕਿਰਾਏ ਅਤੇ ਖਾਣੇ ‘ਤੇ ਖਰਚੇ ਗਏ। ਉਹ ਆਪਣੇ ਘਰ ਤੋਂ ਹਰ ਹਫ਼ਤੇ 15 ਤੋਂ 20 ਹਜ਼ਾਰ ਰੁਪਏ ਮੰਗਵਾ ਕੇ ਗੁਜ਼ਾਰਾ ਕਰ ਰਿਹਾ ਸੀ। ਟਰੈਵਲ ਏਜੰਟ ਉਨ੍ਹਾਂ ਨੂੰ ਰੋਜ਼ਾਨਾ ਹੀ ਸਪੇਨ ਭੇਜਣ ਦੇ ਲਾਰੇ ਲਾਉਂਦਾ ਰਿਹਾ। 10 ਮਹੀਨਿਆਂ ਦਾ ਹੋਟਲ ਦਾ ਖਰਚਾ ਹੀ ਉਨ੍ਹਾਂ ਦਾ 7 ਲੱਖ ਦੇ ਕਰੀਬ ਬਣ ਚੁੱਕਿਆ ਸੀ। ਅਰਸ਼ਦੀਪ ਨੇ ਦੱਸਿਆ ਕਿ ਉਸ ਨਾਲ ਹੋਰ ਮੁੰਡੇ ਵੀ ਸਨ ਜਿਨ੍ਹਾਂ ਫੇਸਬੁੱਕ ਰਾਹੀਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ ਅਤੇ ਆਪਣੀ ਹੱਡਬੀਤੀ ਸੁਣਾਈ। ਮਗਰੋਂ ਉਸ ਦੇ ਪਿਤਾ ਨਿਰਮਲ ਸਿੰਘ ਪਿੰਡ ਦੇ ਹੋਰ ਮੋਹਤਬਰਾਂ ਨੂੰ ਨਾਲ ਲੈ ਕੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਚ 19 ਮਾਰਚ ਨੂੰ ਸੰਤ ਸੀਚੇਵਾਲ ਨੂੰ ਮਿਲੇ ਸਨ। ਸੀਚੇਵਾਲ ਵੱਲੋਂ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕਿ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਗਿਆ। ਮੋਰੱਕੋ ਵਿਚਲੀ ਭਾਰਤੀ ਅੰਬੈਸੀ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀ ਘਰ ਵਾਪਸੀ ਯਕੀਨੀ ਬਣਾਈ। ਪੀੜਤ ਪਰਿਵਾਰ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾ 10 ਹੋਰ ਪੰਜਾਬੀਆਂ ਦੀ ਵੀ ਘਰ ਵਾਪਸੀ ਹੋਈ ਹੈ।

ਵਿਦੇਸ਼ ਮੰਤਰਾਲੇ ਨੂੰ ਦੁਬਈ ਜੇਲ੍ਹ ’ਚ ਫਸੇ ਨੌਜਵਾਨ ਨੂੰ ਛੁਡਾਉਣ ਲਈ ਅਪੀਲ

ਕਾਹਨੂੰਵਾਨ: ਦੁਬਈ ਜੇਲ੍ਹ ਵਿਚ ਬੰਦ ਪਿੰਡ ਮੁੱਲਾਂਵਾਲ ਦੇ ਨੌਜਵਾਨ ਨੂੰ ਛੁਡਵਾਉਣ ਲਈ ਪਰਿਵਾਰ ਵੱਲੋਂ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਜਾ ਰਹੀ ਹੈ। ਇਸ ਸਬੰਧੀ ਪੀੜਤ ਨੌਜਵਾਨ ਦੀ ਮਾਤਾ ਜੋਗਿੰਦਰ ਕੌਰ ਵਾਸੀ ਮੁੱਲਾਂਵਾਲ ਨੇ ਦੱਸਿਆ ਕਿ ਉਸ ਦੇ ਪੁੱਤਰ ਅਮਰੀਕ ਸਿੰਘ (37) ਨੂੰ ਟਰੈਵਲ ਏਜੰਟ ਸੁਖਦੇਵ ਸਿੰਘ ਵਾਸੀ ਬਸੋਆ ਅਤੇ ਬਲਕਾਰ ਸਿੰਘ ਵਾਸੀ ਬੇਗੋਵਾਲ ਨੇ ਸਪੇਨ ਭੇਜਣ ਲਈ ਪਹਿਲੀ ਜਨਵਰੀ ਨੂੰ ਦੁਬਈ ਲਈ ਰਵਾਨਾ ਕੀਤਾ ਸੀ।

ਟਰੈਵਲ ਏਜੰਟਾਂ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਦੁਬਈ ਜਾ ਕੇ ਅਮਰੀਕ ਸਿੰਘ ਦਾ ਸਪੇਨ ਲਈ ਵੀਜ਼ਾ ਲਗਵਾ ਕੇ ਦਿੱਤਾ ਜਾਵੇਗਾ। ਟਰੈਵਲ ਏਜੰਟਾਂ ਨੇ ਦੁਬਈ ਜਾ ਕੇ ਉਸ ਦੇ ਪਾਸਪੋਰਟ ਉੱਤੇ ਜਾਅਲੀ ਵੀਜ਼ਾ ਲਗਵਾ ਦਿੱਤਾ। ਇਸ ਦੌਰਾਨ ਦੁਬਈ ਪੁਲਿਸ ਵੱਲੋਂ 12 ਫਰਵਰੀ ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਨੂੰ ਝੂਠੇ ਵੀਜ਼ੇ ਸਬੰਧੀ ਕੇਸ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ ਹੈ ਜਦੋਂ ਕਿ ਉਨ੍ਹਾਂ ਦੇ ਪੁੱਤਰ ਨੂੰ ਪਾਸਪੋਰਟ ਉੱਤੇ ਲੱਗੇ ਝੂਠੇ ਵੀਜ਼ੇ ਬਾਰੇ ਕੁੱਝ ਵੀ ਪਤਾ ਨਹੀਂ ਸੀ। ਇਸ ਕਾਰਨ ਉਹ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਨਿਰਦੋਸ਼ ਹੈ। ਅਮਰੀਕ ਸਿੰਘ ਦੀ ਮਾਤਾ ਜੋਗਿੰਦਰ ਕੌਰ, ਪਤਨੀ ਕੁਲਵਿੰਦਰ ਕੌਰ ਅਤੇ ਪੁੱਤਰ ਗੁਰਸ਼ਰਨਜੀਤ ਸਿੰਘ ਤੇ ਜਸਨਪ੍ਰੀਤ ਸਿੰਘ ਬਹੁਤ ਸਦਮੇ ਵਿਚ ਹਨ। ਉਨ੍ਹਾਂ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਯੂ.ਏ.ਈ. ਸਥਿਤ ਭਾਰਤੀ ਸਫ਼ਾਰਤਖ਼ਾਨੇ ਨਾਲ ਰਾਬਤਾ ਕਰ ਕੇ ਅਮਰੀਕ ਸਿੰਘ ਨੂੰ ਝੂਠੇ ਕੇਸ ਤੋਂ ਬਚਾ ਕੇ ਦੁਬਈ ਤੋਂ ਵਾਪਸ ਘਰ ਲਿਆਂਦਾ ਜਾਵੇ।

ਵਿਰੋਧੀਆਂ ਨੂੰ ਚੁੱਪ ਕਰਾਉਣ ਲਈ ਈ.ਡੀ. ਦੀ ਵਰਤੋਂ ਕੀਤੀ ਜਾ ਰਹੀ: ਮਾਨ

ਚੰਡੀਗੜ੍ਹ: ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਵਿਚ ਹੋਰ ਮਜ਼ਬੂਤ ਹੋ ਕੇ ਉਭਰੇਗੀ। ਇਹ ਦਾਅਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਇੰਟਰਵਿਊ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਜਨਤਾ ਵਿਕਾਸ ਨੂੰ ਨੇੜਿਓਂ ਦੇਖ ਰਹੀ ਹੈ ਅਤੇ ਜਦੋਂ 4 ਜੂਨ ਨੂੰ ਨਤੀਜੇ ਆਉਣਗੇ ਤਾਂ ਨਵਾਂ ਅਧਿਆਏ ਲਿਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਚਿੰਤਾ ਦੀ ਗੱਲ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੋਧੀ ਧਿਰ ਨੂੰ ਚੁੱਪ ਕਰਾਉਣ ਲਈ ਈਡੀ ਨੂੰ ਹਥਿਆਰ ਵਜੋਂ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ, ਪੱਛਮੀ ਬੰਗਾਲ, ਕੇਰਲ ਅਤੇ ਤਾਮਿਲਨਾਡੂ ਵਿਚ ਸਰਕਾਰਾਂ ਦੇ ਕੰਮ ਵਿਚ ਅੜਿੱਕੇ ਡਾਹ ਰਹੀ ਹੈ ਕਿਉਂਕਿ ਉਥੇ ਭਾਜਪਾ ਸਰਕਾਰਾਂ ਨਹੀਂ ਹਨ। ਸੁਪਰੀਮ ਕੋਰਟ ਦੇ ਹਾਲ ਹੀ ਵਿਚ ਆਏ ਹੁਕਮਾਂ ਤੋਂ ਖੁਲਾਸਾ ਹੋਇਆ ਹੈ ਕਿ ਭਾਜਪਾ ਚੋਣ ਬਾਂਡ ਰਾਹੀਂ ਕੰਪਨੀਆਂ ਤੋਂ ਪੈਸਾ ਇਕੱਠਾ ਕਰਨ ਲਈ ਕੇਂਦਰੀ ਏਜੰਸੀਆਂ ਦੀ ਵਰਤੋਂ ਕਰ ਰਹੀ ਹੈ।

ਸ੍ਰੀ ਆਨੰਦਪੁਰ ਸਾਹਿਬ ’ਚ ਕਾਂਗਰਸ ਦੀ ਸਰਗਰਮੀ ਠੰਢੀ

ਚੰਡੀਗੜ੍ਹ: ਕਾਂਗਰਸ ਪਾਰਟੀ ਵੱਲੋਂ ਪੰਜਾਬ ਵਿਚ ਪਹਿਲੀ ਜੂਨ ਨੂੰ ਹੋਣ ਵਾਲੀਆਂ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਨਾ ਕੀਤੇ ਜਾਣ ਕਾਰਨ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਵਿਚ ਪਾਰਟੀ ਦੀਆਂ ਸਰਗਰਮੀਆਂ ਨਾ ਦੇ ਬਰਾਬਰ ਹਨ। ਪਾਰਟੀ ਵਰਕਰ ਅਤੇ ਟਿਕਟਾਂ ਦੇ ਚਾਹਵਾਨ ਲੀਡਰ ਉਮੀਦਵਾਰਾਂ ਦੇ ਐਲਾਨ ਸਬੰਧੀ ਦਿੱਲੀ ਵੱਲ ਵੇਖ ਰਹੇ ਹਨ।

ਕਾਂਗਰਸ ਦੇ ਮੌਜੂਦਾ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਵੱਲੋਂ ਹੀ ਇੱਥੋਂ ਦੂਜੀ ਵੇਰ ਚੋਣ ਲੜਨ ਦੀ ਸੰਭਾਵਨਾ ਸਭ ਤੋਂ ਵੱਧ ਹੈ ਹਾਲਾਂ ਕਿ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ, ਸਾਬਕਾ ਕਾਂਗਰਸੀ ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਸਾਬਕਾ ਕਾਂਗਰਸੀ ਵਿਧਾਇਕ ਅੰਗਦ ਸਿੰਘ ਸੈਣੀ ਦੇ ਨਾਮ ਵੀ ਪਾਰਟੀ ਵੱਲੋਂ ਕਰਾਏ ਗਏ ਸਰਵੇ ਵਿਚ ਸ਼ਾਮਲ ਹਨ। ਪਹਿਲਾਂ ਇਹ ਕਿਆਸ ਲਗਾਇਆ ਜਾ ਰਿਹਾ ਸੀ ਕਿ ਸ੍ਰੀ ਤਿਵਾੜੀ ਚੰਡੀਗੜ੍ਹ ਜਾਂ ਲੁਧਿਆਣਾ ਤੋਂ ਵੀ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾ ਸਕਦੇ ਹਨ ਪਰ ਤਿਵਾੜੀ ਦੇ ਨਜ਼ਦੀਕੀਆਂ ਦਾ ਕਹਿਣਾ ਹੈ ਕਿ ਉਹ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਹੀ ਉਮੀਦਵਾਰ ਹੋਣਗੇ।

ਉਂਜ ਪਿਛਲੇ ਦਿਨੀਂ ਮੀਡੀਆ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਬਿਆਨ ਵੀ ਛਪਿਆ ਹੈ ਜਿਸ ਵਿਚ ਰਾਣਾ ਗੁਰਜੀਤ ਸਿੰਘ ਨੂੰ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਉਣ ਬਾਰੇ ਕਿਹਾ ਗਿਆ ਸੀ। ਰਾਣਾ ਗੁਰਜੀਤ ਦੇ ਪਰਿਵਾਰਕ ਮੈਂਬਰਾਂ ਵੱਲੋਂ ਵੀ ਸ੍ਰੀ ਆਨੰਦਪੁਰ ਸਾਹਿਬ ਹਲਕੇ ਦੇ ਆਪਣੇ ਸਬੰਧੀਆਂ ਨੂੰ ਮੋਬਾਈਲ ‘ਤੇ ਤਿਆਰ ਰਹਿਣ ਲਈ ਵੀ ਆਖਿਆ ਜਾ ਰਿਹਾ ਹੈ। ਉਧਰ, ਮਨੀਸ਼ ਤਿਵਾੜੀ ਉਨ੍ਹਾਂ ਛੇ ਲੋਕ ਸਭਾ ਮੈਂਬਰਾਂ ਵਿਚ ਵੀ ਸ਼ਾਮਲ ਸਨ, ਜਿਨ੍ਹਾਂ ਨੇ ਪਾਰਟੀ ਆਗੂ ਸ੍ਰੀਮਤੀ ਸੋਨੀਆ ਗਾਂਧੀ ਨਾਲ ਮੁਲਾਕਾਤ ਕਰਕੇ ਉਮੀਦਵਾਰਾਂ ਦਾ ਜਲਦੀ ਐਲਾਨ ਕੀਤੇ ਜਾਣ ਦੀ ਮੰਗ ਕੀਤੀ ਹੈ। ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਦੇ ਕਾਂਗਰਸੀ ਵਰਕਰ ਟਿਕਟਾਂ ਦੇ ਐਲਾਨ ਨਾ ਹੋਣ ਕਾਰਨ ਨਿਰਾਸ਼ ਵੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਚੋਣ ਪ੍ਰਚਾਰ ਲਈ ਇਹ ਦਿਨ ਪੂਰੀ ਤਰ੍ਹਾਂ ਵਿਹਲ ਦੇ ਦਿਨ ਸਨ, ਅਗਲੇ ਹਫ਼ਤੇ ਦੌਰਾਨ ਕਣਕ ਦੀ ਵਾਢੀ ਦਾ ਕੰਮ ਆਰੰਭ ਹੋਣ ਨਾਲ ਪਿੰਡਾਂ ਵਿਚ ਪ੍ਰਚਾਰ ਲਈ ਦਿੱਕਤਾਂ ਆਉਣਗੀਆਂ।

ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਹੁਣ ਤੱਕ ਆਮ ਆਦਮੀ ਪਾਰਟੀ ਵੱਲੋਂ ਮਾਲਵਿੰਦਰ ਸਿੰਘ ਕੰਗ ਅਤੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਕੁਸ਼ਲਪਾਲ ਸਿੰਘ ਮਾਨ ਨੂੰ ਹੀ ਉਮੀਦਵਾਰ ਐਲਾਨਿਆ ਗਿਆ ਹੈ। ਉਧਰ, ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਡਾ. ਦਲਜੀਤ ਸਿੰਘ ਚੀਮਾ ਵੱਲੋਂ ਕਾਫ਼ੀ ਸਮਾਂ ਪਹਿਲਾਂ ਹੀ ਮੀਟਿੰਗਾਂ ਦਾ ਸਿਲਸਿਲਾ ਆਰੰਭਿਆ ਹੋਇਆ ਹੈ ਪਰ ਟਿਕਟ ਦਾ ਐਲਾਨ ਹੋਣਾ ਬਾਕੀ ਹੈ। ਬਸਪਾ ਅਤੇ ਭਾਜਪਾ ਵੱਲੋਂ ਵੀ ਇੱਥੇ ਕੋਈ ਉਮੀਦਵਾਰ ਨਹੀਂ ਐਲਾਨਿਆ ਗਿਆ।

ਨਸ਼ਿਆਂ ਦੀ ਸਪਲਾਈ ਚੇਨ ਤੋੜਨ ਤੇ ਡਰੋਨ ਅਪਰੇਸ਼ਨ ਨੂੰ ਠੱਲ੍ਹਣ ਲਈ ਘੜੀ ਰਣਨੀਤੀ

ਜਲੰਧਰ: ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਿਸ ਦੇ ਸਪੈਸ਼ਲ ਡਾਇਰੈਕਟਰ ਜਨਰਲ (ਕਾਨੂੰਨ ਅਤੇ ਵਿਵਸਥਾ) ਅਰਪਿਤ ਸ਼ੁਕਲਾ ਨੇ ਸੀਮਾ ਸੁਰੱਖਿਆ ਬਲ ਨਾਲ ਰਣਨੀਤੀ ਤਿਆਰ ਕੀਤੀ ਤਾਂ ਜੋ ਸੁਰੱਖਿਆ ਦੀ ਦੂਜੀ ਕਤਾਰ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ ਅਤੇ ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਦੀ ਲੜੀ ਨੂੰ ਠੱਲ੍ਹਿਆ ਜਾ ਸਕੇ।

ਸਪੈਸ਼ਲ ਡੀ.ਜੀ.ਪੀ. ਦੇ ਨਾਲ ਆਈ.ਜੀ. ਫਰੰਟੀਅਰ ਹੈੱਡਕੁਆਰਟਰ, ਬੀ.ਐਸ.ਐਫ. ਜਲੰਧਰ ਡਾ. ਅਤੁਲ ਫੁਲਜ਼ੇਲੇ ਨੇ ਸਰਹੱਦ ਉਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅਤੇ ਲੋਕ ਸਭਾ ਚੋਣਾਂ ਨਾਲ ਸਬੰਧਤ ਮੁੱਦਿਆਂ ‘ਤੇ ਚਰਚਾ ਕਰਨ ਲਈ ਪੰਜਾਬ ਪੁਲਿਸ, ਬੀ.ਐਸ.ਐਫ, ਸੀ.ਆਰ.ਪੀ.ਐਫ, ਆਈ.ਟੀ.ਬੀ.ਪੀ, ਨਾਰਕੋਟਿਕਸ ਕੰਟਰੋਲ ਬਿਊਰੋ (ਐਨ.ਸੀ.ਬੀ) ਅਤੇ ਹੋਰ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨਾਲ ਸਾਂਝੀ ਤਾਲਮੇਲ ਮੀਟਿੰਗ ਕੀਤੀ। ਮੀਟਿੰਗ ਵਿਚ ਜ਼ੋਨਲ ਡਾਇਰੈਕਟਰ ਐਨ.ਸੀ.ਬੀ, ਏ.ਡੀ.ਜੀ.ਪੀ ਸਟੇਟ ਆਰਮਡ ਪੁਲਿਸ (ਐਸ.ਏ.ਪੀ.) ਐਮ.ਐਫ. ਫਾਰੂਕੀ, ਡੀ.ਆਈ.ਜੀ. ਬਾਰਡਰ ਰੇਂਜ ਰਾਕੇਸ਼ ਕੌਸ਼ਲ ਅਤੇ ਡੀ.ਆਈ.ਜੀ. ਫਿਰੋਜ਼ਪੁਰ ਰੇਂਜ ਰਣਜੀਤ ਸਿੰਘ ਢਿੱਲੋਂ ਵੀ ਹਾਜ਼ਰ ਸਨ।

ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਦਰਮਿਆਨ ਵਧੇਰੇ ਤਾਲਮੇਲ ਅਤੇ ਇੱਕਜੁਟਤਾ ਦਾ ਸੱਦਾ ਦਿੰਦੇ ਹੋਏ ਸ੍ਰੀ ਸ਼ੁਕਲਾ ਨੇ ਸਰਹੱਦੀ ਰਾਜ ਵਿਚ ਪਾਰਦਰਸ਼ੀ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਦੋਵਾਂ ਫੋਰਸਾਂ ਨੂੰ ਇਕ ਟੀਮ ਵਜੋਂ ਕੰਮ ਕਰਨ ਲਈ ਕਿਹਾ। ਸਪੈਸ਼ਲ ਡੀ.ਜੀ.ਪੀ. ਨੇ ਬੀ.ਐਸ.ਐਫ. ਨੂੰ ਪੰਜਾਬ ਦੀਆਂ ਸਰਹੱਦਾਂ ‘ਤੇ ਡਰੋਨ ਅਪਰੇਸ਼ਨਾਂ, ਜੋ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਲਈ ਵਰਤੇ ਜਾਂਦੇ ਹਨ, ਦਾ ਮੁਕਾਬਲਾ ਕਰਨ ਲਈ ਡਰੋਨ ਡੀਟੈਕਸ਼ਨ ਤਕਨਾਲੋਜੀ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ।

ਵਿੱਤੀ ਘਾਟੇ ਨਾਲ ਜੂਝ ਰਹੀਆਂ 26 ਮਾਰਕਿਟ ਕਮੇਟੀਆਂ ਦਾ ਹੋਵੇਗਾ ਰਲੇਵਾਂ

ਚੰਡੀਗੜ੍ਹ: ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਵਿਚ ਤਕਰੀਬਨ 26 ਮਾਰਕੀਟ ਕਮੇਟੀਆਂ ਦੀ ਸ਼ਨਾਖ਼ਤ ਕੀਤੀ ਗਈ ਹੈ ਜਿਨ੍ਹਾਂ ਦੀ ਵਿੱਤੀ ਤੌਰ ‘ਤੇ ਖਸਤਾ ਹਾਲਤ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ 19 ਫਰਵਰੀ ਨੂੰ ‘ਬੋਰਡ ਆਫ ਡਾਇਰੈਕਟਰਜ਼‘ ਦੀ ਮੀਟਿੰਗ ਵਿਚ ਉਕਤ ਮਾਰਕੀਟ ਕਮੇਟੀਆਂ ਨੂੰ ਮਰਜ਼ ਕਰਨ ਦੀ ਤਜਵੀਜ਼ ਦੇਣ ਦੇ ਹੁਕਮ ਦਿੱਤੇ ਸਨ।

ਇਸ ਫੈਸਲੇ ਮਗਰੋਂ ਮੰਡੀ ਬੋਰਡ ਨੇ ਦਸ ਜ਼ਿਲ੍ਹਿਆਂ ਦੀਆਂ 26 ਮਾਰਕੀਟ ਕਮੇਟੀਆਂ ਦੀ ਨਿਸ਼ਾਨਦੇਹੀ ਕੀਤੀ ਸੀ ਜਿੱਥੇ ਮਾਰਕੀਟ ਫੀਸ ਤੋਂ ਆਮਦਨੀ ਚਾਰ ਕਰੋੜ ਤੋਂ ਘੱਟ ਹੈ। ਮੁੱਢਲੇ ਪੜਾਅ ‘ਤੇ ਮੁਹਾਲੀ ਅਤੇ ਖਰੜ ਮਾਰਕੀਟ ਕਮੇਟੀ ਨੂੰ ਮਰਜ਼ ਕਰਨ ਸਬੰਧੀ ਮਤਾ ‘ਬੋਰਡ ਆਫ ਡਾਇਰੈਕਟਰਜ਼‘ ਨੇ ਪਾਸ ਕਰ ਦਿੱਤਾ ਹੈ ਹਾਲਾਂਕਿ ਬਾਕੀ ਮਾਰਕੀਟ ਕਮੇਟੀਆਂ ਦਾ ਰਲੇਵਾਂ ਕਰਨ ਦਾ ਮਾਮਲਾ ਅੱਗੇ ਨਹੀਂ ਵਧਿਆ। ਕਿਸੇ ਸਮੇਂ ਮਾਰਕੀਟ ਕਮੇਟੀ ਖਰੜ ‘ਚੋਂ ਮਾਰਕੀਟ ਕਮੇਟੀ ਮੁਹਾਲੀ ਹੋਂਦ ਵਿਚ ਆਈ ਸੀ। ਇਸ ਵੇਲੇ ਖਰੜ ਮਾਰਕੀਟ ਕਮੇਟੀ ਸਿਰ 2.48 ਕਰੋੜ ਦੀਆਂ ਦੇਣਦਾਰੀਆਂ ਹਨ ਅਤੇ ਮੁਲਾਜ਼ਮਾਂ ਨੂੰ ਤਨਖਾਹਾਂ ਤੇ ਪੈਨਸ਼ਨ ਦੇਣ ਜੋਗੇ ਪੈਸੇ ਨਹੀਂ ਹਨ।

ਖਰੜ ਕਮੇਟੀ ਦੀ ਆਮਦਨ ਵੀ ਸਾਲ 2022-23 ਦੀ 1.66 ਕਰੋੜ ਹੀ ਸੀ। ਸੂਤਰ ਆਖਦੇ ਹਨ ਕਿ ਮਾਰਕੀਟ ਕਮੇਟੀਆਂ ਦੇ ਵਿੱਤੀ ਘਾਟੇ ਵਧ ਰਹੇ ਹਨ ਅਤੇ ਆਮਦਨ ਘਟ ਰਹੀ ਹੈ। ਸਰਕਾਰੀ ਅਧਿਕਾਰੀ ਆਖਦੇ ਹਨ ਕਿ ਮਾਰਕੀਟ ਕਮੇਟੀਆਂ ਦਾ ਆਪਸ ਵਿਚ ਰਲੇਵਾਂ ਹੋਣ ਦੀ ਸੂਰਤ ਵਿੱਚ ਖਰੀਦ ਕੇਂਦਰਾਂ ‘ਤੇ ਕੋਈ ਅਸਰ ਨਹੀਂ ਪਵੇਗਾ। ਜਿਨ੍ਹਾਂ ਕਮੇਟੀਆਂ ਦੀ ਮਾਰਕੀਟ ਫੀਸ ਤੋਂ ਆਮਦਨੀ ਚਾਰ ਕਰੋੜ ਤੋਂ ਘੱਟ ਹੈ, ਉਨ੍ਹਾਂ ਵਿਚ ਅਟਾਰੀ, ਮਹਿਤਾ, ਮਜੀਠਾ, ਬੱਸੀ ਪਠਾਣਾਂ, ਗੋਬਿੰਦਗੜ੍ਹ, ਚਨਾਰਥਲ, ਪੰਜੇ ਕੀ ਉਤਾੜ, ਦੀਨਾਨਗਰ, ਦਸੂਹਾ, ਭੋਗਪੁਰ, ਗੁਰਾਇਆ, ਮਲੌਦ ਤੇ ਫਤਹਿਗੜ੍ਹ ਪੰਜਤੂਰ ਕਮੇਟੀ ਸ਼ਾਮਲ ਹੈ। ਇਸੇ ਤਰ੍ਹਾਂ ਚਾਰ ਕਰੋੜ ਤੋਂ ਘੱਟ ਮਾਰਕੀਟ ਫੀਸ ਵਾਲੀਆਂ ਵਿਚ ਨਰੋਟ ਜੈਮਲ ਸਿੰਘ, ਰੋਪੜ, ਮੋਰਿੰਡਾ, ਚਮਕੌਰ ਸਾਹਿਬ ਤੇ ਆਨੰਦਪੁਰ ਸਾਹਿਬ, ਖਰੜ, ਕੁਰਾਲੀ, ਡੇਰਾ ਬੱਸੀ, ਲਾਲੜੂ, ਮੁਹਾਲੀ, ਬਨੂੜ, ਬਲਾਚੌਰ ਅਤੇ ਹਰੀਕੇ ਦੀ ਕਮੇਟੀ ਸ਼ਾਮਲ ਹੈ। ਜਾਣਕਾਰੀ ਅਨੁਸਾਰ ਪੰਜਾਬ ‘ਚ ਅਕਾਲੀ ਭਾਜਪਾ-ਗੱਠਜੋੜ ਸਰਕਾਰ ਸਮੇਂ ਨਵੀਆਂ ਮਾਰਕੀਟ ਕਮੇਟੀਆਂ ਸਥਾਪਤ ਕਰਨ ਵਾਸਤੇ 9 ਨਵੰਬਰ 1998 ਨੂੰ ਪੱਤਰ ਜਾਰੀ ਕੀਤਾ ਗਿਆ ਸੀ ਜਿਸ ਤਹਿਤ ਨਵੀਂ ਮਾਰਕੀਟ ਕਮੇਟੀ ਬਣਾਉਣ ਬਾਰੇ 50 ਲੱਖ ਦੀ ਆਮਦਨੀ ਦੀ ਸ਼ਰਤ ਲਾਈ ਗਈ ਸੀ ਅਤੇ ਪੰਜਾਬ ਮੰਡੀ ਬੋਰਡ ਨੇ 18 ਮਾਰਚ 2014 ਨੂੰ ਆਮਦਨੀ ਦੀ ਸ਼ਰਤ ਸੋਧ ਕੇ ਢਾਈ ਕਰੋੜ ਕਰ ਦਿੱਤੀ ਸੀ।

ਨਵੀਂ ਕਮੇਟੀ ਨਾਲ ਪੰਜਾਹ ਪਿੰਡ ਹੋਣ ਅਤੇ ਦੂਸਰੀ ਕਮੇਟੀ ਤੋਂ 16 ਕਿਲੋਮੀਟਰ ਦਾ ਫਾਸਲਾ ਹੋਣ ਦੀ ਸ਼ਰਤ ਵੀ ਲਾਈ ਸੀ। ਮਾਰਕੀਟ ਕਮੇਟੀਆਂ ਦੇ ਵਿੱਤੀ ਸਰੋਤ ਸੁੰਗੜ ਰਹੇ ਹਨ ਜਦਕਿ ਖਰਚੇ ਵਧ ਰਹੇ ਹਨ। ਸੂਤਰ ਆਖਦੇ ਹਨ ਕਿ ਸੂਬੇ ਵਿਚ ਮਾਰਕੀਟ ਫੀਸ ਦੀ ਕਾਫੀ ਚੋਰੀ ਵੀ ਹੁੰਦੀ ਹੈ ਜਿਸ ਨੂੰ ਰੋਕਣ ਵਾਸਤੇ ਸਖ਼ਤ ਕਦਮ ਉਠਾਏ ਜਾਣ ਦੀ ਲੋੜ ਹੈ। ਸਾਲ 2022-23 ਵਿਚ ਅਟਾਰੀ ਕਮੇਟੀ ਦੀ ਆਮਦਨ 3.47 ਕਰੋੜ ਸੀ ਜਦਕਿ ਖਰਚ 5.57 ਕਰੋੜ ਸੀ ਅਤੇ ਮਜੀਠਾ ਕਮੇਟੀ ਦੀ ਆਮਦਨ 3.11 ਕਰੋੜ ਅਤੇ ਖਰਚ 6.65 ਕਰੋੜ ਸੀ। ਚਨਾਰਥਲ ਕਮੇਟੀ ਦੀ ਆਮਦਨ 3.20 ਕਰੋੜ ਅਤੇ ਖਰਚ 5.86 ਕਰੋੜ ਰਿਹਾ ਹੈ ਜਦਕਿ ਨਰੋਟ ਜੈਮਲ ਸਿੰਘ ਕਮੇਟੀ ਦੀ ਆਮਦਨ 2.58 ਕਰੋੜ ਅਤੇ ਖਰਚ 6.57 ਕਰੋੜ ਹੈ। ਇਸੇ ਤਰ੍ਹਾਂ ਕੁਰਾਲੀ ਕਮੇਟੀ ਦੀ ਆਮਦਨ 2.84 ਕਰੋੜ ਅਤੇ ਖਰਚ 5.22 ਕਰੋੜ ਰੁਪਏ ਹੈ।

Punjab Times

Established in 2000
25th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
Ph:847-359-0746
Fax:847-705-9388
Email:punjabtimes1@gmail.com
www.punjabtimesusa.com

Founder Editor:
Amolak Singh Jammu
Astt. Editors:
Jaspreet Kaur
Amrit Pal Kaur

Photographer
Kamaljit Singh Virdi
Ph. 847-502-2703

Our Columnists
Gurbakhsh Singh Bhandal
Buta Singh
Tarlochan Singh Dupalpur
Corrspondents
California
Ashok Bhaura
Detroit, MI
Rajinder Syan
734-261-0936
New York
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

Distributed in:
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 115 ਡਾਲਰ
ਪੰਜ ਸਾਲ ਲਈ: 475 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

Disclaimer

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

All disputes subject to Chicago jurisdiction.

ਪੰਜਾਬ ਦੀ ਪਟੀਸ਼ਨ 'ਤੇ ਹਿਮਾਚਲ ਤੇ ਕੇਂਦਰ ਤੋਂ ਜਵਾਬ ਤਲਬ

ਨਵੀਂ ਦਿੱਲੀ: ਸ਼ਾਨਨ ਪਨ ਬਿਜਲੀ ਪ੍ਰੋਜੈਕਟ ਦੀ 99 ਸਾਲਾ ਲੀਜ਼ ਖਤਮ ਹੋਣ ਮਗਰੋਂ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਇਸ ਦਾ ਕੰਟਰੋਲ ਆਪਣੇ ਹੱਥ ਵਿਚ ਲੈਣ ਦੀਆਂ ਕੋਸ਼ਿਸ਼ਾਂ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਾਇਰ ਕੇਸ 'ਚ ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਸਰਕਾਰ ਤੇ ਕੇਂਦਰ ਸਰਕਾਰ ਨੂੰ ਤਿੰਨ ਮਹੀਨੇ ਅੰਦਰ ਆਪਣਾ ਜਵਾਬ ਦਾਖਲ ਕਰਨ ਲਈ ਕਿਹਾ ਹੈ।

ਜਸਟਿਸ ਏ.ਐੱਸ. ਓਕਾ ਦੀ ਅਗਵਾਈ ਹੇਠਲੇ ਬੈਂਚ ਨੇ ਹਿਮਾਚਲ ਪ੍ਰਦੇਸ਼ ਤੇ ਕੇਂਦਰ ਸਰਕਾਰ ਨੂੰ ਆਪਣੇ ਲਿਖਤੀ ਹਲਫ਼ਨਾਮੇ ਦਾਇਰ ਕਰਨ ਦੇ ਹੁਕਮ ਦਿੰਦਿਆਂ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਪਾ ਦਿੱਤੀ ਹੈ। ਬੈਂਚ ਨੇ ਪੰਜਾਬ ਸਰਕਾਰ ਵੱਲੋਂ ਦਾਇਰ ਕੇਸ 'ਤੇ 4 ਮਾਰਚ ਨੂੰ ਸੰਮਨ ਜਾਰੀ ਕੀਤਾ ਸੀ। ਇਸ ਤੋਂ ਪਹਿਲਾਂ ਪਹਿਲੀ ਮਾਰਚ ਨੂੰ ਲੀਜ਼ ਖਤਮ ਹੋਣ 'ਤੇ ਕੇਂਦਰ ਸਰਕਾਰ ਨੇ ਦੋਵਾਂ ਰਾਜਾਂ ਨੂੰ ਸਥਿਤੀ ਬਰਕਰਾਰ ਰੱਖਣ ਲਈ ਕਿਹਾ ਸੀ। ਇਸ ਮਗਰੋਂ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਪਹੁੰਚ ਕਰਦਿਆਂ ਮਾਮਲੇ 'ਚ ਤੁਰਤ ਸੁਣਵਾਈ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਨੇ ਦਾਅਵਾ ਕੀਤਾ ਸੀ ਕਿ 99 ਸਾਲਾ ਲੀਜ਼ ਮੁੱਕਣ ਮਗਰੋਂ ਹਿਮਾਚਲ ਪ੍ਰਦੇਸ਼ ਸਰਕਾਰ ਸ਼ਾਨਨ ਪਨ ਬਿਜਲੀ ਪ੍ਰੋਜੈਕਟ ਦਾ ਕੰਟਰੋਲ ਆਪਣੇ ਕਬਜ਼ੇ ਹੇਠ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।

ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਤੋਂ 40 ਕਿਲੋਮੀਟਰ ਦੂਰ ਜੋਗਿੰਦਰਨਗਰ 'ਚ ਬਰਤਾਨਵੀ ਕਾਲ ਦੇ ਸ਼ਾਨਨ ਪਨ ਬਿਜਲੀ ਪ੍ਰੋਜੈਕਟ ਦਾ ਨਿਰਮਾਣ 1925 'ਚ ਤਤਕਾਲੀ ਮੰਡੀ ਸੂਬੇ ਦੇ ਸ਼ਾਸਕ ਰਾਜਾ ਜੋਗਿੰਦਰ ਸੇਨ ਤੇ ਬਰਤਾਨਵੀ ਨੁਮਾਇੰਦੇ ਕਰਨਲ ਬੀਸੀ ਬੈੱਟੀ ਵਿਚਾਲੇ ਲੀਜ਼ ਤਹਿਤ ਕੀਤਾ ਗਿਆ ਸੀ। ਇਹ ਪ੍ਰੋਜੈਕਟ ਆਜ਼ਾਦੀ ਤੋਂ ਪਹਿਲਾਂ ਅਣਵੰਡੇ ਪੰਜਾਬ, ਲਾਹੌਰ ਤੇ ਦਿੱਲੀ 'ਚ ਬਿਜਲੀ ਦੀ ਲੋੜ ਪੂਰੀ ਕਰਦਾ ਸੀ। ਇਹ ਪ੍ਰੋਜੈਕਟ ਇਸ ਸਮੇਂ ਖਸਤਾ ਹਾਲ ਵਿਚ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਸੰਵਿਧਾਨ ਦੀ ਧਾਰਾ 131 ਤਹਿਤ ਹਿਮਾਚਲ ਪ੍ਰਦੇਸ਼ ਸਰਕਾਰ ਤੇ ਕੇਂਦਰ ਸਰਕਾਰ ਖ਼ਿਲਾਫ਼ ਇਕ ਮੂਲ ਮੁਕੱਦਮਾ ਦਰਜ ਕੀਤਾ ਹੈ ਜੋ ਕੇਂਦਰ ਤੇ ਇਕ ਜਾਂ ਵੱਧ ਰਾਜਾਂ ਵਿਚਾਲੇ ਵਿਵਾਦ ਜਾਂ ਦੋ ਜਾਂ ਦੋ ਤੋਂ ਵੱਧ ਰਾਜਾਂ ਵਿਚਾਲੇ ਮੂਲ ਅਧਿਕਾਰ ਖੇਤਰ ਦੇ ਵਿਵਾਦ ਨਾਲ ਸਬੰਧਤ ਹੈ। ਪੰਜਾਬ ਸਰਕਾਰ ਨੇ ਸਿਖਰਲੀ ਅਦਾਲਤ ਤੋਂ ਇਕ 'ਲਾਜ਼ਮੀ ਪਾਬੰਦੀ' ਜਾਰੀ ਕਰਨ ਦੀ ਵੀ ਅਪੀਲ ਕੀਤੀ ਹੈ ਜਿਸ ਵਿਚ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਨਿਰਦੇਸ਼ ਜਾਰੀ ਕੀਤਾ ਜਾਵੇ ਕਿ ਉਹ ਆਪਣੇ ਪ੍ਰਬੰਧਨ ਤੇ ਕੰਟਰੋਲ ਨਾਲ ਪ੍ਰੋਜੈਕਟ ਨੂੰ ਆਪਣੇ ਹੱਥ ਵਿਚ ਲੈਣ ਲਈ ਕਿਸੇ ਵੀ ਅਧਿਕਾਰੀ ਜਾਂ ਅਧਿਕਾਰੀਆਂ ਦੀ ਟੀਮ ਤਾਇਨਾਤ ਨਾ ਕਰੇ।

ਸੂਰਜ ਗ੍ਰਹਿਣ: ਦਿਨੇ ਛਾਇਆ ਹਨੇਰਾ

ਵਾਸ਼ਿੰਗਟਨ: ਪੂਰੇ ਉੱਤਰੀ ਅਮਰੀਕਾ ਮਹਾਦੀਪ ਵਿਚ ਪੂਰਨ ਸੂਰਜ ਗ੍ਰਹਿਣ ਕਾਰਨ ਦਿਨ ਵਿਚ ਕੁਝ ਸਮੇਂ ਲਈ ਹਨੇਰਾ ਛਾ ਗਿਆ। ਇਹ ਹਨੇਰਾ ਚਾਰ ਮਿੰਟ ਅਤੇ 28 ਸੈਕਿੰਡ ਤੱਕ ਰਿਹਾ, ਜੋ ਸੱਤ ਸਾਲ ਪਹਿਲਾਂ ਅਮਰੀਕਾ ਵਿਚ ਸੂਰਜ ਗ੍ਰਹਿਣ ਦੌਰਾਨ ਹੋਏ ਹਨੇਰੇ ਦੇ ਸਮੇਂ ਨਾਲੋਂ ਲਗਭਗ ਦੁੱਗਣਾ ਹੈ, ਕਿਉਂਕਿ ਚੰਦ ਧਰਤੀ ਦੇ ਨੇੜੇ ਸੀ। ਇਹ ਅਮਰੀਕਾ ਦੇ ਕਈ ਮਹੱਤਵਪੂਰਨ ਸ਼ਹਿਰਾਂ ਵਿਚੋਂ ਦੀ ਲੰਘਿਆ।

ਬਾਬਾ ਤਰਸੇਮ ਸਿੰਘ ਹੱਤਿਆ ਕਾਂਡ ਦਾ ਮੁਲਜ਼ਮ ਮੁਕਾਬਲੇ 'ਚ ਹਲਾਕ

ਹਰਿਦੁਆਰ: ਉੱਤਰਾਖੰਡ ਦੇ ਊਧਮ ਸਿੰਘ ਨਗਰ ਸਥਿਤ ਨਾਨਕਮੱਤਾ ਗੁਰਦੁਆਰੇ ਦੇ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੇ ਕਤਲ ਦੇ ਮੁਲਜ਼ਮ ਨੂੰ ਸਪੈਸ਼ਲ ਟਾਸਕ ਫੋਰਸ ਅਤੇ ਪੁਲਿਸ ਨੇ ਹਰਿਦੁਆਰ ਜ਼ਿਲ੍ਹੇ ਦੇ ਕਲਿਆਰ ਵਿਚ ਮੁਕਾਬਲੇ ਵਿਚ ਮਾਰ ਦਿੱਤਾ। ਮ੍ਰਿਤਕ ਦੀ ਪਛਾਣ ਅਮਰਜੀਤ ਸਿੰਘ ਉਰਫ਼ ਬਿੱਟੂ ਵਜੋਂ ਹੋਈ ਹੈ।

ਪੁਲਿਸ ਨੇ ਦੱਸਿਆ ਕਿ ਦੂਜਾ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ ਅਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਦੋਵਾਂ 'ਤੇ ਇਕ ਇਕ ਲੱਖ ਦਾ ਇਨਾਮ ਹੈ। ਹਰਿਦੁਆਰ ਜ਼ਿਲ੍ਹੇ ਦੇ ਭਗਵਾਨਪੁਰ 'ਚ ਚੈਕਿੰਗ ਦੌਰਾਨ ਪੁਲਿਸ ਨੇ ਮੁਲਜ਼ਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਕਲਿਆਰ ਵੱਲ ਫਰਾਰ ਹੋ ਗਏ। ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਇਸ ਦੌਰਾਨ ਉਨ੍ਹਾਂ ਵਿਚਕਾਰ ਮੁਕਾਬਲਾ ਹੋ ਗਿਆ। ਮੁਕਾਬਲੇ 'ਚ ਇਕ ਨੂੰ ਗੋਲੀ ਲੱਗ ਗਈ, ਦੂਜਾ ਫਰਾਰ ਹੋ ਗਿਆ। ਪੁਲਿਸ ਦੀਆਂ ਟੀਮਾਂ ਫਰਾਰ ਮੁਲਜ਼ਮ ਦੀ ਭਾਲ ਵਿਚ ਹਨ। ਜ਼ਖ਼ਮੀ ਮੁਲਜ਼ਮ ਨੂੰ ਤੁਰਤ ਰੁੜਕੀ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਕੈਨੇਡਾ ਵਿਚ ਗੁਰਦੁਆਰੇ ਦੇ ਮੁਖੀ ਦੀ ਹੱਤਿਆ

ਚੰਡੀਗੜ੍ਹ: ਕੈਨੇਡਾ ਦੇ ਐਡਮਿੰਟਨ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਮੁਖੀ ਅਤੇ ਪੰਜਾਬੀ ਮੂਲ ਦੇ ਉੱਘੇ ਬਿਲਡਰ ਬੂਟਾ ਸਿੰਘ ਗਿੱਲ ਦੀ ਉਸਾਰੀ ਵਾਲੀ ਥਾਂ ਉਤੇ ਕਈ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੂਟਾ ਸਿੰਘ ਐਡਮਿੰਟਨ ਵਿਚ ਲਗਜ਼ਰੀ ਘਰ ਬਣਾਉਣ ਵਾਲੀ ਕੰਪਨੀ ਗਿੱਲ ਬਿਲਟ ਹੋਮਸ ਦਾ ਮਾਲਕ ਸੀ। ਐਡਮਿੰਟਨ ਪੁਲਿਸ ਨੇ ਪੁਸ਼ਟੀ ਕੀਤੀ ਕਿ 49 ਸਾਲਾ ਅਤੇ 57 ਸਾਲਾ ਵਿਅਕਤੀ ਦੀ ਮੌਤ ਹੋ ਗਈ ਅਤੇ 51 ਸਾਲਾ ਵਿਅਕਤੀ ਨੂੰ ਗੰਭੀਰ ਹਾਲਤ 'ਚ ਹਸਪਤਾਲ ਲਿਜਾਇਆ ਗਿਆ। ਜ਼ਖਮੀ ਦੀ ਪਛਾਣ ਸਰਬਜੀਤ ਸਿੰਘ ਸਿਵਲ ਇੰਜੀਨੀਅਰ ਵਜੋਂ ਹੋਈ ਹੈ। ਰਿਪੋਰਟਾਂ ਦੇ ਅਨੁਸਾਰ ਉਸਾਰੀ ਵਾਲੀ ਥਾਂ ਉਤੇ ਝਗੜਾ ਹੋਇਆ, ਜਿਸ ਕਾਰਨ ਗਿੱਲ ਅਤੇ ਇਕ ਹੋਰ ਵਿਅਕਤੀ ਨੂੰ ਭਾਰਤੀ ਮੂਲ ਦੇ ਉਸਾਰੀ ਕਰਮਚਾਰੀ ਨੇ ਗੋਲੀ ਮਾਰ ਦਿੱਤੀ ਗਈ। ਬਾਅਦ ਵਿਚ ਹਮਲਾਵਰ ਨੇ ਆਪਣੀ ਜਾਨ ਲੈ ਲਈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗਿੱਲ ਨੇ ਪਹਿਲਾਂ ਫਿਰੌਤੀ ਅਤੇ ਧਮਕੀਆਂ ਦੀ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਪੁਲਿਸ ਜਾਂਚ ਸ਼ੁਰੂ ਕਰ ਦਿੱਤੀ ਸੀ।

ਕਿਸਾਨਾਂ ਨੂੰ ਖਾਲਿਸਤਾਨੀ ਕਹਿਣ ਵਾਲਿਆਂ 'ਤੇ ਕੇਸ ਦਰਜ ਹੋਵੇ: ਰਾਮੂਵਾਲੀਆ

ਲੁਧਿਆਣਾ: ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਕੁਝ ਆਗੂਆਂ ਵੱਲੋਂ ਕਿਸਾਨਾਂ ਨੂੰ ਖਾਲਿਸਤਾਨੀ ਕਹੇ ਜਾਣ ਦੀ ਆਲੋਚਨਾ ਕਰਦਿਆਂ ਮੰਗ ਕੀਤੀ ਹੈ ਕਿ ਇਨ੍ਹਾਂ ਖ਼ਿਲਾਫ਼ ਦੇਸ਼ ਵਿਰੋਧੀ ਕਾਰਵਾਈਆਂ ਦੇ ਕਾਨੂੰਨ ਤਹਿਤ ਕੇਸ ਦਰਜ ਹੋਣਾ ਚਾਹੀਦਾ ਹੈ।

ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਕਿਸਾਨ ਦੇਸ਼ ਦਾ ਅੰਨਦਾਤਾ ਹੈ ਜੋ ਸਖ਼ਤ ਮਿਹਨਤ ਅਤੇ ਘਾਲਣਾ ਕਰਕੇ ਅਨਾਜ ਪੈਦਾ ਕਰਦਾ ਹੈ। ਜੇ ਕਿਸਾਨ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਤਾਂ ਸਰਕਾਰ ਵਿਚ ਬੈਠੇ ਕੁਝ ਲੋਕ ਉਨ੍ਹਾਂ ਨੂੰ ਖਾਲਿਸਤਾਨੀ ਕਹਿ ਕੇ ਗੁਮਰਾਹਕੁਨ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਿਸਾਨ ਉਹੀ ਹੱਕ ਮੰਗ ਰਹੇ ਹਨ ਜਿਨ੍ਹਾਂ ਬਾਰੇ ਚੌਧਰੀ ਚਰਨ ਸਿੰਘ ਨੇ ਵੀ ਆਵਾਜ਼ ਉਠਾਈ ਸੀ। ਚੌਧਰੀ ਚਰਨ ਸਿੰਘ ਨੂੰ ਦੇਸ਼ ਦੇ ਸਰਵਉੱਚ ਸਨਮਾਨ ਭਾਰਤ ਰਤਨ ਦੇਣ ਵਾਲੇ ਲੋਕਾਂ ਨੂੰ ਕਿਸਾਨਾਂ ਪ੍ਰਤੀ ਦੂਹਰੇ ਮਾਪਦੰਡ ਛੱਡ ਕੇ ਤੁਰਤ ਕਿਸਾਨਾਂ ਦੀਆਂ ਜਾਇਜ਼ ਮੰਗਾਂ ਦਾ ਹੱਲ ਕੱਢਣਾ ਚਾਹੀਦਾ ਹੈ।

ਮਹੀਨੇ ਤੋਂ ਲਾਪਤਾ 25 ਸਾਲਾ ਭਾਰਤੀ ਵਿਦਿਆਰਥੀ ਦੀ ਲਾਸ਼ ਮਿਲੀ

ਨਿਊ ਯਾਰਕ: ਅਮਰੀਕਾ ਵਿਚ ਪਿਛਲੇ ਮਹੀਨੇ ਤੋਂ ਲਾਪਤਾ 25 ਸਾਲਾ ਭਾਰਤੀ ਵਿਦਿਆਰਥੀ ਦੀ ਕਲੀਵਲੈਂਡ ਵਿਚ ਲਾਸ਼ ਮਿਲੀ ਹੈ। ਇਥੇ ਭਾਰਤੀ ਮੂਲ ਦੇ ਵਿਦਿਆਰਥੀਆਂ ਦੀਆਂ ਇਸ ਸਾਲ ਕਈ ਮੌਤਾਂ ਹੋ ਚੁੱਕੀਆਂ ਹਨ। ਹਫ਼ਤੇ ਦੇ ਅੰਦਰ ਕਿਸੇ ਭਾਰਤੀ ਵਿਦਿਆਰਥੀ ਦੀ ਮੌਤ ਦਾ ਇਹ ਦੂਜਾ ਮਾਮਲਾ ਹੈ। ਹੈਦਰਾਬਾਦ ਦੇ ਨਚਾਰਮ ਦਾ ਰਹਿਣ ਵਾਲਾ ਮੁਹੰਮਦ ਅਬਦੁਲ ਅਰਾਫਾਤ ਪਿਛਲੇ ਸਾਲ ਮਈ ਵਿਚ ਕਲੀਵਲੈਂਡ ਯੂਨੀਵਰਸਿਟੀ ਤੋਂ ਆਈ.ਟੀ. ਵਿਚ ਪੋਸਟ ਗ੍ਰੈਜੂਏਸ਼ਨ ਕਰਨ ਲਈ ਅਮਰੀਕਾ ਆਇਆ ਸੀ। ਨਿਊ ਯਾਰਕ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਐਕਸ 'ਤੇ ਪੋਸਟ ਵਿਚ ਕਿਹਾ, "ਇਹ ਜਾਣ ਕੇ ਦੁਖੀ ਹੈ ਕਿ ਮੁਹੰਮਦ ਅਬਦੁਲ ਅਰਾਫਾਤ, ਜਿਸ ਲਈ ਤਲਾਸ਼ ਮੁਹਿੰਮ ਚੱਲ ਰਹੀ ਸੀ, ਦੀ ਲਾਸ਼ ਕਲੀਵਲੈਂਡ, ਓਹਾਇਓ ਵਿਚ ਮਿਲੀ ਹੈ।"

ਭਾਜਪਾ ਦੇ 'ਮਿਸ਼ਨ ਪੰਜਾਬ' ਤੋਂ ਹੱਥ ਖੜ੍ਹੇ

(ਪਹਿਲੇ ਸਫੇ ਦੀ ਬਾਕੀ)

ਆਉਣ ਵਾਲੇ ਭਾਜਪਾ ਆਗੂਆਂ ਨੂੰ ਘੇਰ ਕੇ ਸਵਾਲ ਕੀਤੇ ਜਾਣਗੇ। ਇਨ੍ਹਾਂ ਮੰਗਾਂ ਸਬੰਧੀ ਫਲੈਕਸ ਬੋਰਡ ਤਿਆਰ ਕਰਵਾਏ ਗਏ ਹਨ ਜੋ ਪੰਜਾਬ ਦੇ ਹਜ਼ਾਰਾਂ ਪਿੰਡਾਂ ਵਿਚ ਲਾਏ ਜਾਣਗੇ। ਉਧਰ, ਸੰਯੁਕਤ ਕਿਸਾਨ ਮੋਰਚੇ ਵੱਲੋਂ ਚੋਣਾਂ ਦੌਰਾਨ ਭਾਜਪਾ ਦੇ ਵਿਰੋਧ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ 21 ਮਈ ਨੂੰ ਜਗਰਾਉਂ ਵਿਚ ਭਾਜਪਾ ਵਿਰੋਧੀ ਰੈਲੀ ਦੀਆਂ ਤਿਆਰੀਆਂ ਜ਼ੋਰਾਂ ਉਤੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਨ ਲਈ ਅਤੇ ਉਨ੍ਹਾਂ ਨੂੰ ਹਰਾਉਣ ਲਈ ਪ੍ਰਸ਼ਨਾਵਲੀ ਤਿਆਰ ਕਰ ਕੇ ਛਾਪੀ ਜਾਵੇਗੀ ਜਿਸ ਦਾ ਪੰਜਾਬ ਭਰ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾਵੇਗਾ।

ਭਾਜਪਾ ਲਈ ਇਕ ਹੋਰ ਮੁਸੀਬਤ ਇਹ ਹੈ ਕਿ ਹੋਰਨਾਂ ਪਾਰਟੀਆਂ ਵਿਚੋਂ ਲਿਆਂਦੇ ਆਗੂਆਂ ਦਾ ਅੰਦਰੂਨੀ ਵਿਰੋਧ ਲਗਾਤਾਰ ਵਧ ਰਿਹਾ ਹੈ। ਕਾਂਗਰਸ ਵਿਚੋਂ ਲਿਆਂਦੇ ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ, ਪਟਿਆਲਾ ਤੋਂ ਪ੍ਰਨੀਤ ਕੌਰ ਅਤੇ ਜਲੰਧਰ ਵਿਚ ਆਪ ਤੋਂ ਆਏ ਸੁਸ਼ੀਲ ਰਿੰਕੂ ਖਿਲਾਫ ਬਾਗੀ ਸੁਰਾਂ ਤਿੱਖੀਆਂ ਹੋ ਗਈਆਂ ਹਨ। ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ, ਫਰੀਦਕੋਟ ਤੋਂ ਹੰਸ ਰਾਜ ਹੰਸ, ਪਟਿਆਲਾ ਤੋਂ ਪ੍ਰਨੀਤ ਕੌਰ ਅਤੇ ਜਲੰਧਰ ਤੋਂ ਸੁਸ਼ੀਲ ਰਿੰਕੂ ਨੇ ਫਿਲਹਾਲ ਆਪਣੀ ਪ੍ਰਚਾਰ ਸਰਗਰਮੀਆਂ ਮੱਠੀਆਂ ਕਰ ਦਿੱਤੀਆਂ ਹਨ। ਇਹ ਆਗੂ ਆਪਣੇ ਹਲਕੇ ਵਿਚ ਵੀ ਨਿਕਲਣ ਤੋਂ ਟਲ ਰਹੇ ਹਨ; ਖਾਸ ਕਰ ਕੇ ਪੇਂਡੂ ਖੇਤਰਾਂ ਤੋਂ ਦੂਰ ਹੀ ਰਹਿ ਰਹੇ ਹਨ। ਹਾਲਾਤ ਇਹ ਹਨ ਕਿ ਭਾਜਪਾ ਆਗੂਆਂ ਦੀ ਸੁਰੱਖਿਆ ਲਈ ਵਾਧੂ ਫੋਰਸ ਤਾਇਨਾਤ ਕਰਨਾ ਪੈ ਰਹੀ ਹੈ। ਕਿਸਾਨਾਂ ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਉਮੀਦਵਾਰਾਂ ਨੂੰ ਪਿੰਡਾਂ ਵਿਚ ਨਹੀਂ ਵੜਨ ਦੇਣਗੇ। ਕਿਸਾਨਾਂ ਦੀਆਂ ਸ਼ਹੀਦੀਆਂ ਇਨ੍ਹਾਂ ਭਾਜਪਾ ਆਗੂਆਂ ਕਰ ਕੇ ਹੋਈਆਂ ਹਨ ਅਤੇ ਇਹ ਸ਼ਹਾਦਤਾਂ ਕਦੇ ਭੁਲਾਈਆਂ ਨਹੀਂ ਜਾਣਗੀਆਂ ਜਿਸ ਤਰ੍ਹਾਂ ਬਾਰਡਰਾਂ 'ਤੇ ਕਿਸਾਨਾਂ ਨੂੰ ਗੋਲੀਆਂ ਤੇ ਅੱਥਰੂ ਗੈਸ ਦੇ ਗੋਲਿਆਂ ਨਾਲ ਦਿੱਲੀ ਜਾਣ ਤੋਂ ਰੋਕਿਆ ਸੀ, ਉਸੇ ਤਰ੍ਹਾਂ ਇਨ੍ਹਾਂ ਨੂੰ ਪਿੰਡਾਂ ਵਿਚ ਨਹੀਂ ਵੜਨ ਦਿੱਤਾ ਜਾਵੇਗਾ।

ਅਕਾਲੀ ਦਲ ਵੱਲੋਂ ਗੱਠਜੋੜ ਤੋੜਨ ਤੋਂ ਬਾਅਦ ਭਾਜਪਾ ਪਹਿਲੀ ਵਾਰ ਪੰਜਾਬ ਵਿਚ ਆਪਣੇ ਦਮ ਉਤੇ ਲੋਕ ਸਭਾ ਚੋਣਾਂ ਲੜ ਰਹੀ ਹੈ। ਦੋਵਾਂ ਧਿਰਾਂ ਨੇ ਹਾਲਾਂਕਿ ਮੁੜ ਇਕੱਠੇ ਹੋਣ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ ਪਰ ਸਫਲ ਨਾ ਹੋ ਸਕੀਆਂ। ਇਸ ਪਿੱਛੇ ਵੀ ਪੰਜਾਬੀਆਂ ਖਾਸ ਕਰ ਕੇ ਕਿਸਾਨਾਂ ਦਾ ਰੋਹ ਹੀ ਮੁੱਖ ਕਾਰਨ ਬਣਿਆ। ਅਕਾਲੀ ਦਲ ਨੂੰ ਭਾਜਪਾ ਦੀ ਇਸ ਹੋਣੀ ਦੀ ਪਹਿਲਾਂ ਹੀ ਸੂਹ ਮਿਲ ਗਈ ਸੀ, ਜਦਕਿ ਭਗਵਾ ਧਿਰ ਨੂੰ ਭਰੋਸਾ ਸੀ ਕਿ ਹੋਰਾਂ ਪਾਰਟੀਆਂ ਵਿਚੋਂ ਚੰਗੇ ਆਧਾਰ ਵਾਲੇ ਆਗੂਆਂ ਨੂੰ ਆਪਣੇ ਨਾਲ ਰਲਾ ਅਤੇ ਚੋਣ ਮੈਦਾਨ ਵਿਚ ਉਤਾਰ ਕੇ ਉਹ ਲੋਕ ਰੋਹ ਨੂੰ ਠੱਲ੍ਹ ਲਵੇਗੀ ਪਰ ਮੌਜੂਦਾ ਬਣੇ ਹਾਲਾਤ ਸਾਫ ਦੱਸ ਰਹੇ ਹਨ ਕਿ ਭਾਜਪਾ ਭੁਲੇਖੇ ਵਿਚ ਸੀ। ਜਾਣਕਾਰੀ ਮਿਲੀ ਹੈ ਕਿ ਭਾਜਪਾ ਉਮੀਦਵਾਰਾਂ ਵੱਲੋਂ ਹਾਈਕਮਾਨ ਤੱਕ ਆਪਣੇ ਸੁਨੇਹੇ ਪਹੁੰਚਾਏ ਜਾ ਰਹੇ ਹਨ ਅਤੇ ਪੰਜਾਬ ਵਿਚ ਹੋ ਰਹੇ ਹਸ਼ਰ ਦਾ ਕੋਈ ਹੱਲ ਕੱਢਣ ਲਈ ਬੇਨਤੀ ਕੀਤੀ ਜਾ ਰਹੀ ਹੈ। ਭਾਜਪਾ ਦੇ ਟਕਸਾਲੀ ਆਗੂਆਂ ਨੇ ਲੋਕਾਂ ਵਿਚ ਵਿਚਰਨ ਤੋਂ ਇਕਦਮ ਪਾਸਾ ਵੱਟ ਲਿਆ ਹੈ ਅਤੇ ਹੋਰ ਪਾਰਟੀਆਂ ਵਿਚੋਂ ਆਏ ਆਗੂਆਂ ਨੂੰ ਅੱਗੇ ਕੀਤਾ ਹੋਇਆ ਹੈ। ਇਹ ਜਾਣਕਾਰੀ ਵੀ ਮਿਲੀ ਹੈ ਕਿ ਭਾਜਪਾ ਵਿਚ ਜਾਣ ਦੀ ਤਿਆਰੀ ਕਰੀ ਬੈਠੇ ਰਵਾਇਤੀ ਧਿਰਾਂ ਦੇ ਵੱਡੀ ਗਿਣਤੀ ਆਗੂਆਂ ਨੇ ਫਿਲਹਾਲ ਆਪਣਾ ਮਨ ਬਦਲ ਲਿਆ ਹੈ ਅਤੇ ਪਿਛਲੇ ਕੁਝ ਦਿਨਾਂ ਤੋਂ ਭਾਜਪਾ ਦੀ 'ਦਲ ਬਦਲਾਊ' ਮੁਹਿੰਮ ਠੱਪ ਪਈ ਹੋਈ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਵੀ ਫਿਲਹਾਲ ਪੰਜਾਬ ਵੱਲ ਗੇੜਾ ਮਾਰਨ ਤੋਂ ਟਾਲ਼ਾ ਵੱਟ ਲਿਆ ਹੈ। ਜੇ ਕੋਈ ਆਗੂ ਆਉਂਦਾ ਵੀ ਹੈ ਤਾਂ ਚੰਡੀਗੜ੍ਹ ਮੀਟਿੰਗ ਕਰ ਕੇ ਬਾਹਰੋ-ਬਾਹਰ ਨਿਕਲਣ ਵਿਚ ਹੀ ਆਪਣੀ ਭਲਾਈ ਸਮਝ ਰਿਹਾ ਹੈ। ਕਿਸਾਨ ਜਥੇਬੰਦੀਆਂ ਭਾਜਪਾ ਖਿਲਾਫ ਇਹ ਰਣਨੀਤੀ ਪੂਰੇ ਮੁਲਕ ਵਿਚ ਲਾਗੂ ਕਰਨ ਦੀ ਤਿਆਰੀ ਕਰ ਰਹੀਆਂ ਹਨ, ਜੇਕਰ ਅਜਿਹਾ ਹੁੰਦਾ ਹੈ ਤਾਂ ਭਗਵਾ ਧਿਰ ਲਈ ਹਾਲਾਤ ਔਖੇ ਹੋ ਸਕਦੇ ਹਨ।

ਮੁਲਕ ਭਰ ਵਿਚ ਹੋਵੇਗਾ ਵਿਰੋਧ: ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਭਾਜਪਾ ਆਗੂਆਂ ਕੋਲ ਕਿਸਾਨਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ ਸਮਰੱਥਾ ਨਹੀਂ ਹੈ ਅਤੇ ਕਿਸਾਨਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਹੈ। ਇਸ ਲਈ ਭਾਜਪਾ ਸਰਕਾਰ ਵੱਲੋਂ ਤਾਨਾਸ਼ਾਹੀ ਕਰਦਿਆਂ ਹਰਿਆਣਾ ਵਿਚ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਪ੍ਰੋਗਰਾਮ ਨੂੰ ਪੂਰੇ ਭਾਰਤ ਵਿਚ ਲਾਗੂ ਕੀਤਾ ਜਾਵੇਗਾ।

ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰੋ ਨਿਵਾਸ॥

ਸਮੂਹ ਸੰਗਤਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ ਧਾਲੀਵਾਲ ਪਰਿਵਾਰ ਵੱਲੋਂ

ਲੱਖ ਲੱਖ ਵਧਾਈ

ਸ. ਜਸਕਰਨ ਸਿੰਘ ਧਾਲੀਵਾਲ

ਫੋਨ: 630-290-7993

From: Dhaliwal Brothers Inc. & M J Brothers Inc.

ਸ. ਜਸਕਰਨ ਸਿੰਘ ਧਾਲੀਵਾਲ

ਸਮੂਹ ਸਿੱਖ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ !

OAKS LANDSCAPE PRODUCTS

FENDT MADE IN MICHIGAN

Canton Top Soil

We are Dealer of Oaks & Fendt Brick Pavers

- Bricks & Pavers
- Sands & Gravels
- Stones & Boulders
- Sealers & Adhesives
- Poly Sand
- Topsoil & 50x50 Mix
- Decorative Stones
- Weed Blocks
- Edging
- Mulch



734 480 7000

48631 Michigan Ave Canton, MI 48188 www.cantontopsoil.com

Dhillon Travel Plaza
Dhillon Road Service
Interstate 40, exit 356, San Jon, NM

ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph: 571-606-0829, 317-242-9936

ਇਜ਼ਰਾਈਲ ਨੇ ਗਾਜ਼ਾ ਪੱਟੀ 'ਚੋਂ ਫੌਜੀ ਨਫਰੀ ਘਟਾਈ

ਯੇਰੂਸ਼ਲਮ: ਇਜ਼ਰਾਇਲੀ ਫੌਜ ਨੇ ਪਿਛਲੇ ਛੇ ਮਹੀਨੇ ਤੋਂ ਜਾਰੀ ਟਕਰਾਅ ਮਗਰੋਂ ਦੱਖਣੀ ਗਾਜ਼ਾ ਪੱਟੀ ਵਿਚੋਂ ਆਪਣੀ ਜ਼ਮੀਨੀ ਫੌਜ ਦੀ ਨਫ਼ਰੀ ਘਟਾਉਣ ਦਾ ਦਾਅਵਾ ਕੀਤਾ ਹੈ। ਗਾਜ਼ਾ ਪੱਟੀ ਦੇ ਇਸ ਹਿੱਸੇ ਵਿਚ ਹੁਣ ਸਿਰਫ ਇਕੋ ਬ੍ਰਿਗੇਡ ਬਚੀ ਹੈ। ਇਜ਼ਰਾਈਲ ਦੀ ਇਸ ਪੇਸ਼ਕਦਮੀ ਦਾ ਮੁੱਖ ਕਾਰਨ ਵਾਸ਼ਿੰਗਟਨ ਵੱਲੋਂ ਪਾਏ ਦਬਾਅ ਨੂੰ ਮੰਨਿਆ ਜਾ ਰਿਹਾ ਹੈ। ਉਂਜ ਇਜ਼ਰਾਈਲ ਨੇ ਸੁਰੱਖਿਆ ਬਲ ਵਾਪਸ ਸੱਦਣ ਦਾ ਕੋਈ ਕਾਰਨ ਨਹੀਂ ਦੱਸਿਆ ਤੇ ਨਾ ਹੀ ਵਾਪਸ ਸੱਦੇ ਫੌਜੀਆਂ ਬਾਰੇ ਕੋਈ ਅਧਿਕਾਰਤ ਅੰਕੜਾ ਜਾਰੀ ਕੀਤਾ ਹੈ। ਇਸ ਦੌਰਾਨ ਮਿਸਰ ਨੇ ਗੋਲੀਬੰਦੀ ਨੂੰ ਲੈ ਕੇ ਗੱਲਬਾਤ ਦੇ ਨਵੇਂ ਗੇੜ ਦੀ ਮੇਜ਼ਬਾਨੀ ਲਈ ਤਿਆਰੀ ਕੱਸ ਲਈ ਹੈ। ਗੱਲਬਾਤ ਵਿਚ ਇਜ਼ਰਾਈਲ ਤੇ ਹਮਾਸ ਦੇ ਨੁਮਾਇੰਦੇ ਸ਼ਾਮਲ ਹੋ ਸਕਦੇ ਹਨ। ਉਂਜ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਕੌਮਾਂਤਰੀ ਦਬਾਅ ਅੱਗੇ ਨਹੀਂ ਝੁਕੇਗਾ ਤੇ ਨਾ ਹਮਾਸ ਦੀਆਂ 'ਸਿਖਰਲੀਆਂ ਮੰਗਾਂ' ਅੱਗੇ ਗੋਡੇ ਟੇਕੇਗਾ। ਉਧਰ ਇਜ਼ਰਾਈਲ ਨੇ ਪੂਰਬੀ ਲਿਬਨਾਨ ਵਿਚ ਹਵਾਈ ਹਮਲੇ ਕੀਤੇ। ਹਮਲਿਆਂ ਦੌਰਾਨ ਇਰਾਨ ਦੀ ਹਮਾਇਤ ਵਾਲੇ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ ਇਜ਼ਰਾਈਲ ਨੇ ਇਹ ਹਮਲਾ ਉਸ ਘਟਨਾ ਦੇ ਜਵਾਬ ਵਿਚ ਕੀਤਾ ਹੈ ਜਦੋਂ ਹਿਜ਼ਬੁੱਲ੍ਹਾ ਨੇ ਲਿਬਨਾਨੀ ਹਵਾਈ ਖੇਤਰ ਵਿਚ ਘੁੰਮਦੇ ਇਜ਼ਰਾਇਲੀ ਹਰਮਸ 900 ਡਰੋਨ ਨੂੰ ਹੇਠਾਂ ਸੁੱਟ ਲਿਆ ਸੀ। ਇਜ਼ਰਾਇਲੀ ਫੌਜ ਨੇ ਇਕ ਬਿਆਨ ਵਿਚ ਕਿਹਾ ਕਿ ਲੜਾਕੂ ਜਹਾਜ਼ਾਂ ਨੇ ਬਾਲਬੇਕ ਦੇ ਪੂਰਬੀ ਸ਼ਹਿਰ ਵਿਚ ਹਿਜ਼ਬੁੱਲ੍ਹਾ ਦੇ ਫੌਜੀ ਅਹਾਤੇ ਤੇ ਤਿੰਨ ਹੋਰਨਾਂ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ। ਸੂਤਰਾਂ ਮੁਤਾਬਕ ਇਸ ਦੌਰਾਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਇਜ਼ਰਾਈਲ ਵੱਲੋਂ ਕੀਤੀ ਗੋਲੀਬਾਰੀ ਵਿਚ ਹੁਣ ਤੱਕ 270 ਹਿਜ਼ਬੁੱਲ੍ਹਾ ਲੜਾਕੇ ਤੇ 50 ਆਮ ਨਾਗਰਿਕ ਮਾਰੇ ਜਾ ਚੁੱਕੇ ਹਨ ਤੇ ਦੱਖਣੀ ਲਿਬਨਾਨ ਵਿਚ 90 ਹਜ਼ਾਰ ਲੋਕ ਬੇਘਰ ਹੋ ਗਏ ਹਨ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency Call anytime at 847-436-9010

EARLY BIRD SALE!!!!
Etihad, Air India, KLM, Lufthansa, Delta, Qatar Airlines.
Domestic fares available

Book Release Function on Visakhi At Gurdawara Sahib, Palatine

Book Release Function

SIKH WARRIORS IN WORLD WARS

(Second Enlarged Edition)

By Satnam Singh Aulakh (Retd. Inspector, B.S.F.)

ਸ. ਸਤਨਾਮ ਸਿੰਘ ਔਲਖ ਦੀ ਕਿਤਾਬ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' (ਦੂਜਾ ਐਡੀਸ਼ਨ) ਵਿਸਾਖੀ ਮੌਕੇ 14 ਅਪਰੈਲ, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਰਿਲੀਜ਼ ਕੀਤੀ ਜਾ ਰਹੀ ਹੈ।

ਇਸ ਕਿਤਾਬ ਵਿਚ ਸਿੱਖਾਂ ਦੀਆਂ ਹੁਣ ਤੱਕ ਦੀਆਂ ਸੰਸਾਰ ਜੰਗਾਂ ਵਿਚ ਦਿਖਾਈਆਂ ਬਹਾਦਰੀਆਂ ਅਤੇ ਕੀਤੀਆਂ ਕੁਰਬਾਨੀਆਂ ਦੀ ਗੱਲ ਕੀਤੀ ਗਈ ਹੈ।

ਪਾਠਕ ਵਿਸਾਖੀ ਮੌਕੇ ਲੱਗਣ ਵਾਲੇ ਸਟਾਲ ਤੋਂ ਇਹ ਪੁਸਤਕ ਖਰੀਦ ਸਕਦੇ ਹਨ।

Aulakh Family of Tapiala



ਸ. ਸਤਨਾਮ ਸਿੰਘ ਔਲਖ ਵਲੋਂ ਲਿਖੀ ਗਈ ਕਿਤਾਬ 'ਸਿੱਖ ਵਾਰੀਅਰਜ਼ ਇਨ ਵਰਲਡ ਵਾਰਜ਼' (ਦੂਜਾ ਐਡੀਸ਼ਨ) ਦਾ ਸਰਵਰਕ।

Sher-E-Punjab Sports & Cultural Society Cincinnati (OH)

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਸਮੂਹ ਸੰਗਤਾਂ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

ਲੱਖ ਲੱਖ ਵਧਾਈ ਹੋਵੇ

1699 ਦੀ ਵਿਸਾਖੀ ਮੌਕੇ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬਲ ਵੀ ਬਖਸ਼ਿਆ।

Charanjit Singh Brar | Amrik Singh Tiwana | Harvinder Walia | Harinder Singh Kang | Gurpreet Singh Gill | Gurminder Sandhu | Palwinder Dhillon | Jaswant Singh Jassi | Vineet Gupta

Surjeet Singh Mavi | Amarjit Aggarwal | Pritampaul Singh | Paramjit Singh Garcha | Happy Matot | Narinder Pal Tatla | Gurnek Singh | Harvinder Kang Binda | Happy Mundi

Surinder Cheema | Sukhdev Singh Garcha | Surmukh Singh Kang | Pamma Dhilwan | Simranjit Malhi | Raj Sandhu | Surinder Pal | Guru Dharni | Goldi Mundi

E-mail: Sherepunjabsociety@gmail.com

ਗਾਖਲ ਪਰਿਵਾਰ ਆਪਣੇ ਵਡੇਰਿਆਂ ਦੀ ਯਾਦ 'ਚ 'ਪ੍ਰਭ ਆਸਰਾ' ਨੂੰ ਸਾਲਾਨਾ ਦੇਵੇਗਾ 5 ਲੱਖ ਰੁਪਏ

ਲੋੜਵੰਦਾਂ ਨੂੰ ਦਿੱਤਾ ਜਾਵੇਗਾ ਰਾਸ਼ਨ ਤੇ ਹੋਰ ਜ਼ਰੂਰੀ ਸਾਮਾਨ: ਅਮੋਲਕ ਸਿੰਘ ਗਾਖਲ

ਸ. ਨਸੀਬ ਸਿੰਘ ਗਾਖਲ

'ਪ੍ਰਭ ਆਸਰਾ' ਦੇ ਲੋੜਵੰਦਾਂ ਨਾਲ ਸ. ਅਮੋਲਕ ਸਿੰਘ ਗਾਖਲ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਵੰਡ ਛਕੋ' ਦੇ ਸਿਧਾਂਤ ਨੂੰ ਆਪਣੇ ਉੱਤੇ ਲਾਗੂ ਕਰਦਿਆਂ ਗਾਖਲ ਪਰਿਵਾਰ ਆਪਣੇ ਦਾਨ ਦੇ ਦਾਇਰੇ ਨੂੰ ਹੋਰ ਵਧਾਉਂਦਿਆਂ ਹੁਣ ਕੁਰਾਲੀ ਵਿਖੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ 'ਪ੍ਰਭ ਆਸਰਾ' ਦੀ ਸਾਲਾਨਾ 5 ਲੱਖ ਰੁਪਏ ਨਾਲ ਸੇਵਾ ਕਰਿਆ ਕਰੇਗਾ। ਉਪਰੋਕਤ ਜਾਣਕਾਰੀ ਦਿੰਦਿਆਂ ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਉਹ ਸਮੂਹ ਗਾਖਲ ਪਰਿਵਾਰ ਵਲੋਂ ਇਹ ਸੇਵਾ ਸ਼ੁਰੂ ਕਰ ਰਹੇ ਹਨ ਅਤੇ 11 ਅਪਰੈਲ, ਦਿਨ ਵੀਰਵਾਰ ਨੂੰ ਉਹ ਆਪਣੇ ਦਾਦਾ ਕਰਮ ਸਿੰਘ ਗਾਖਲ ਤੇ ਦਾਦੀ ਗੁਰਭਾਗ ਕੌਰ ਗਾਖਲ, ਪਿਤਾ ਸ. ਨਸੀਬ ਸਿੰਘ ਗਾਖਲ ਤੇ ਮਾਤਾ ਗੁਰਦੇਵ ਕੌਰ ਗਾਖਲ ਦੀ ਯਾਦ ਵਿਚ ਰਾਸ਼ਨ ਅਤੇ ਹੋਰ ਜ਼ਰੂਰਤ ਦੇ ਸਾਮਾਨ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਪਹਿਲਾਂ ਵੀ ਇਸ ਟਰੱਸਟ ਨਾਲ ਜੁੜੇ ਹੋਏ ਹਨ ਅਤੇ ਸਮੇਂ ਸਮੇਂ 'ਤੇ ਸੇਵਾ ਕਰਦੇ ਰਹਿੰਦੇ ਹਨ।

ਦੱਸਣਯੋਗ ਹੈ ਕਿ ਗਾਖਲ ਪਰਿਵਾਰ ਵਲੋਂ ਪਿਛਲੇ ਸਾਲ ਵਿਸਾਖੀ ਮੌਕੇ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਲੰਗਰ ਲਈ ਰਾਸ਼ਨ ਭੇਟ ਕੀਤਾ ਗਿਆ ਸੀ ਤੇ ਇਸ ਵਾਰ ਵੀ ਕੀਤਾ ਜਾ ਰਿਹਾ ਹੈ। ਅਮੋਲਕ ਸਿੰਘ ਗਾਖਲ ਦਾ ਕਹਿਣਾ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ 'ਤੇ ਚੱਲਦੇ ਹੋਏ ਇਹ ਸੇਵਾ ਹਮੇਸ਼ਾ ਕਰਦੇ ਰਹਿਣਗੇ।

ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ ਦੀ ਅਕਾਲੀ ਦਲ ਵਿਚ ਵਾਪਸੀ

ਲੁਧਿਆਣਾ: ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ੍ਰੀ ਗਰਚਾ ਦੀ ਗੁਰਦੇਵ ਨਗਰ ਸਥਿਤ ਰਿਹਾਇਸ਼ ਵਿਚ ਸਮਾਗਮ ਹੋਇਆ। ਇਸ ਮੌਕੇ ਜਗਦੀਸ਼ ਸਿੰਘ ਗਰਚਾ ਨੇ ਘਰ ਵਾਪਸੀ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ ਹਿੱਤ ਸਿਰਫ਼ ਅਤੇ ਸਿਰਫ਼ ਅਕਾਲੀ ਦਲ ਦੇ ਹੱਥਾਂ ਵਿਚ ਹੀ ਸੁਰੱਖਿਅਤ ਹਨ।

ਸ੍ਰੀ ਬਾਦਲ ਵੱਲੋਂ ਜੋ ਪੰਥਕ ਹਿੱਤਾਂ ਦੀ ਗੱਲ ਕਰਕੇ ਸਾਰੀਆਂ ਖੇਤਰੀ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ, ਉਹ ਇਸ ਅਪੀਲ ਨੂੰ ਵੇਖਦਿਆਂ ਹੀ ਅਕਾਲੀ ਦਲ ਵਿਚ ਮੁੜ ਵਾਪਸ ਆਏ ਹਨ। ਇਸ ਤੋਂ ਪਹਿਲਾਂ ਹਰਜਿੰਦਰ ਸਿੰਘ ਬੌਬੀ ਗਰਚਾ ਨੇ ਸੁਖਬੀਰ ਬਾਦਲ ਦਾ ਸਵਾਗਤ ਕਰਦਿਆਂ ਕਿਹਾ ਕਿ ਗਰਚਾ ਪਰਿਵਾਰ ਸਿਰਫ਼ ਬਾਦਲ ਪਰਿਵਾਰ ਹੀ ਨਹੀਂ ਬਲਕਿ ਅਕਾਲੀ ਦਲ ਨਾਲ ਪਹਿਲਾਂ ਵਾਂਗ ਚਟਾਨ ਵਾਂਗ ਖੜ੍ਹੇਗਾ। ਇਸ ਮੌਕੇ ਸੁਖਬੀਰ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਲੁੱਟ ਕਰਨ ਆਈਆਂ ਦਿੱਲੀ ਦੀਆਂ ਕੌਮੀ ਪਾਰਟੀਆਂ ਨੂੰ ਮੂੰਹ ਨਾ ਲਗਾਉਣ ਅਤੇ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਨ ਤਾਂ ਜੋ ਪੰਜਾਬ, ਪੰਜਾਬੀਅਤ, ਪੰਥ ਅਤੇ ਕੌਮ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਇਸ ਮੌਕੇ ਸ੍ਰੀ ਬਾਦਲ ਨੇ ਕਿਹਾ ਕਿ ਜਗਦੀਸ਼ ਸਿੰਘ ਗਰਚਾ ਦੀ ਉਨ੍ਹਾਂ ਦੇ ਪਰਿਵਾਰ ਨਾਲ 50 ਸਾਲ ਪੁਰਾਣੀ ਸਾਂਝ ਹੈ। ਪਿਛਲੇ ਸਮੇਂ ਦੌਰਾਨ ਕੁਝ ਮੱਤਭੇਦਾਂ ਕਾਰਨ ਉਹ ਪਾਰਟੀ ਤੋਂ ਵੱਖ ਹੋ ਗਏ ਸਨ ਪਰ ਹੁਣ ਉਹ ਮੁੜ ਉਨ੍ਹਾਂ ਦੀ ਅਪੀਲ ਤੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਸ੍ਰੀ ਬਾਦਲ ਨੇ ਕਿਹਾ ਕਿ ਰਵਨੀਤ ਸਿੰਘ ਬਿੱਟੂ ਦੀ ਕਾਂਗਰਸ ਪਾਰਟੀ ਵਿਚ ਹਾਰ ਯਕੀਨੀ ਸੀ ਪਰ ਭਾਜਪਾ ਹਾਈ ਕਮਾਂਡ ਨੇ ਪਤਾ ਨਹੀਂ ਕੀ ਸੋਚ ਕੇ ਉਸ ਨੂੰ ਭਾਜਪਾ ਵਿਚ ਲਿਆਂਦਾ ਹੈ ਪਰ ਉਸ ਦੀ ਹੁਣ ਵੀ ਜ਼ਮਾਨਤ ਜ਼ਬਤ ਹੋਵੇਗੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੇ ਜੇਲ੍ਹ ਜਾਣ ਤੋਂ ਬਾਅਦ ਭਗਵੰਤ ਮਾਨ ਡਰਿਆ ਹੋਇਆ ਹੈ ਅਤੇ ਕੇਜਰੀਵਾਲ ਦੇ ਜੇਲ੍ਹ ਜਾਣ ਤੋਂ ਬਾਅਦ ਉਸ ਨੂੰ ਆਪਣੇ ਘੁਟਾਲਿਆਂ ਦਾ ਡਰ ਸਤਾ ਰਿਹਾ ਹੈ।

Singh Tax & Accounting Services LLC.
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
Ph: 248-982-2036
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Email : STS2021@SinghTaxServices.com; www.SinghTaxServices.com

Mohan Singh
Master in Taxation. IRS Enrolled agent, Notary Public

GoldenKey LENDING
Grow your business with our Strategic
COMERCIAL LOAN SOLUTIONS
Partner with us for expert guidance and support
Contact Us at
317-620-4100
www.goldenkeylending.com
We speak your Language
English • ਪੰਜਾਬੀ • हिंदी • اردو
325 S. College Avenue, Indianapolis, Indiana 46202
NMLS 147421

AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services
• EAD Renewal
• Indian Passport Renewal
• Flight Tickets
• US Citizenship Application
• Visa Services
• Green Card Renewal
• Notary Services
• OCI & Renunciation
• Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
For Airport Drop-Off and Pickup Indy to Chicago Please Contact AVI at:
847-226-2323
Located in INDIANAPOLIS (IN)



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
• Jumbo Loans
• Self Employed and with a work permit
• Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

ਮਾਨ ਵੱਲੋਂ 'ਆਪ' ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣ ਦੀਆਂ ਹਦਾਇਤਾਂ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਲੋਕ ਸਭਾ ਚੋਣਾਂ ਦੀ ਰਣਨੀਤੀ ਉਲੀਕਣ ਲਈ ਮੀਟਿੰਗਾਂ ਕਰਕੇ ਵਿਧਾਇਕਾਂ ਤੋਂ ਜ਼ਮੀਨੀ ਪੱਧਰ 'ਤੇ ਫੀਡਬੈਕ ਲੈ ਰਹੇ ਹਨ। ਇਸੇ ਤਹਿਤ ਮਾਨ ਨੇ ਚੰਡੀਗੜ੍ਹ ਵਿਚ ਸਥਿਤ ਆਪਣੀ ਸਰਕਾਰੀ ਰਿਹਾਇਸ਼ 'ਤੇ ਲੋਕ ਸਭਾ ਹਲਕਾ ਸੰਗਰੂਰ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਵਿਧਾਇਕਾਂ ਨਾਲ ਮੀਟਿੰਗ ਕੀਤੀ।

ਇਸ ਦੌਰਾਨ ਉਨ੍ਹਾਂ 'ਆਪ' ਆਗੂਆਂ ਨੂੰ ਮੁਹਿੰਮ ਚਲਾ ਕੇ ਲੋਕਾਂ ਨੂੰ ਸੂਬਾ ਸਰਕਾਰ ਦੀਆਂ ਦੋ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਉਣ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿਚ ਸੰਗਰੂਰ ਤੋਂ 'ਆਪ' ਦੇ ਉਮੀਦਵਾਰ ਤੇ ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ, ਵਿੱਤ ਮੰਤਰੀ ਤੇ ਦਿੜ੍ਹਬਾ ਦੇ ਵਿਧਾਇਕ ਹਰਪਾਲ ਸਿੰਘ ਚੀਮਾ, ਮੰਤਰੀ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ, ਹਲਕਾ ਲਹਿਰਾਗਾਗਾ ਦੇ ਵਿਧਾਇਕ ਬਰਿੰਦਰ ਕੁਮਾਰ ਗੋਇਲ, ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ, ਮਹਿਲ ਕਲਾਂ ਦੇ ਵਿਧਾਇਕ ਡਾ. ਕੁਲਵੰਤ ਪੰਡੋਰੀ, ਮਾਲੇਰਕੋਟਲਾ ਦੇ ਵਿਧਾਇਕ ਮੁਹੰਮਦ ਜਮੀਲ ਉਰ ਰਹਿਮਾਨ ਅਤੇ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਸ਼ਾਮਲ ਸਨ।

ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਪਿਛਲੇ ਦੋ ਸਾਲਾਂ ਵਿਚ ਕੀਤੇ ਸਾਰੇ ਕੰਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਦੀ ਚੰਗੀ ਕਾਰਗੁਜ਼ਾਰੀ ਦਾ ਇਨਾਮ ਦੇਣ ਲਈ ਤਿਆਰ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 'ਆਪ' ਵੱਲੋਂ ਲੋਕ ਹਿੱਤ ਵਿਚ ਕੰਮ ਕੀਤਾ ਜਾ ਰਿਹਾ ਹੈ। 'ਆਪ' ਨੇ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਨੂੰ 5 ਮੁੱਖ ਗਰੰਟੀਆਂ ਦਿੱਤੀਆਂ ਸਨ, ਜਿਸ ਵਿਚੋਂ 4 ਪੂਰੀਆਂ ਕਰ ਦਿੱਤੀਆਂ ਹਨ ਜਦੋਂ ਕਿ ਬਾਕੀ ਰਹਿੰਦੀ ਇਕ ਗਾਰੰਟੀ ਜਲਦੀ ਪੂਰੀ ਕਰ ਦਿੱਤੀ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਲੀ-ਭਾਂਤ ਜਾਣਦੇ ਹਨ ਕਿ ਕੇਂਦਰ ਸਰਕਾਰ ਸੂਬੇ ਨਾਲ ਵਿਤਕਰਾ ਕਰ ਰਹੀ ਹੈ। ਉਸ ਨੇ ਆਰ.ਡੀ.ਐਫ. ਦੀ 5 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਰੋਕੀ ਹੋਈ ਹੈ। ਇਸ ਕਰਕੇ ਪੰਜਾਬ ਦੇ ਵਿਕਾਸ ਕਾਰਜ ਰੁਕੇ ਪਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਕਿਸਾਨਾਂ ਨਾਲ ਧੱਕੇਸ਼ਾਹੀ ਕੀਤੀ ਹੈ, ਜਿਸ ਕਰਕੇ ਦੇਸ਼ ਦੇ ਅੰਨਦਾਤਾ ਨੂੰ ਅੰਦੋਲਨ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਾਜਪਾ ਨੂੰ ਕਦੇ ਵੀ ਵੋਟ ਨਹੀਂ ਪਾਉਣਗੇ।

'ਆਪ' ਵਿਧਾਇਕ ਗੋਲਡੀ ਕੰਬੋਜ ਦੇ ਪਿਤਾ ਬਸਪਾ 'ਚ ਸ਼ਾਮਲ

ਜਲੰਧਰ: ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਜਲਾਲਾਬਾਦ ਤੋਂ ਵਿਧਾਇਕ ਜਗਦੀਪ ਗੋਲਡੀ ਕੰਬੋਜ ਦੇ ਪਿਤਾ ਸੁਰਿੰਦਰ ਕੰਬੋਜ 'ਆਪ' ਦਾ ਸਾਥ ਛੱਡ ਕੇ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਲ ਹੋ ਗਏ। ਜਲੰਧਰ ਸਥਿਤ ਬਸਪਾ ਦੇ ਸੂਬਾ ਦਫ਼ਤਰ ਵਿਚ ਪਾਰਟੀ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਪੰਜਾਬ ਇੰਚਾਰਜ ਵਿਧਾਇਕ ਡਾ. ਨਛੱਤਰਪਾਲ ਦੀ ਹਾਜ਼ਰੀ ਵਿਚ ਸੁਰਿੰਦਰ ਕੰਬੋਜ ਬਸਪਾ ਵਿਚ ਸ਼ਾਮਲ ਹੋਏ।

ਇਸ ਦੌਰਾਨ ਜਸਵੀਰ ਸਿੰਘ ਗੜ੍ਹੀ ਨੇ ਕੰਬੋਜ ਦਾ ਪਾਰਟੀ ਵਿਚ ਸਵਾਗਤ ਕੀਤਾ। ਉਨ੍ਹਾਂ ਬਸਪਾ ਦਾ ਕੰਬੋਜ ਭਾਈਚਾਰੇ ਨਾਲ ਗੂੜ੍ਹਾ ਰਿਸ਼ਤਾ ਰਿਹਾ ਹੈ। ਬਸਪਾ ਪ੍ਰਧਾਨ ਨੇ ਕਿਹਾ ਕਿ ਕੰਬੋਜ ਭਾਈਚਾਰੇ ਨੂੰ ਸੁਰਿੰਦਰ ਕੰਬੋਜ ਰਾਹੀਂ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਵਿਧਾਇਕ ਡਾ. ਨਛੱਤਰਪਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਲਿਤ ਵਿਰੋਧੀ ਨੀਤੀਆਂ 'ਤੇ ਚੱਲ ਰਹੀ ਹੈ ਜੋ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਸਨ, ਉਹ ਹਾਲੇ ਤੱਕ ਪੂਰੇ ਨਹੀਂ ਹੋਏ। ਪੰਜਾਬ ਦੇ ਲੋਕ ਇੰਨੇ ਦੁਖੀ ਹਨ ਕਿ ਆਮ ਆਦਮੀ ਪਾਰਟੀ ਦੇ ਚੁਣੇ ਹੋਏ ਨੁਮਾਇੰਦੇ ਦੇ ਪਿਤਾ ਸੁਰਿੰਦਰ ਕੰਬੋਜ ਬਸਪਾ ਵਿਚ ਸ਼ਾਮਲ ਹੋ ਗਏ।

ਬਿਕਰਮ ਮਜੀਠੀਆ ਨੂੰ ਝੂਠੇ ਕੇਸ 'ਚ ਫਸਾਉਣ ਦੇ ਦੋਸ਼

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਝੂਠੇ ਕੇਸ 'ਚ ਫਸਾਉਣ ਲਈ ਸਾਜ਼ਿਸ਼ ਘੜਨ ਦੇ ਦੋਸ਼ ਲਗਾਏ ਹਨ। ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਇੱਥੇ ਪਾਰਟੀ ਦਫ਼ਤਰ ਵਿਚ ਮੀਡੀਆ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਚੈਨਲ ਦੇ ਇੰਟਰਵਿਊ 'ਚ ਮੰਨਿਆ ਕਿ ਪੰਜਾਬ ਸਰਕਾਰ ਵੱਲੋਂ ਕਾਂਗਰਸ ਸਰਕਾਰ ਸਮੇਂ ਮਜੀਠੀਆ ਖਿਲਾਫ ਦਰਜ ਕੀਤੇ ਪੁਰਾਣੇ ਝੂਠੇ ਕੇਸ ਦੀ ਫਾਈਲ ਮੁੜ ਖੋਲ੍ਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਨੂੰ ਨਸ਼ਾ ਤਸਕਰੀ ਦੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਪਰ ਸੂਬਾ ਸਰਕਾਰ ਕਾਮਯਾਬ ਨਾ ਹੋ ਸਕੀ। ਇਸ ਦੇ ਨਾਲ ਹੀ ਅਦਾਲਤ ਨੇ ਮਜੀਠੀਆ ਨੂੰ ਜ਼ਮਾਨਤ ਦੇ ਦਿੱਤੀ ਹੈ ਤਾਂ ਹੁਣ 'ਆਪ' ਸਰਕਾਰ ਜਾਣਬੁੱਝ ਕੇ ਪਿਛਲੀ ਸਰਕਾਰ ਵੇਲੇ ਦਰਜ ਝੂਠੇ ਕੇਸ ਨੂੰ ਖੋਲ੍ਹਣ ਜਾ ਰਹੀ ਹੈ।

ਮਹਿਲਾ ਉਮੀਦਵਾਰਾਂ ਨੂੰ ਕਿਸੇ ਵੀ ਸਿਆਸੀ ਧਿਰ ਨੇ ਨਹੀਂ ਦਿੱਤੀ ਤਵੱਜੋ

ਚੰਡੀਗੜ੍ਹ: ਭਾਵੇਂ ਹਰ ਖੇਤਰ 'ਚ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨ ਦਾ ਢੰਡੋਰਾ ਪਿੱਟਿਆ ਜਾਂਦਾ ਹੈ ਪਰ ਹਾਲ ਹੀ ਵਿਚ ਹਾਕਮ ਧਿਰ ਵੱਲੋਂ ਦਸ ਲੋਕ ਸਭਾ ਹਲਕਿਆਂ ਲਈ ਐਲਾਨੇ ਗਏ ਉਮੀਦਵਾਰਾਂ ਵਿਚੋਂ ਇਕ ਵੀ ਔਰਤ ਨਹੀਂ ਹੈ। ਲੋਕ ਸਭਾ ਚੋਣਾਂ ਲਈ ਸੂਬੇ 'ਚ ਔਰਤਾਂ ਨੂੰ ਉਮੀਦਵਾਰ ਬਣਾਉਣ ਲਈ ਕਿਸੇ ਵੀ ਸਿਆਸੀ ਧਿਰ ਨੇ ਤਵੱਜੋ ਨਹੀਂ ਦਿੱਤੀ। ਹਾਲਾਂਕਿ ਭਾਜਪਾ ਵੱਲੋਂ ਪਟਿਆਲਾ ਲੋਕ ਸਭਾ ਹਲਕੇ ਤੋਂ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ।

ਪਿਛਲੇ ਇਤਿਹਾਸ ਮੁਤਾਬਕ ਪੰਜਾਬ 'ਚੋਂ ਹੁਣ ਤੱਕ ਲੋਕ ਸਭਾ ਵਿਚ ਔਰਤਾਂ ਦੀ ਭਾਗੀਦਾਰੀ ਵੀ ਨਿਗੂਣੀ ਰਹੀ ਹੈ ਅਤੇ ਹੁਣ ਤੱਕ ਕਰੀਬ ਛੇ ਦਹਾਕੇ ਦੌਰਾਨ ਪੰਜਾਬ ਵਿਚੋਂ ਤਕਰੀਬਨ 10 ਔਰਤਾਂ ਹੀ ਸੰਸਦ ਦੀਆਂ ਪੌੜੀਆਂ ਚੜ੍ਹੀਆਂ ਹਨ ਜਿਨ੍ਹਾਂ ਵਿਚ ਫ਼ਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ ਅਤੇ ਗੁਰਬਿੰਦਰ ਕੌਰ ਬਰਾੜ, ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਪਟਿਆਲਾ ਤੋਂ ਮਹਿੰਦਰ ਕੌਰ ਅਤੇ ਪ੍ਰਨੀਤ ਕੌਰ, ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ, ਲੁਧਿਆਣਾ ਤੋਂ ਰਾਜਿੰਦਰ ਕੌਰ ਬੁਲਾਰਾ, ਰੋਪੜ ਤੋਂ ਬਿਮਲ ਕੌਰ ਖਾਲਸਾ, ਗੁਰਦਾਸਪੁਰ ਤੋਂ ਸੁਖਬੰਸ ਕੌਰ ਭਿੰਡਰ ਅਤੇ ਸੰਗਰੂਰ ਤੋਂ ਨਿਰਲੇਪ ਕੌਰ ਸ਼ਾਮਲ ਹਨ।

ਮਹਿਲਾ ਰਾਖਵਾਂਕਰਨ ਬਿੱਲ ਲੋਕ ਸਭਾ ਅਤੇ ਰਾਜ ਸਭਾ ਵਿਚੋਂ ਪਾਸ ਹੋਣ ਦੇ ਬਾਵਜੂਦ ਇਸ ਸਾਲ ਦੀਆਂ ਚੋਣਾਂ ਵਿਚ ਲਾਗੂ ਨਹੀਂ ਹੋਇਆ। ਸੂਬੇ ਵਿਚ ਸਾਲ 2018 ਦੀਆਂ ਪੰਚਾਇਤੀ ਚੋਣਾਂ ਵਿਚ ਕਾਂਗਰਸ ਨੇ ਔਰਤ ਉਮੀਦਵਾਰਾਂ ਨੂੰ 50 ਫ਼ੀਸਦੀ ਨੁਮਾਇੰਦਗੀ ਦਿੱਤੀ ਸੀ। ਦੇਸ਼ ਵਿਚ ਨਰਸਿਮਹਾ ਰਾਓ ਦੀ ਸਰਕਾਰ ਦੌਰਾਨ 1992 ਵਿਚ ਸੰਵਿਧਾਨ ਦੀ 72ਵੀਂ ਅਤੇ 73ਵੀਂ ਸੋਧ ਕਰ ਕੇ ਸਥਾਨਕ ਸਰਕਾਰਾਂ ਜਿਵੇਂ ਗ੍ਰਾਮ ਪੰਚਾਇਤਾਂ, ਨਗਰ ਪੰਚਾਇਤਾਂ, ਨਗਰ ਪਾਲਿਕਾਵਾਂ ਵਿਚ 33 ਫ਼ੀਸਦ ਸੀਟਾਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਸਨ। ਪੰਚਾਇਤਾਂ ਵਿਚ ਤਾਂ ਤਿੰਨ ਦਹਾਕਿਆਂ ਤੋਂ ਔਰਤਾਂ ਸਰਪੰਚ ਬਣਦੀਆਂ ਰਹੀਆਂ ਹਨ ਪਰ ਉਨ੍ਹਾਂ ਦੇ ਪੰਚ, ਸਰਪੰਚ ਬਣਨ ਦੇ ਬਾਵਜੂਦ ਮਰਦ ਪ੍ਰਧਾਨ ਇਸ ਸਮਾਜ ਵਿਚ ਔਰਤ ਦੀ ਸਥਿਤੀ ਵਿਚ ਕੋਈ ਬੁਨਿਆਦੀ ਫਰਕ ਨਜ਼ਰ ਨਹੀਂ ਆਇਆ। ਤਿੰਨ ਦਹਾਕਿਆਂ ਬਾਅਦ ਵੀ ਬਹੁਤੀਆਂ ਥਾਵਾਂ 'ਤੇ ਔਰਤ ਸਰਪੰਚ, ਮੇਅਰ, ਪ੍ਰਧਾਨ ਦੀ ਬਜਾਏ ਉਸ ਦਾ ਪਤੀ ਹੀ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਹੈ।

ਸੜਕ ਹਾਦਸੇ 'ਚ ਲੁਧਿਆਣਾ ਦੇ ਏ.ਸੀ.ਪੀ. ਅਤੇ ਗੰਨਮੈਨ ਦੀ ਮੌਤ

ਸਮਰਾਲਾ: ਦਿਆਲਪੁਰਾ ਫਲਾਈਓਵਰ ਉਤੇ ਫਾਰਚੂਨਰ ਤੇ ਸਕਾਰਪੀਓ ਗੱਡੀ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਇਸ ਮਗਰੋਂ ਫਾਰਚੂਨਰ ਗੱਡੀ ਨੂੰ ਅੱਗ ਲੱਗ ਗਈ ਤੇ ਉਸ 'ਚ ਸਵਾਰ ਲੁਧਿਆਣਾ ਈਸਟ ਦੇ ਏ.ਸੀ.ਪੀ. ਸੰਦੀਪ ਸਿੰਘ ਅਤੇ ਉਨ੍ਹਾਂ ਦੇ ਗੰਨਮੈਨ ਦੀ ਮੌਤ ਹੋ ਗਈ ਜਦਕਿ ਡਰਾਈਵਰ ਗੰਭੀਰ ਜ਼ਖ਼ਮੀ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਬਠਿੰਡਾ ਦੇ ਬੁਰਜ ਕਾਹਨ ਸਿੰਘ ਵਾਲਾ ਦੇ ਰਹਿਣ ਵਾਲੇ ਤੇ 2016 ਬੈਚ ਦੇ ਪੀ.ਪੀ.ਐੱਸ. ਅਧਿਕਾਰੀ ਸੰਦੀਪ ਸਿੰਘ ਦੇਰ ਰਾਤ ਆਪਣੀ ਫਾਰਚੂਨਰ ਗੱਡੀ 'ਚ ਚੰਡੀਗੜ੍ਹ ਤੋਂ ਲੁਧਿਆਣਾ ਪਰਤ ਰਹੇ ਸਨ। ਗੱਡੀ ਨੂੰ ਪੁਲਿਸ ਕਰਮਚਾਰੀ ਗੁਰਪ੍ਰੀਤ ਸਿੰਘ ਚਲਾ ਰਿਹਾ ਸੀ ਅਤੇ ਅਗਲੀ ਸੀਟ 'ਤੇ ਗੰਨਮੈਨ ਪਰਮਜੋਤ ਸਿੰਘ ਬੈਠਾ ਸੀ। ਦਿਆਲਪੁਰਾ ਫਲਾਈ ਓਵਰ 'ਤੇ ਪਹੁੰਚਦੇ ਹੀ ਸਾਹਮਣਿਓਂ ਆ ਰਹੀ ਸਕਾਰਪੀਓ ਗੱਡੀ ਨਾਲ ਇਨ੍ਹਾਂ ਦੀ ਟੱਕਰ ਹੋ ਗਈ ਅਤੇ ਦੋਵੇਂ ਗੱਡੀਆਂ ਡਿਵਾਈਡਰ ਨਾਲ ਟਕਰਾ ਗਈਆਂ ਜਿਸ ਮਗਰੋਂ ਫਾਰਚੂਨਰ ਨੂੰ ਅੱਗ ਲੱਗ ਗਈ। ਮੌਕੇ 'ਤੇ ਹਾਜ਼ਰ ਲੋਕਾਂ ਦੀ ਮਦਦ ਨਾਲ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਗੱਡੀ 'ਚੋਂ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਏ.ਸੀ.ਪੀ. ਸੰਦੀਪ ਸਿੰਘ ਅਤੇ ਉਨ੍ਹਾਂ ਦੇ ਗੰਨਮੈਨ ਪਰਮਜੋਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ ਜਦਕਿ ਡਰਾਈਵਰ ਗੁਰਪ੍ਰੀਤ ਸਿੰਘ ਗੰਭੀਰ ਹਾਲਤ ਵਿਚ ਡੀ.ਐਮ.ਸੀ. ਲੁਧਿਆਣਾ ਦਾਖਲ ਹੈ। ਇਸ ਭਿਆਨਕ ਹਾਦਸੇ ਲਈ ਜ਼ਿੰਮੇਵਾਰ ਸਕਾਰਪੀਓ ਗੱਡੀ ਦਾ ਚਾਲਕ ਮੌਕੇ ਤੋਂ ਫਰਾਰ ਹੋ ਗਿਆ ਹੈ। ਪੁਲਿਸ ਨੇ ਅਣਪਛਾਤੇ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਵੱਖਰਾ ਮੁਹਾਜ਼ ਖੜ੍ਹਾ ਕਰਨ ਵਾਲੇ ਸਿਆਸੀ ਆਗੂ ਨਹੀਂ ਹੋਏ ਪ੍ਰਵਾਨ

ਚੰਡੀਗੜ੍ਹ: ਪੰਜਾਬ ਵਾਸੀਆਂ ਨੇ ਆਪਣੀ ਮਾਂ ਪਾਰਟੀ ਨਾਲ ਰੁੱਸ ਕੇ ਵੱਖਰਾ ਮੁਹਾਜ਼ ਖੜ੍ਹਾ ਕਰਨ ਵਾਲੇ ਸਿਆਸੀ ਆਗੂਆਂ ਨੂੰ ਕਦੇ ਪ੍ਰਵਾਨ ਨਹੀਂ ਕੀਤਾ। ਅਕਾਲੀ ਦਲ ਤੋਂ ਵੱਖ ਹੋਏ ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੀ ਇਕ ਸਮਰੱਥ ਸਿਆਸੀ ਮੁਹਾਜ਼ ਨਹੀਂ ਬਣਾ ਸਕੇ ਅਤੇ ਮੁੜ ਉਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਕਬੂਲਣੀ ਪਈ ਹੈ। ਮਨਪ੍ਰੀਤ ਬਾਦਲ ਨੇ ਅਕਾਲੀ ਦਲ ਤੋਂ ਵੱਖ ਹੋ ਕੇ ਆਪਣੀ ਪੰਜਾਬ ਪੀਪਲਜ਼ ਪਾਰਟੀ (ਪੀ.ਪੀ.ਪੀ.) ਬਣਾਈ ਸੀ ਪਰ ਉਹ ਵੀ ਵੱਡੀ ਸਿਆਸੀ ਧਿਰ ਬਣਾਉਣ ਵਿਚ ਸਫ਼ਲ ਨਹੀਂ ਹੋਏ ਸਗੋਂ ਕਾਂਗਰਸ ਵਿਚ ਸ਼ਾਮਲ ਹੋਏ ਗਏ। ਹੁਣ ਉਹ ਭਾਜਪਾ ਵਿਚ ਹਨ। ਇਸੇ ਤਰ੍ਹਾਂ ਬਲਵੰਤ ਰਾਮੂਵਾਲੀਆ ਨੇ ਅਕਾਲੀ ਦਲ ਤੋਂ ਵੱਖ ਹੋ ਕੇ ਆਪਣੀ ਲੋਕ ਭਲਾਈ ਪਾਰਟੀ ਬਣਾਈ ਪਰ ਉਹ ਵੱਡੀ ਸਿਆਸੀ ਧਿਰ ਬਣਾਉਣ ਵਿਚ ਸਫ਼ਲ ਨਹੀਂ ਹੋਏ।

ਸੁਖਪਾਲ ਸਿੰਘ ਖਹਿਰਾ ਨੇ 'ਆਪ' ਛੱਡ ਕੇ ਪੰਜਾਬ ਏਕਤਾ ਪਾਰਟੀ ਬਣਾਈ ਪਰ ਉਹ ਵੀ ਸਫ਼ਲ ਨਾ ਹੋਏ ਮਗਰੋਂ ਪਾਰਟੀ ਮਰਜ਼ ਕਰਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਜਲੰਧਰ ਲੋਕ ਸਭਾ ਹਲਕੇ ਤੋਂ ਮੌਜੂਦਾ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਲੁਧਿਆਣਾ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਮੋਗਾ ਤੋਂ ਭਾਜਪਾ ਆਗੂ ਗੁਰਮਿੰਦਰਜੀਤ ਸਿੰਘ ਬਬਲੂ ਸਣੇ ਹੋਰ ਹੋਈਆਂ ਦਲ-ਬਦਲੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਸਿਆਸਤ ਵਿਚ ਸਭ ਕੁਝ ਜਾਇਜ਼ ਹੈ। ਆਉਣ ਵਾਲੇ ਦਿਨਾਂ ਵਿਚ ਦਲ-ਬਦਲੀਆਂ ਦੀ ਰਫਤਾਰ ਹੋਰ ਤੇਜ਼ ਹੋ ਸਕਦੀ ਹੈ। ਇਨ੍ਹਾਂ ਦਲ-ਬਦਲੀਆਂ ਨੇ ਲੋਕਾਂ ਨੂੰ 'ਆਇਆ ਰਾਮ, ਗਿਆ ਰਾਮ' ਦੀ ਸਿਆਸਤ ਚੇਤੇ ਕਰਵਾ ਦਿੱਤੀ ਹੈ। ਲੋਕ ਸਭਾ ਚੋਣ ਮੌਸਮ ਦੌਰਾਨ ਪੰਜਾਬ ਕਾਂਗਰਸ ਜਾਂ ਅਕਾਲੀ ਦਲ ਵਿਚ ਕੋਈ ਕੱਦਾਵਰ ਸਿਆਸੀ ਆਗੂ ਸ਼ਾਮਲ ਨਹੀਂ ਹੋਇਆ ਪਰ ਦੋਵਾਂ ਧਿਰਾਂ ਨੂੰ ਇਹ ਆਸ ਜ਼ਰੂਰ ਹੈ ਕਿ ਰੁੱਸੇ ਆਗੂ ਉਨ੍ਹਾਂ ਦੀ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ।

ਚੋਣ ਕਮਿਸ਼ਨ ਵੱਲੋਂ ਪੰਜਾਬ 'ਚ ਚੋਣਾਂ ਦੀ ਤਿਆਰੀ ਦਾ ਜਾਇਜ਼ਾ

ਚੰਡੀਗੜ੍ਹ: ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਤੇ ਸੀਨੀਅਰ ਪੁਲਿਸ ਕਪਤਾਨਾਂ (ਐਸ.ਐਸ.ਪੀਜ਼.) ਨਾਲ ਵੀਡੀਓ ਕਾਨਫਰੈਂਸਿੰਗ ਰਾਹੀ ਮੀਟਿੰਗ ਕਰਕੇ ਲੋਕ ਸਭਾ ਚੋਣਾਂ ਦੀ ਤਿਆਰੀ ਦਾ ਜਾਇਜ਼ਾ ਲਿਆ। ਇਸ ਦੌਰਾਨ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਪੰਜਾਬ ਦੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਲੋਕ ਸਭਾ ਚੋਣਾਂ 2024 ਦੌਰਾਨ ਸੂਬੇ ਵਿਚ ਨਕਦੀ ਤੇ ਨਸ਼ਾ ਤਸਕਰੀ ਰੋਕਣ ਲਈ ਨਿਗਰਾਨੀ ਵਧਾਉਣ ਦੇ ਨਿਰਦੇਸ਼ ਦਿੱਤੇ।

ਚੋਣ ਕਮਿਸ਼ਨ ਦੇ ਅਧਿਕਾਰੀਆਂ ਨੇ ਗੈਰ-ਸਮਾਜਿਕ ਅਨਸਰਾਂ ਦੀਆਂ ਗੈਰਕਾਨੂੰਨੀ ਗਤੀਵਿਧੀਆਂ ਰੋਕਣ ਲਈ ਸੂਬੇ ਵਿਚ 24 ਘੰਟੇ ਚੌਕਸੀ ਰੱਖਣ ਦੀ ਹਦਾਇਤ ਕੀਤੀ ਹੈ। ਇਸ ਮੌਕੇ ਚੋਣ ਕਮਿਸ਼ਨ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਕਮਿਸ਼ਨਰਾਂ ਤੇ ਸੀਨੀਅਰ ਪੁਲਿਸ ਕਪਤਾਨਾਂ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਸਬੰਧੀ ਜਾਣਕਾਰੀ ਲਈ। ਇਸ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੋਂ ਵੋਟਰਾਂ ਦੀ ਗਿਣਤੀ ਵਧਾਉਣ, ਵੈੱਬਕਾਸਟਿੰਗ ਦੇ ਪ੍ਰਬੰਧਾਂ ਅਤੇ ਪੋਲਿੰਗ ਸਟੇਸ਼ਨਾਂ 'ਤੇ ਸਾਰੀਆਂ ਤਿਆਰੀਆਂ ਕਰਨ ਲਈ ਚੁੱਕੇ ਗਏ ਕਦਮਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਗਈ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਕਮਿਸ਼ਨ ਨੂੰ ਭਰੋਸਾ ਦਿੱਤਾ ਕਿ ਪੰਜਾਬ ਵਿਚ ਲੋਕ ਸਭਾ ਚੋਣਾਂ ਬਿਨਾਂ ਕਿਸੇ ਦਬਾਅ, ਨਿਰਪੱਖ ਅਤੇ ਆਜ਼ਾਦ ਤਰੀਕੇ ਨਾਲ ਕਰਵਾਈਆਂ ਜਾਣਗੀਆਂ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਸ ਵਾਰ ਵੱਧ ਤੋਂ ਵੱਧ ਵੋਟਰਾਂ ਦਾ ਵੋਟਿੰਗ ਵੱਲ ਧਿਆਨ ਖਿੱਚਣ ਵਾਸਤੇ ਸੂਬੇ ਦੇ ਸੱਭਿਆਚਾਰ ਨੂੰ ਦਰਸਾਉਂਦੇ ਮਾਡਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਵਧਾਉਣ ਤੇ ਵੋਟਿੰਗ ਦੇ ਸਮੁੱਚੇ ਤਜ਼ਰਬੇ ਨੂੰ ਤਸੱਲੀਬਖ਼ਸ਼ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਚੋਣ ਕਮਿਸ਼ਨ ਦੀ ਟੀਮ ਨੇ ਸੂਬੇ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ।

ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਹਰ ਪੋਲਿੰਗ ਸਟੇਸ਼ਨ 'ਤੇ ਪੀਣ ਵਾਲੇ ਪਾਣੀ, ਲੋੜੀਂਦੇ ਫਰਨੀਚਰ, ਉਚਿਤ ਰੌਸ਼ਨੀ, ਦਿਸ਼ਾ ਸੂਚਕ, ਹੈਲਪ ਡੈਸਕ ਅਤੇ ਪਖਾਨਿਆਂ ਸਮੇਤ ਹੋਰ ਸਹੂਲਤਾਂ ਵਧਾਉਣ ਲਈ ਪਹਿਲਾਂ ਹੀ ਜ਼ਿਲ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਚੋਣ ਕਮਿਸ਼ਨ ਦੀ ਟੀਮ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵੋਟਿੰਗ ਦੌਰਾਨ ਸੁਰੱਖਿਆ ਡਿਊਟੀ 'ਤੇ ਬਾਹਰੋਂ ਆਉਣ ਵਾਲੇ ਕੇਂਦਰੀ ਬਲਾਂ ਦੇ ਜਵਾਨਾਂ ਦੇ ਰਹਿਣ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ। ਇਸ ਦੌਰਾਨ ਚੋਣ ਕਮਿਸ਼ਨ ਦੀ ਟੀਮ ਨੇ 70 ਫ਼ੀਸਦ ਤੋਂ ਵੱਧ ਵੋਟਾਂ ਦਾ ਟੀਚਾ ਪੂਰਾ ਕਰਨ ਲਈ ਸਹਾਈ ਹੋਣ ਵਾਲੀ ਬੁੱਕਲੈਟ ਵੀ ਰਿਲੀਜ਼ ਕੀਤੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 13 ਅਪਰੈਲ, 2024

ਪੰਜਾਬ ਵਿਚ ਭਾਜਪਾ

ਜਿਉਂ-ਜਿਉਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਕਈ ਥਾਈਂ ਭਾਰਤੀ ਜਨਤਾ ਪਾਰਟੀ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਪਾਰਟੀ 400 ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ ਕਰ ਰਹੀ ਹਨ ਪਰ ਜਿਉਂ-ਜਿਉਂ ਦਿਨ ਲੰਘ ਰਹੇ ਹਨ, ਇਸ ਦਾ ਗਣਿਤ ਵਿਗੜ ਰਿਹਾ ਹੈ। ਚੋਣ ਪਿੜ ਉਤੇ ਲਗਾਤਾਰ ਨਿਗ੍ਹਾ ਰੱਖਣ ਵਾਲੇ ਮਾਹਿਰ ਦੱਸ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਫਿਰਕੂ ਪਾਲਾਬੰਦੀ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਬਹੁਤ ਸਾਰੀਆਂ ਥਾਵਾਂ 'ਤੇ ਲੋਕਾਂ ਨਾਲ ਜੁੜੇ ਮਸਲੇ ਲਗਾਤਾਰ ਉਭਰ ਰਹੇ ਹਨ ਅਤੇ ਲੋਕ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਸਵਾਲ ਕਰ ਰਹੇ ਹਨ। ਭਾਰਤੀ ਜਨਤਾ ਪਾਰਟੀ ਲਈ ਪੰਜਾਬ ਵਿਚ ਹਾਲਾਤ ਤਾਂ ਐਨ ਵੱਖਰੇ ਬਣੇ ਹੋਏ ਹਨ। ਪਾਰਟੀ ਨੇ ਭਾਵੇਂ ਹੋਰ ਪਾਰਟੀਆਂ ਦੇ ਵੱਡੇ ਆਗੂਆਂ ਨੂੰ ਪਾਰਟੀ ਵਿਚ ਰਲਾ ਕੇ ਉਨ੍ਹਾਂ ਨੂੰ ਟਿਕਟਾਂ ਦਿੱਤੀਆਂ ਹਨ ਪਰ ਇਨ੍ਹਾਂ ਆਗੂਆਂ ਨੂੰ ਪੰਜਾਬ ਵਿਚ ਪ੍ਰਚਾਰ ਕਰਨ ਲਈ ਜੂਝਣਾ ਪੈ ਰਿਹਾ ਹੈ। ਕਿਸਾਨ ਥਾਂ-ਪੁਰ-ਥਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਸਵਾਲ ਕਰ ਰਹੇ ਹਨ। ਉਧਰ, ਸੰਯੁਕਤ ਕਿਸਾਨ ਮੋਰਚੇ ਨੇ ਵੀ ਪਾਰਟੀ ਦੇ ਉਮੀਦਵਾਰਾਂ ਨੂੰ ਘੇਰਨ ਲਈ ਪੂਰੀ ਤਿਆਰੀ ਕਰ ਲਈ ਜਾਪਦੀ ਹੈ। ਮੋਰਚੇ ਨੇ ਇਸ ਸਬੰਧੀ ਬਾਕਾਇਦਾ ਪ੍ਰੈੱਸ ਕਾਨਫਰੰਸ ਕਰ ਕੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਘੇਰਨ ਲਈ 11 ਸਵਾਲਾਂ ਦਾ ਸਵਾਲਨਾਮਾ ਜਾਰੀ ਕੀਤਾ ਹੈ। ਇਸ ਸੁਆਲਨਾਮੇ ਵਿਚ ਪੁੱਛਿਆ ਗਿਆ ਹੈ ਕਿ ਕਿਸਾਨ ਅੰਦੋਲਨ ਸਮੇਂ ਕਿਸਾਨਾਂ ਸਾਹਮਣੇ ਕਿੱਲ ਤੇ ਬੈਰੀਕੇਡ ਲਗਾ ਕੇ ਰੋਕਾਂ ਕਿਉਂ ਖੜ੍ਹੀਆਂ ਕੀਤੀਆਂ ਗਈਆਂ, ਨੌਜਵਾਨ ਕਿਸਾਨ ਸ਼ੁਭਕਰਨ ਨੂੰ ਗੋਲੀ ਮਾਰ ਕੇ ਸ਼ਹੀਦ ਕਿਉਂ ਕੀਤਾ, ਕਿਸਾਨਾਂ ਦੇ ਟਰੈਕਟਰ ਭੰਨਣ ਦੇ ਨਾਲ-ਨਾਲ ਕਿਸਾਨਾਂ 'ਤੇ ਹਮਲੇ ਕਿਉਂ ਕੀਤੇ ਗਏ, ਕੇਂਦਰ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਦਾ ਵਾਅਦਾ ਪੂਰਾ ਕਿਉਂ ਨਹੀਂ ਕੀਤਾ, ਸਵਾਮੀਨਾਥਨ ਰਿਪੋਰਟ ਲਾਗੂ ਕਿਉਂ ਕੀਤੀ ਗਈ, ਲਖੀਮਪੁਰ ਖੀਰੀ ਦੇ ਕਤਲਾਂ ਵਿਚ ਇਨਸਾਫ਼ ਕਿਉਂ ਨਹੀਂ ਦਿੱਤਾ ਗਿਆ, ਦਿੱਲੀ ਅੰਦੋਲਨ ਸਮੇਂ ਕਿਸਾਨਾਂ 'ਤੇ ਦਰਜ ਸਾਰੇ ਕੇਸ ਅਜੇ ਤੱਕ ਵਾਪਸ ਕਿਉਂ ਨਹੀਂ ਹੋਏ, ਕਿਸਾਨਾਂ ਦਾ ਕਰਜ਼ਾ ਮੁਆਫ਼ ਕਿਉਂ ਨਹੀਂ ਕੀਤਾ ਗਿਆ, ਬਿਜਲੀ ਸੋਧ ਬਿੱਲ-2020 ਵਾਅਦਾ ਖਿਲਾਫੀ ਕਰਕੇ ਸੰਸਦ ਵਿਚ ਪੇਸ਼ ਕਿਉਂ ਕੀਤਾ ਗਿਆ।

ਇਸ ਦੇ ਨਾਲ ਹੀ ਕਿਸਾਨਾਂ ਨੂੰ ਕਿਹਾ ਗਿਆ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ, ਆਗੂਆਂ ਤੇ ਕਾਰਕੁਨਾਂ ਨੂੰ ਸ਼ਾਂਤਮਈ ਢੰਗ ਨਾਲ ਸਵਾਲ ਪੁੱਛਣ। ਉਧਰ, ਸੰਯੁਕਤ ਕਿਸਾਨ ਮੋਰਚੇ ਤੋਂ ਵੱਖ ਹੋਇਆ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਫਸਲਾਂ ਦੀ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਹੋਰ ਮੰਗਾਂ ਨੂੰ ਲੈ ਕੇ 13 ਫਰਵਰੀ ਤੋਂ ਸ਼ੰਭੂ ਤੇ ਖਨੌਰੀ ਦੀਆਂ ਹੱਦਾਂ 'ਤੇ ਅੰਦੋਲਨ ਕਰ ਰਹੇ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਪੰਜਾਬ ਵਿਚ 50 ਤੋਂ ਵੱਧ ਥਾਵਾਂ 'ਤੇ ਕਿਸਾਨਾਂ ਨੇ ਮੋਦੀ ਸਰਕਾਰ ਦੇ ਪੁਤਲੇ ਵੀ ਫੂਕੇ। ਪੰਜਾਬ ਵਿਚ ਹਾਲਾਤ ਹੁਣ ਅਜਿਹੇ ਬਣ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਨੂੰ ਕੁਝ ਵੀ ਸਮਝ ਨਹੀਂ ਆ ਰਿਹਾ। ਉਮੀਦਵਾਰ ਇਸ ਸਬੰਧੀ ਸ਼ਿਕਾਇਤਾਂ ਲੈ ਕੇ ਹਾਈ ਕਮਾਂਡ ਕੋਲ ਦਿੱਲੀ ਵੀ ਪੁੱਜੇ ਹਨ ਪਰ ਫਿਲਹਾਲ ਉਨ੍ਹਾਂ ਨੂੰ ਕੋਈ ਸਾਰਥਕ ਜਵਾਬ ਨਹੀਂ ਮਿਲਿਆ ਹੈ। ਪਾਰਟੀ ਹਾਈ ਕਮਾਂਡ ਅਜੇ 'ਦੇਖੋ ਤੇ ਉਡੀਕੋ' ਵਾਲੀ ਨੀਤੀ ਉਤੇ ਚੱਲ ਰਹੀ ਹੈ। ਪਾਰਟੀ ਦਾ ਕੋਈ ਵੱਡਾ ਵੀ ਅਜੇ ਤੱਕ ਪੰਜਾਬ ਨਹੀਂ ਆਇਆ ਹੈ। ਕੁਝ ਲੀਡਰ ਚੰਡੀਗੜ੍ਹ ਗੇੜੀ ਮਾਰ ਕੇ ਮੁੜ ਗਏ ਹਨ।

ਇਸੇ ਦੌਰਾਨ ਮੁਲਕ ਦੇ ਕੁਝ ਹੋਰ ਸੂਬਿਆਂ ਵਿਚ ਵੀ ਭਾਰਤੀ ਜਨਤਾ ਪਾਰਟੀ ਨੂੰ ਨਮੋਸ਼ੀ ਝਾਗਣੀ ਪੈ ਰਹੀ ਹੈ। ਦੱਖਣੀ ਸੂਬਿਆਂ ਵਿਚ ਪਾਰਟੀ ਨੂੰ ਬਹੁਤੀ ਆਸ ਨਹੀਂ ਪਰ ਮਹਾਰਾਸ਼ਟਰ ਵਰਗੇ ਸੂਬਿਆਂ ਅੰਦਰ ਵੀ ਇਸ ਦੇ ਪੈਰ ਉਖੜ ਰਹੇ ਹਨ। ਮਹਾਰਾਸ਼ਟਰ ਵਿਚ ਵਿਰੋਧੀ ਗੱਠਜੋੜ 'ਮਹਾ ਵਿਕਾਸ ਅਘਾੜੀ' (ਐੱਮ.ਵੀ.ਏ.) ਨੇ ਲੋਕ ਸਭਾ ਚੋਣਾਂ ਲਈ ਸੀਟ ਵੰਡ ਸਮਝੌਤੇ ਦਾ ਐਲਾਨ ਕਰ ਦਿੱਤਾ। ਇਸ ਸਮਝੌਤੇ ਤਹਿਤ ਸੂਬੇ ਵਿਚ ਸ਼ਿਵ ਸੈਨਾ (ਯੂ.ਬੀ.ਟੀ.) 21, ਕਾਂਗਰਸ 17 ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) 10 ਲੋਕ ਸਭਾ ਸੀਟਾਂ 'ਤੇ ਚੋਣ ਲੜਨਗੀਆਂ। ਸੂਬੇ ਵਿਚ 19 ਅਪਰੈਲ ਤੋਂ 20 ਮਈ ਦੌਰਾਨ ਪੰਜ ਗੇੜਾਂ 'ਚ ਵੋਟਾਂ ਪੈਣੀਆਂ ਹਨ। ਇਉਂ ਸੂਬੇ ਵਿਚ ਵਿਰੋਧੀ ਧਿਰ ਦੀ ਇਕਜੁਟਤਾ ਭਾਰਤੀ ਜਨਤਾ ਪਾਰਟੀ ਲਈ ਵੱਡੀ ਵੰਗਾਰ ਬਣ ਗਈ ਹੈ। ਸਾਲ 2019 ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਕੁੱਲ 48 ਸੀਟਾਂ ਵਿਚੋਂ 23 ਸੀਟਾਂ ਜਿੱਤੀਆਂ ਸਨ। ਉਦੋਂ ਸ਼ਿਵ ਸੈਨਾ ਨੂੰ 18, ਰਾਸ਼ਟਰਵਾਦੀ ਕਾਂਗਰਸ ਪਾਰਟੀ ਨੂੰ 4 ਅਤੇ ਕਾਂਗਰਸ ਨੂੰ ਇਕ ਸੀਟ ਮਿਲੀ ਸੀ। ਉਦੋਂ ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਨੇ ਰਲ ਕੇ ਚੋਣਾਂ ਲੜੀਆਂ ਸਨ। ਇਸੇ ਤਰ੍ਹਾਂ ਰਾਸ਼ਟਰਵਾਦੀ ਕਾਂਗਰਸ ਪਾਰਟੀ ਅਤੇ ਕਾਂਗਰਸ ਦਾ ਆਪਸੀ ਗੱਠਜੋੜ ਸੀ ਪਰ ਐਤਕੀਂ ਸ਼ਿਵ ਸੈਨਾ ਦਾ ਇਕ ਧੜਾ ਅਤੇ ਭਾਰਤੀ ਜਨਤਾ ਪਾਰਟੀ ਇਕ ਪਾਸੇ ਹਨ ਅਤੇ ਸ਼ਿਵ ਸੈਨਾ ਦਾ ਊਧਵ ਧੜਾ, ਕਾਂਗਰਸ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੂਜੇ ਪਾਸੇ ਹਨ। ਇਸੇ ਤਰ੍ਹਾਂ ਬਿਹਾਰ ਦਾ ਹਾਲ ਹੈ। ਸੀਟ ਵੰਡ ਨੂੰ ਲੈ ਕੇ ਉਥੇ ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ ਵਿਚਕਾਰ ਤਕਰਾਰ ਜਿਹਾ ਤਾਂ ਸਾਹਮਣੇ ਆਇਆ ਹੈ ਪਰ ਉਥੇ ਵਿਰੋਧੀ ਖੇਮੇ ਵਿਚੋਂ ਛਾਲ ਮਾਰ ਕੇ ਭਾਰਤੀ ਜਨਤਾ ਪਾਰਟੀ ਨਾਲ ਰਲੇ ਨਿਤੀਸ਼ ਕੁਮਾਰ ਦਾ ਹਾਲ ਬਹੁਤਾ ਚੰਗਾ ਨਹੀਂ। ਉਤਰ ਪ੍ਰਦੇਸ਼ ਵਿਚ ਵੀ ਭਾਰਤੀ ਜਨਤਾ ਪਾਰਟੀ ਨੂੰ ਪਿਛਲੀ ਵਾਰ ਜਿੰਨੀਆਂ ਸੀਟਾਂ ਜਿੱਤਣ ਦੀ ਆਸ ਨਹੀਂ। ਪਿਛਲੀ ਵਾਰ ਭਾਰਤੀ ਜਨਤਾ ਪਾਰਟੀ ਅਤੇ ਸਾਥੀ ਪਾਰਟੀਆਂ ਨੂੰ ਕੁੱਲ 80 ਵਿਚੋਂ 62 ਸੀਟਾਂ ਮਿਲੀਆਂ ਸਨ। 2014 ਵਾਲੀਆਂ ਚੋਣਾਂ ਦੌਰਾਨ ਇਨ੍ਹਾਂ ਨੇ 71 ਸੀਟਾਂ ਜਿੱਤੀਆਂ ਸਨ। ਐਤਕੀਂ ਜਿੱਤ ਦਾ ਗ੍ਰਾਫ ਹੋਰ ਹੇਠਾਂ ਡਿੱਗਣ ਦਾ ਖਦਸ਼ਾ ਹੈ। ਕੁੱਲ ਮਿਲਾ ਕੇ ਵਿਰੋਧੀ ਧਿਰ ਇਸ ਪਾਰਟੀ ਨੂੰ ਤਕੜਾ ਝਟਕਾ ਦੇ ਸਕਦੀ ਹੈ।

ਠਾਹ-ਸੋਟਾ

-ਚਾਚਾ ਬੇਲਿਹਾਜ਼

ਟਿਕਟਾਂ ਦਲਬਦਲੂਆਂ ਨੂੰ?

ਲਵੋ ਦੇਖ ਇਤਹਾਸ ਦੇ ਫੋਲ ਵਰਕੇ ਪਹਿਲੋਂ ਜਿਹੇ ਹੀ ਵਾਕਿਆ ਅੱਜ ਦੇ ਨੇ।
ਸ਼ਿਸਤਾਂ ਬੱਝੀਆਂ ਹੁੰਦੀਆਂ ਹੋਰ ਪਾਸੇ 'ਤੀਰ' ਹੋਧਰ ਹੀ ਕਿਤੇ ਜਾ ਵੱਜਦੇ ਨੇ।
ਵਰਕਰ ਦਲਾਂ ਦੇ ਮਿਹਨਤਾਂ ਕਰਨ ਵਾ.ਲੇ ਭੁੱਖੇ ਰਹਿਣ ਪਰ ਵਿਹਲੜ ਹੀ ਰੱਜਦੇ ਨੇ।
'ਵਰਖਾ' ਸੁਣੀ ਦੀ ਕਿੱਧਰੇ ਹੋਰ ਵਰ੍ਹਦੀ ਬੱਦ.ਲ ਹੋਰ ਹੀ ਗੁੱਠ ਵਿੱਚ ਗੱਜਦੇ ਨੇ।
ਆਏ ਦਿਨ 'ਟਪੂਸੀਆਂ' ਮਾਰ ਰਹੇ ਐ ਆਵੇ ਸੰਗ ਨਾ ਬਿੱਟੂਆਂ-ਬਬਲੂਆਂ ਨੂੰ।
ਦੇਖ ਦੇਖ ਕੇ ਜਨਤਾ ਹੈਰਾਨ ਰਹਿ ਗਈ ਟਿਕਟਾਂ ਲੈਂਦਿਆਂ ਦੇਖ ਦਲਬਦਲੂਆਂ ਨੂੰ!

ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ

ਕੇਂਦਰੀ ਤਾਕਤਾਂ ਦੀ ਦੁਰਵਰਤੋਂ ਅਤੇ 'ਆਪ' ਦੀ ਪਹੁੰਚ

ਭਾਜਪਾ ਨੇ ਤਾਕਤਾਂ ਦਾ ਕੇਂਦਰੀਕਰਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਹੁਣ ਇਹ ਮੁੜ ਸੱਤਾ ਲਈ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਜੇਲ੍ਹੀਂ ਡੱਕ ਰਹੀ ਹੈ। 'ਆਪ' ਨੇ ਕੱਲ੍ਹ ਤੱਕ ਜ਼ਿਆਦਤਰ ਮਾਮਲਿਆਂ ਵਿਚ ਕੇਂਦਰ ਸਰਕਾਰ ਦੇ ਪੱਖ ਵਿਚ ਹੀ ਸਟੈਂਡ ਲਿਆ। ਇਸ ਨੇ ਤਾਂ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਜਿਹੇ ਮਾਮਲਿਆਂ ਤੋਂ ਵੀ ਕਿਨਾਰਾ ਕਰ ਲਿਆ ਸੀ ਪਰ ਹੁਣ ਜਦ ਭਾਜਪਾ ਦਾ ਨਿਸ਼ਾਨਾ ਖੁਦ 'ਆਪ' ਆਗੂ ਬਣ ਰਹੇ ਹਨ ਤਾਂ ਸੰਵਿਧਾਨ ਬਚਾਉਣ ਦੀ ਗੱਲ ਕੀਤੀ ਜਾ ਰਹੀ ਹੈ।

ਕੇਂਦਰੀ ਏਜੰਸੀ ਈ.ਡੀ. ਵੱਲੋਂ ਕਥਿਤ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਖਿਲਾਫ 'ਆਪ' ਵੱਲੋਂ ਵਿੱਢਿਆ ਸੰਘਰਸ਼ ਕੋਈ ਬੱਝਵਾਂ ਰੁਖ ਅਖਤਿਆਰ ਨਹੀਂ ਕਰ ਰਿਹਾ। ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਹੋਈ ਰੈਲੀ ਵਿਚ 'ਇੰਡੀਆ' ਗੱਠਜੋੜ ਵਿਚ ਸ਼ਾਮਲ ਧਿਰਾਂ ਵੱਲੋਂ ਕੀਤੀ ਭਰਵੀਂ ਸ਼ਮੂਲੀਅਤ ਨੇ ਇਸ ਮਾਮਲੇ ਨੂੰ ਉਭਾਰ ਦਿੱਤਾ ਸੀ ਪਰ ਉਸ ਤੋਂ ਬਾਅਦ 'ਆਪ' ਵੱਲੋਂ ਸੰਘਰਸ਼ ਨੂੰ ਦਿੱਲੀ ਵਿਚ ਕੇਂਦਰਿਤ ਕਰਨ ਦੀ ਬਜਾਇ 7 ਅਪਰੈਲ ਨੂੰ ਪੰਜਾਬ ਵਿਚ ਜ਼ਿਲ੍ਹਾ

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪੱਧਰ 'ਤੇ ਕੀਤੀ ਭੁੱਖ ਹੜਤਾਲ ਨੇ ਇਸ ਮਾਮਲੇ ਨੂੰ ਪੇਤਲਾ ਕਰ ਦਿੱਤਾ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਲੋਕ ਸਭਾ ਚੋਣਾਂ ਦਰਮਿਆਨ ਵਿਰੋਧੀ ਧਿਰਾਂ ਦੇ ਅਹਿਮ ਆਗੂ ਨੂੰ ਗ੍ਰਿਫਤਾਰ ਕਰਨਾ ਕੇਂਦਰੀ ਹਕੂਮਤ ਦੀ ਗੈਰ-ਜਮਹੂਰੀ ਕਾਰਵਾਈ ਹੈ। ਭਾਰਤ ਵਿਚ ਪਹਿਲੀ ਵਾਰ ਕਿਸੇ ਮੌਜੂਦਾ ਮੁੱਖ ਮੰਤਰੀ ਨੂੰ ਫੜ ਕੇ ਜੇਲ੍ਹ ਵਿਚ ਬੰਦ ਕੀਤਾ ਗਿਆ ਹੈ। ਚੋਣ ਬਾਂਡ ਦਾ ਮਾਮਲਾ ਦਾ ਜਨਤਕ ਹੋਣ ਤੋਂ ਬਾਅਦ ਇਹ ਸਾਬਤ ਹੋ ਚੁੱਕਾ ਹੈ ਕਿ ਕਥਿਤ ਸ਼ਰਾਬ ਘੁਟਾਲਾ ਮਾਮਲੇ ਵਿਚ ਸਰਕਾਰੀ ਗਵਾਹ ਬਣੇ ਬੰਦੇ ਨੇ ਜ਼ਮਾਨਤ ਮਿਲਣ ਤੋਂ ਬਾਅਦ ਭਾਜਪਾ ਨੂੰ ਚੰਦਾ ਦਿੱਤਾ ਸੀ ਤੇ ਗਵਾਹ ਬਨਣ ਤੋਂ ਬਾਅਦ ਉਸ ਉੱਪਰ ਸਰਕਾਰ ਦੀ ਮਿਹਰਬਾਨੀ ਸਾਫ ਝਲਕਦੀ ਹੈ।

ਕੇਜਰੀਵਾਲ ਦੀ ਗ੍ਰਿਫ਼ਤਾਰੀ ਭਾਵੇਂ ਮੁੱਖ ਰੂਪ ਵਿਚ ਭਾਜਪਾ ਦੀ ਚੋਣ ਰਣਨੀਤੀ ਦਾ ਹਿੱਸਾ ਹੈ ਤੇ ਇਸ ਗ੍ਰਿਫਤਾਰੀ ਦੇ ਢੰਗ ਅਤੇ ਸਮੇਂ ਉੱਪਰ ਸਵਾਲ ਚੁੱਕੇ ਹੀ ਜਾਣੇ ਚਾਹੀਦੇ ਹਨ ਪਰ ਸਾਨੂੰ ਇਹ ਵੀ ਸਾਫ ਹੋਣਾ ਚਾਹੀਦਾ ਹੈ ਕਿ 'ਬਦਲਾਅ' ਦੀ ਰਾਜਨੀਤੀ ਵਿਚੋਂ ਜਨਮੀ ਆਮ ਆਦਮੀ ਪਾਰਟੀ ਦਾ ਕੰਮ ਕਰਨ ਦਾ ਤਰੀਕਾ ਵੀ ਭਾਜਪਾ ਤੋਂ ਬਹੁਤਾ ਵੱਖਰਾ ਨਹੀਂ। ਲੋਕਾਂ ਨੂੰ ਉਮੀਦ ਸੀ ਕਿ ਉਹ ਲੋਕ ਲੋਕਾਂ ਦੇ ਹਿੱਤਾਂ ਲਈ ਕੰਮ ਕਰਨਗੇ ਪਰ 'ਆਪ' ਨੇ ਦਿੱਲੀ ਦੀਆਂ ਪਿਛਲੀਆਂ ਰਵਾਇਤੀ ਸਰਕਾਰਾਂ ਤੋਂ ਵੀ ਇਕ ਕਦਮ ਅੱਗੇ ਜਾਂਦਿਆਂ ਸ਼ਰਾਬ ਰਾਹੀਂ ਦਿੱਲੀ ਸਰਕਾਰ ਦੀ ਆਮਦਨ ਵਧਾਉਣ ਦੀ ਕੋਸ਼ਿਸ਼ ਕੀਤੀ ਅਤੇ ਸਰਕਾਰ ਦਿੱਲੀ ਅੰਦਰ ਨਵੰਬਰ 2021 ਵਿਚ ਨਵੀਂ ਆਬਕਾਰੀ ਨੀਤੀ ਲਿਆਈ ਪਰ ਜਦ ਇਸ ਨੀਤੀ 'ਤੇ ਗੰਭੀਰ ਸਵਾਲ ਉੱਠੇ ਤਾਂ ਅਗਸਤ 2022 ਵਿਚ ਦਿੱਲੀ ਸਰਕਾਰ ਨੇ ਇਸ ਨਵੀਂ ਸ਼ਰਾਬ ਨੀਤੀ ਨੂੰ ਵਾਪਸ ਲੈ ਲਈ। ਨਵੀਂ ਨੀਤੀ ਤਹਿਤ ਦਿੱਲੀ ਸਰਕਾਰ ਸ਼ਰਾਬ ਦੇ ਕਾਰੋਬਾਰ ਨੂੰ ਪੂਰੀ ਤਰ੍ਹਾਂ ਨਿੱਜੀ ਕੰਪਨੀਆਂ ਦੇ ਹੱਥਾਂ ਵਿਚ ਦੇ ਰਹੀ ਸੀ। ਇਸ ਨੀਤੀ ਨੂੰ ਲਿਆਉਣ ਦਾ ਕੇਜਰੀਵਾਲ ਸਰਕਾਰ ਦਾ ਮੰਤਵ ਮਾਲੀਆ ਵਧਾਉਣਾ ਸੀ। ਕਿੰਨੀ ਅਜੀਬ ਗੱਲ ਹੈ ਕਿ ਲੋਕ ਪੱਖੀ ਸਰਕਾਰ ਹੋਣ ਦਾ ਦੰਭ ਰਚਣ ਵਾਲੀ ਸਰਕਾਰ ਆਮਦਨ ਦੇ ਹੋਰ ਸਾਧਨ ਲੱਭਣ ਦੀ ਥਾਂ ਸ਼ਰਾਬ ਦੀਆਂ ਫੌੜ੍ਹੀਆਂ 'ਤੇ ਤੁਰਨਾ ਲੋਚਦੀ ਹੈ।

ਵੈਸੇ ਇਸ ਮਾਮਲੇ ਵਿਚ ਕੇਜਰੀਵਾਲ ਦੀ ਗ੍ਰਿਫਤਾਰੀ ਕੋਈ ਪਹਿਲੀ ਗ੍ਰਿਫਤਾਰੀ ਨਹੀਂ; ਇਸ ਤੋਂ ਪਹਿਲਾਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਸਤੇਂਦਰ ਜੈਨ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਸਮੇਤ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੰਜੇ ਸਿੰਘ ਹੁਣ ਜ਼ਮਾਨਤ ਉੱਪਰ ਬਾਹਰ ਆ ਚੁੱਕੇ ਹਨ।

ਈ.ਡੀ. 'ਤੇ ਸਵਾਲ ਉਠਾਉਂਦਿਆਂ ਕੇਜਰੀਵਾਲ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ

ਅਸਤੀਫਾ ਨਾ ਦੇਣ ਦਾ ਫੈਸਲਾ ਸਿਰਫ ਆਪਣੇ ਖੁਦ ਦੇ ਮਾਮਲੇ ਵਿਚ ਹੀ ਲਿਆ ਹੈ। ਇਸੇ ਕੇਸ ਵਿਚ ਜੇਲ੍ਹ ਵਿਚ ਬੰਦ ਸਿਸੋਦੀਆ ਅਤੇ ਸਤੇਂਦਰ ਜੈਨ ਤੋਂ ਅਸਤੀਫੇ ਲਏ ਗਏ ਸਨ। ਉਸ ਸਮੇਂ ਇਹ ਫੈਸਲਾ ਕਿਉਂ ਨਹੀਂ ਕੀਤਾ ਗਿਆ? ਜੇ ਉਸ ਸਮੇਂ ਹੀ ਇਹ ਫੈਸਲਾ ਕਰ ਲਿਆ ਜਾਂਦਾ ਤਾਂ ਸ਼ਾਇਦ ਅੱਜ ਸਥਿਤੀ ਇਸ ਤਰ੍ਹਾਂ ਦੀ ਨਾ ਬਣਦੀ।

ਕੇਂਦਰੀ ਏਜੰਸੀਆਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਵਿਰੋਧੀ ਧਿਰਾਂ ਦੇ ਆਗੂਆਂ ਤੇ ਜਮਹੂਰੀ ਕਾਰਕੁਨਾਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਈ.ਡੀ. ਵੱਲੋਂ ਜੁਲਾਈ 2005 ਤੋਂ ਲੈ ਕੇ 31 ਜਨਵਰੀ 2023 ਦਰਮਿਆਨ ਦਰਜ ਕੀਤੇ 5906 ਮਾਮਲਿਆਂ ਵਿਚ 513 ਜਣੇ ਗ੍ਰਿਫ਼ਤਾਰ ਕੀਤੇ ਗਏ; ਇਸ ਸਮੇਂ ਦਰਮਿਆਨ ਮਹਿਜ਼ 24 ਮਾਮਲਿਆਂ ਵਿਚ ਦੋਸ਼ ਸਾਬਿਤ ਹੋਏ। ਸਵਾਲ ਇਹ ਹੈ ਕਿ ਜਦ ਕੇਂਦਰੀ ਏਜੰਸੀਆਂ ਜਮਹੂਰੀ ਕਾਰਕੁਨਾਂ ਅਤੇ ਵਿਰੋਧੀ ਧਿਰਾਂ ਦੇ ਹੋਰ ਆਗੂਆਂ ਖਿਲਾਫ ਕਾਰਵਾਈ ਕਰ ਰਹੀਆਂ ਸਨ ਤਾਂ ਉਸ ਸਮੇਂ 'ਆਪ' ਨੇ ਇਸ ਮਾਮਲੇ ਨੂੰ ਕਿੰਨਾ ਕੁ ਉਭਾਰਿਆ ਸੀ।

ਕੇਂਦਰੀ ਏਜੰਸੀਆਂ ਨੇ ਕੇਜਰੀਵਾਲ ਤੋਂ ਬਗੈਰ ਵੀ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ, ਕੇ. ਕਵਿਤਾ ਜਿਹੇ ਦਰਜਨਾਂ ਆਗੂਆਂ ਨੂੰ ਆਪਣੇ ਘੇਰੇ ਵਿਚ ਲਿਆ ਹੋਇਆ ਹੈ। ਇਹ ਸਵਾਲ ਉੱਠ ਰਹੇ ਹਨ ਕਿ ਵਿਰੋਧੀ ਧਿਰਾਂ ਦੇ ਅਨੇਕਾਂ ਲੀਡਰਾਂ ਉੱਪਰ ਈ.ਡੀ., ਸੀ.ਬੀ.ਆਈ. ਜਾਂਚ ਦੀ ਤਲਵਾਰ ਲਟਕਾ ਕੇ ਉਹਨਾਂ ਨੂੰ ਭਾਜਪਾ ਆਪਣੇ ਵਿਚ ਸ਼ਾਮਲ ਕਰ ਰਹੀ ਹੈ। ਇਕ ਮੀਡੀਆ ਅਦਾਰੇ ਵੱਲੋਂ ਤੱਥਾਂ ਸਹਿਤ ਇਹ ਪੇਸ਼ ਕੀਤਾ ਗਿਆ ਹੈ ਕਿ 2014 ਵਿਚ ਭਾਜਪਾ ਦੀ ਅਗਵਾਈ ਵਾਲੇ ਐੱਨ.ਡੀ.ਏ. ਦੇ ਸੱਤਾ ਵਿਚ ਆਉਣ ਤੋਂ ਬਾਅਦ ਜਿਹੜੇ 25 ਮੁੱਖ ਸਿਆਸਤਦਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਰ ਕੇ ਕੇਂਦਰੀ ਏਜੰਸੀਆਂ ਦੇ ਰਾਡਾਰ 'ਤੇ ਸਨ। ਪਾਰਟੀ ਬਦਲ ਕੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਇਹਨਾਂ 25 ਵਿਚੋਂ 23 ਆਗੂਆਂ ਨੂੰ ਈ.ਡੀ., ਸੀ.ਬੀ.ਆਈ. ਅਤੇ ਆਮਦਨ ਕਰ ਵਿਭਾਗ ਦੀਆਂ ਕਾਰਵਾਈਆਂ ਤੋਂ ਨਿਜਾਤ ਮਿਲ ਗਈ; ਭਾਵ, ਉਨ੍ਹਾਂ ਖਿਲਾਫ਼ ਕੇਸ ਜਾਂ ਤਾਂ ਬੰਦ ਕਰ ਦਿੱਤੇ ਗਏ ਜਾਂ ਠੰਢੇ ਬਸਤੇ ਵਿਚ ਪਾ ਦਿੱਤੇ ਗਏ।

ਅਸਲ ਵਿਚ ਭਾਰਤ ਵਿਚ ਈ.ਡੀ. ਵਰਗੀਆਂ ਏਜੰਸੀਆਂ ਨੂੰ ਐਨੀ ਵੱਡੀ ਪੱਧਰ 'ਤੇ ਤਾਕਤਾਂ ਦਿੱਤੀਆਂ ਗਈਆ ਹਨ ਕਿ ਈ.ਡੀ. ਬਗੈਰ ਪੁਲਿਸ ਜਾਂ ਅਦਾਲਤੀ ਵਾਰੰਟ ਦੇ ਕਿਤੇ ਵੀ ਛਾਪੇ ਮਾਰ ਸਕਦੀ ਹੈ ਜਾਂ ਗ੍ਰਿਫ਼ਤਾਰੀ ਕਰ ਸਕਦੀ ਹੈ। ਪਹਿਲਾਂ ਪੁਲਿਸ ਅਧਿਕਾਰੀਆਂ ਵੱਲੋਂ ਲਏ ਬਿਆਨ ਨੂੰ ਅਦਾਲਤਾਂ ਬਹੁਤੀ ਅਹਿਮੀਅਤ ਨਹੀਂ ਦਿੰਦੀਆਂ ਸਨ ਪਰ ਹੁਣ ਸਥਿਤੀ ਇਹ ਹੈ ਕਿ ਈ.ਡੀ. ਦੇ ਅਧਿਕਾਰੀਆਂ ਮੂਹਰੇ ਦਿੱਤਾ ਬਿਆਨ ਵੀ ਕਿਸੇ ਖਿਲਾਫ ਅਹਿਮ ਸਬੂਤ ਵਜੋਂ ਪੇਸ਼ ਕੀਤਾ ਜਾਂਦਾ ਹੈ। ਆਮ ਤੌਰ 'ਤੇ ਪੁਲਿਸ ਕਿਸੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਕੇ ਉਸ ਖਿਲਾਫ ਦੋਸ਼ ਸਾਬਤ ਕਰਦੀ ਹੈ ਪਰ ਇੱਥੇ ਮਾਮਲਾ ਬਿਲਕੁੱਲ ਉਲਟ ਹੈ; ਈ.ਡੀ. ਵੱਲੋਂ ਗ੍ਰਿਫਤਾਰ ਕਰ ਕੇ ਜਦੋਂ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਮੁਲਜ਼ਮ ਵੱਲੋਂ ਖੁਦ ਨੂੰ ਬੇਗੁਨਾਹ ਸਾਬਤ ਕਰਨਾ ਪੈਂਦਾ ਹੈ।

'ਆਪ' ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਦੀ ਜ਼ਮਾਨਤ ਅਰਜ਼ੀ ਸਵੀਕਾਰਨ ਸਮੇਂ ਸੁਪਰੀਮ ਕੋਰਟ ਦੇ ਬੈਂਚ ਵੱਲੋਂ ਕੀਤੀਆਂ ਟਿੱਪਣੀਆਂ ਧਿਆਨ ਮੰਗਦੀਆਂ ਹਨ। ਅਦਾਲਤ ਨੇ ਕਿਹਾ ਹੈ ਕਿ ਸੰਜੇ ਸਿੰਘ ਕੋਲੋਂ ਕੋਈ ਧਨ ਬਰਾਮਦ ਨਹੀਂ ਹੋਇਆ ਅਤੇ ਨਾ ਹੀ ਧਨ ਦੀ ਕੋਈ ਪੈੜ ਨੱਪੀ ਜਾ ਸਕੀ ਹੈ ਕਿ ਰਿਸ਼ਵਤ ਦੇ ਤੌਰ 'ਤੇ ਜੋ ਰਕਮ ਦੇਣ ਦੀ ਗੱਲ ਕੀਤੀ ਜਾ ਰਹੀ ਸੀ, ਉਹ ਕਿੱਧਰ ਗਈ। ਸੰਜੇ ਸਿੰਘ ਦੀ ਜ਼ਮਾਨਤ ਮਾਮਲੇ ਵਿਚ ਅਦਾਲਤੀ ਸੁਣਵਾਈ ਦੌਰਾਨ ਤਾਂ ਏਜੰਸੀ ਨੇ ਇਹ ਆਖ ਦਿੱਤਾ ਕਿ ਉਸ ਨੂੰ ਜ਼ਮਾਨਤ ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ ਪਰ ਫਿਰ ਉਸ ਨੂੰ 6 ਮਹੀਨੇ ਜੇਲ੍ਹ ਵਿਚ ਕਿਉਂ ਰੱਖਿਆ ਗਿਆ?

ਪਿਛਲੇ ਦਸ ਸਾਲ ਤੋਂ ਸੱਤਾ 'ਤੇ ਕਾਬਜ਼ ਭਾਜਪਾ ਨੇ ਤਾਕਤਾਂ ਦਾ ਕੇਂਦਰੀਕਰਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ ਤੇ ਹੁਣ ਉਹ ਕੇਂਦਰੀ ਸੱਤਾ 'ਤੇ ਮੁੜ ਕਾਬਜ਼ ਹੋਣ ਲਈ ਵਿਰੋਧੀ ਧਿਰਾਂ ਦੇ ਆਗੂਆਂ ਨੂੰ ਜੇਲ੍ਹੀਂ ਡੱਕ ਰਹੀ ਹੈ ਪਰ 'ਆਪ' ਵੱਲੋਂ ਹੁਣ ਤੱਕ ਜੰਮੂ ਕਸ਼ਮੀਰ ਵਿਚੋਂ ਧਾਰਾ 370 ਮਨਸੂਖ ਕਰਨ ਸਮੇਤ ਜ਼ਿਆਦਤਰ ਮਾਮਲਿਆਂ ਵਿਚ ਕੇਂਦਰ ਸਰਕਾਰ ਦੇ ਪੱਖ ਵਿਚ ਹੀ ਸਟੈਂਡ ਲਿਆ ਗਿਆ ਹੈ। 'ਆਪ' ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਜਿਹੇ ਮਾਮਲਿਆਂ ਨੂੰ ਜਾਣਬੁੱਝ ਕੇ ਉਠਾਉਣ ਤੋਂ ਕਿਨਾਰਾ ਕਰ ਲਿਆ ਸੀ ਪਰ ਹੁਣ ਜਦ ਭਾਜਪਾ ਦਾ ਨਿਸ਼ਾਨਾ ਖੁਦ 'ਆਪ' ਆਗੂ ਬਣ ਰਹੇ ਹਨ ਤਾਂ ਸੰਵਿਧਾਨ ਬਚਾਉਣ ਦੀ ਗੱਲ ਕੀਤੀ ਜਾ ਰਹੀ ਹੈ। ਸੁਖਪਾਲ ਸਿੰਘ ਖਹਿਰਾ ਵਰਗੇ ਆਗੂ ਕੇਜਰੀਵਾਲ ਦੀ ਗ੍ਰਿਫਤਾਰੀ ਖਿਲਾਫ ਕਿਵੇਂ 'ਆਪ' ਦਾ ਸਾਥ ਦੇਣਗੇ ਜਿਨ੍ਹਾਂ ਨੂੰ 'ਆਪ' ਆਗੂਆਂ ਨੇ ਭਾਜਪਾ ਦੀ ਤਰਜ਼ 'ਤੇ ਹੀ ਸਿਆਸੀ ਬਦਲਾਖੋਰੀ ਤਹਿਤ ਜੇਲ੍ਹ ਡੱਕੀ ਰੱਖਿਆ ਸੀ?

ਵਿਰੋਧੀ ਧਿਰਾਂ ਇਹ ਤਾਂ ਕਹਿ ਰਹੀਆਂ ਹਨ ਕਿ ਇਹ ਚੋਣਾਂ ਲੋਕਤੰਤਰ ਨੂੰ ਬਚਾਉਣ ਦੀ ਸਭ ਤੋਂ ਵੱਡੀ ਲੜਾਈ ਹਨ ਪਰ ਉਹੀ ਵਿਰੋਧੀ ਧਿਰਾਂ ਭਾਜਪਾ ਖਿਲਾਫ ਠੋਸ ਰਣਨੀਤੀ ਬਣਾ ਕੇ ਸੰਘਰਸ਼ ਕਰਨ ਤੋਂ ਟਾਲਾ ਵੱਟ ਰਹੀਆਂ ਹਨ। ਭਾਜਪਾ ਵਰਗੀ ਫਿਰਕੂ ਪਾਰਟੀ ਖਿਲਾਫ ਲੜਨਾ ਐਡਾ ਸੌਖਾ ਨਹੀਂ; ਉਸ ਖਿਲਾਫ ਲੜਨ ਲਈ ਨੈਤਿਕ ਤੌਰ 'ਤੇ ਮਜ਼ਬੂਤ ਵਿਚਾਰਧਾਰਕ ਲੀਡਰਸ਼ਿਪ ਦੀ ਜ਼ਰੂਰਤ ਹੈ। 'ਆਪ' ਨੇ ਜਿਸ ਤਰ੍ਹਾਂ ਇਕ ਬਿਰਤਾਂਤ ਸਿਰਜ ਕੇ ਖੁਦ ਨੂੰ ਸਥਾਪਤ ਕੀਤਾ ਸੀ, ਉਸ ਦਾ ਸਿੱਟਾ ਇਹ ਹੈ ਕਿ ਹੁਣ ਭਾਜਪਾ ਵੱਲੋਂ ਥੋੜ੍ਹਾ ਝਟਕਾ ਦੇਣ ਤੋਂ ਬਾਅਦ ਹੀ ਇਸ ਦੇ ਰਾਘਵ ਚੱਢਾ ਵਰਗੇ ਆਗੂ ਵਿਦੇਸ਼ ਜਾ ਬੈਠੇ ਹਨ ਤੇ ਕਈ ਸੁਸ਼ੀਲ ਰਿੰਕੂ, ਸ਼ੀਤਲ ਅੰਗੁਰਾਲ ਵਰਗੇ ਭਾਜਪਾ ਵਿਚ ਹੀ ਸ਼ਾਮਲ ਹੋ ਗਏ ਹਨ। ਕੇਜਰੀਵਾਲ, ਹੇਮੰਤ ਸੋਰਨੇ, ਕੇ. ਕਵਿਤਾ ਸਮੇਤ ਵਿਰੋਧੀ ਧਿਰਾਂ ਖਿਲਾਫ ਭਾਜਪਾ ਹਕੂਮਤ ਵੱਲੋਂ ਵਿੱਢੀ ਬਦਲਾਖੋਰੀ ਦੀ ਸਿਆਸਤ ਖਿਲਾਫ ਇਕਜੁਟ ਹੋਣ ਦੀ ਜ਼ਰੂਰਤ ਤਾਂ ਹੈ ਪਰ ਇਹ ਤਾਂ ਹੀ ਸੰਭਵ ਹੈ ਜੇਕਰ ਵਿਰੋਧੀ ਧਿਰਾਂ ਦੀਆਂ ਸੂਬਾ ਸਰਕਾਰਾਂ ਸੰਘੀ ਢਾਂਚੇ ਦੀ ਮਜ਼ਬੂਤੀ, ਰਾਜਾਂ ਦੇ ਅਧਿਕਾਰਾਂ ਤੇ ਮਨੁੱਖੀ ਅਧਿਕਾਰਾਂ, ਲੋਕ ਹਿੱਤਾਂ ਜਿਹੇ ਮਾਮਲਿਆਂ 'ਤੇ ਸਪਸ਼ਟਤਾ ਨਾਲ ਸਟੈਂਡ ਲੈਣ।

ਆਲਮੀ ਤਪਸ਼ ਅਤੇ ਮਨੁੱਖ ਦੇ ਭਵਿੱਖ ਦਾ ਸਵਾਲ

ਗੁਰਚਰਨ ਸਿੰਘ ਨੂਰਪੁਰ
ਫੋਨ: +91-98550-51099

ਜਿਸ ਆਕਾਸ਼ ਗੰਗਾ ਦੇ ਅਸੀਂ ਵਾਸੀ ਹਾਂ, ਇਸ ਦੇ ਕੁਲ ਨੌਂ ਗ੍ਰਹਿ ਹਨ। ਇਨ੍ਹਾਂ ਵਿਚੋਂ ਕੇਵਲ ਧਰਤੀ 'ਤੇ ਹੀ ਜੀਵਨ ਹੈ। ਅਜਿਹਾ ਕਿਉਂ? ਇਸ ਦੇ ਕੁਝ ਖਾਸ ਕਾਰਨ ਹਨ। ਸਭ ਤੋਂ ਅਹਿਮ ਕਾਰਨ ਹੈ ਧਰਤੀ ਸੂਰਜ ਤੋਂ ਖਾਸ ਦੂਰੀ 'ਤੇ ਸਥਿਤ ਹੈ। ਇਸ ਦੁਆਲੇ ਹਵਾਵਾਂ ਦਾ ਗਿਲਾਫ ਜਿਹਾ ਚੜ੍ਹਿਆ ਹੋਇਆ ਹੈ ਜਿਸ ਨੂੰ ਅਸੀਂ ਵਾਯੂ ਮੰਡਲ ਆਖਦੇ ਹਾਂ। ਇਸ ਵਾਯੂ ਮੰਡਲ ਕਰ ਕੇ ਧਰਤੀ 'ਤੇ ਨਿੱਘ ਬਣੀ ਰਹਿੰਦੀ ਹੈ ਜੋ ਜੀਵਨ ਲਈ ਸਾਜ਼ਗਾਰ ਹਾਲਾਤ ਪੈਦਾ ਕਰਦੀ ਹੈ। ਇਸ ਦੇ ਉਲਟ ਸੂਰਜ ਨੇੜਲੇ ਗ੍ਰਹਿ ਬੇਹੱਦ ਗਰਮ ਹਨ ਅਤੇ ਧਰਤੀ ਤੋਂ ਵੱਧ ਦੂਰੀ ਵਾਲੇ ਗ੍ਰਹਿ ਠੰਢੇ ਯਖ ਹਨ। ਖਾਸ ਤਾਪਮਾਨ ਸਦਕਾ ਹੀ ਧਰਤੀ 'ਤੇ ਜੀਵਨ ਸੰਭਵ ਹੋਇਆ। ਇੱਥੇ ਜੀਵ, ਜੰਤੂ, ਪਸ਼ੂ, ਪੰਛੀ ਚਹਿਕਦੇ ਹਨ; ਬਨਸਪਤੀ ਉਗਦੀ ਹੈ।

ਵਾਯੂ ਮੰਡਲ ਤੋਂ ਭਾਵ ਹਵਾਵਾਂ ਦੇ ਅਜਿਹੇ ਮਿਸ਼ਰਨ ਤੋਂ ਹੈ ਜਿਸ ਵਿਚ ਵੱਖ-ਵੱਖ ਗੈਸਾਂ ਵੱਖ-ਵੱਖ ਮਿਕਦਾਰ ਵਿਚ ਮੌਜੂਦ ਹਨ। ਪੁਲਾੜ ਵਿਚ ਜਾ ਕੇ ਦੇਖਿਆਂ ਧਰਤੀ ਦੂਜੇ ਗ੍ਰਹਿਆਂ ਵਰਗੀ ਨਹੀਂ ਦਿਸਦੀ। ਇਹ ਦੁਧੀਆ ਬੱਦਲਾਂ ਵਿਚ ਲਿਪਟੀ ਦੂਜੇ ਗ੍ਰਹਿ ਤੋਂ ਵੱਧ ਖ਼ੂਬਸੂਰਤ ਨਜ਼ਰ ਆਉਂਦੀ ਹੈ। ਧਰਤੀ ਦੇ ਵਾਯੂ ਮੰਡਲ ਦੀ ਉਪਰਲੀ ਸਤਿਹ ਉੱਤੇ ਹਲਕੀਆਂ ਗੈਸਾਂ ਹਨ, ਇਨ੍ਹਾਂ ਵਿਚ ਹੀ ਓਜ਼ੋਨ ਦੀ ਪਰਤ ਹੈ ਜੋ ਸੂਰਜ ਦੀਆਂ ਅਲਟਰਾ-ਵਾਇਲਟ ਕਿਰਨਾਂ ਨੂੰ ਧਰਤੀ 'ਤੇ ਆਉਣ ਤੋਂ ਰੋਕਦੀ ਹੈ। ਜਦੋਂ ਸੂਰਜੀ ਗਰਮੀ ਧਰਤੀ 'ਤੇ ਪੈਂਦੀ ਹੈ ਤਾਂ ਇਸ ਗਰਮੀ ਦੀ ਕੁਝ ਮਾਤਰਾ ਧਰਤੀ ਆਪਣੇ ਅੰਦਰ ਸਮਾਉਂਦੀ ਹੈ, ਬਾਕੀ ਵਾਪਸ ਛੱਡ ਦਿੰਦੀ ਹੈ ਜਿਸ ਸਦਕਾ ਧਰਤੀ 'ਤੇ ਤਾਪਮਾਨ ਸਾਵਾਂ ਬਣਿਆ ਰਹਿੰਦਾ ਹੈ ਪਰ ਜਦੋਂ ਧਰਤੀ 'ਤੇ ਵੱਖ-ਵੱਖ ਤਰ੍ਹਾਂ ਦੇ ਸਰੋਤਾਂ ਨਾਲ ਪੈਦਾ ਹੋਏ ਪ੍ਰਦੂਸ਼ਣਾਂ ਨਾਲ ਕਾਰਬਨ ਡਾਇਆਕਸਾਈਡ, ਮੀਥੇਨ, ਕਲੋਰੋਫਲੋਰੋ ਕਾਰਬਨ ਅਤੇ ਕਾਰਬਨ ਮੋਨੋ ਆਕਸਾਈਡ ਵਰਗੀਆਂ ਗੈਸਾਂ ਦਾ ਵਾਧਾ ਧਰਤੀ ਦੀ ਗਰਮੀ ਨੂੰ ਵਾਪਸ ਨਹੀਂ ਜਾਣ ਦਿੰਦਾ। ਇਹ ਗੈਸਾਂ ਇਸ ਨੂੰ ਧਰਤੀ ਦੇ ਵਾਯੂ ਮੰਡਲ ਵਿਚ ਹੀ ਜਜ਼ਬ ਕਰ ਲੈਂਦੀਆਂ ਹਨ। ਇਸ ਨੂੰ ਗ੍ਰੀਨ ਹਾਊਸ ਪ੍ਰਭਾਵ ਕਿਹਾ ਜਾਂਦਾ; ਅਸੀਂ ਇਸ ਨੂੰ ਆਲਮੀ ਤਪਸ਼ ਵੀ ਆਖ ਲੈਂਦੇ ਹਾਂ।

ਗ੍ਰੀਨ ਹਾਊਸ ਗੈਸਾਂ ਦਾ ਵਧ ਰਿਹਾ ਪ੍ਰਭਾਵ ਜੀਵਨ ਲਈ ਖ਼ਤਰਾ ਬਣ ਰਿਹਾ ਹੈ। ਇਸ ਨਾਲ ਧਰਤੀ 'ਤੇ ਜੀਵਨ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਹੋ ਰਹੇ ਹਨ। ਹੁਣ ਤੱਕ ਵਿਗਿਆਨੀ ਇਸ ਨੂੰ ਆਉਣ ਵਾਲੇ ਸਮੇਂ ਦਾ ਸੰਕਟ ਆਖਦੇ ਆਏ ਹਨ ਪਰ ਹੁਣ ਅਜਿਹਾ ਨਹੀਂ ਹੈ। ਹੁਣ ਹਾਲ ਇਹ ਹੈ ਕਿ ਮਨੁੱਖ ਜਾਤੀ ਸਮੇਤ ਦੂਜੀਆਂ ਜੀਵ ਜਾਤੀਆਂ ਸੰਕਟ ਦੇ ਮੁਹਾਣ 'ਤੇ ਖੜ੍ਹੀਆਂ ਹਨ। ਹੁਣ ਤੱਕ 0.8 ਡਿਗਰੀ ਤਾਪਮਾਨ ਵਾਧਾ ਨੋਟ ਕੀਤਾ ਗਿਆ ਹੈ ਪਰ ਇਸ ਨਾਲ ਵੀ ਵੱਡੀਆਂ ਤਬਦੀਲੀਆਂ ਹੋ ਰਹੀਆਂ ਹਨ। ਮੌਸਮਾਂ ਵਿਚ ਅੱਥਰਾ ਵੇਗ ਆ ਗਿਆ ਹੈ। ਮੌਨਸੂਨੀ ਹਵਾਵਾਂ ਬੇਪ੍ਰਤੀਤੀਆਂ ਹੋ ਗਈਆਂ ਹਨ। ਕਿਤੇ ਹੱਦੋਂ ਵੱਧ ਵਰਖਾ ਹੋਣ ਲੱਗ ਪਈ ਹੈ, ਕਿਤੇ ਲੰਮਾ ਸੋਕਾ ਪੈਣ ਲੱਗਿਆ ਹੈ। ਜਿਹੜੇ ਇਲਾਕਿਆਂ ਵਿਚ ਝੜੀਆਂ ਲਗਦੀਆਂ ਸਨ, ਉੱਥੇ ਇੱਕੋ ਵਾਰੀ ਜ਼ਿਆਦਾ ਮੀਂਹ ਪੈਂਦਾ ਹੈ ਅਤੇ ਪਾਣੀ ਧਰਤੀ ਹੇਠ ਰਿਸਣ ਦੀ ਬਜਾਇ ਕੁਝ ਘੰਟਿਆਂ ਵਿਚ ਹੀ ਵਹਿ ਜਾਂਦਾ ਹੈ। ਗਰਮੀ ਦਾ ਮੌਸਮ ਲੰਮਾ ਹੋਣ ਲੱਗ ਪਿਆ ਹੈ। ਸਰਦੀ ਦਾ ਮੌਸਮ ਕੁਝ ਦਿਨਾਂ ਤੱਕ ਸੀਮਤ ਹੋ ਗਿਆ ਹੈ। ਅਗਾਂਹ ਇਸ ਦਾ ਬਹੁਤ ਮਾੜਾ ਅਸਰ ਦਿਸ ਰਿਹਾ ਹੈ, ਉਹ ਇਹ ਕਿ ਬਹੁਤ ਸਾਰੀਆਂ ਜੀਵ ਜਾਤੀਆਂ ਜੋ ਠੰਢੇ ਇਲਾਕਿਆਂ ਵਿਚ ਰਹਿੰਦੀਆਂ ਸੀ, ਨੂੰ ਆਪਣੇ ਟਿਕਾਣੇ ਬਦਲਣ ਦੀ ਲੋੜ ਪੈ ਰਹੀ ਹੈ। ਗਰਮ ਇਲਾਕਿਆਂ ਦੇ ਜੀਵ ਜੰਤੂ ਅਤੇ ਬਿਮਾਰੀ ਫੈਲਾਉਣ ਵਾਲੇ ਕੀਟ ਪਤੰਗੇ ਹੁਣ ਉਨ੍ਹਾਂ ਇਲਾਕਿਆਂ ਵਿਚ ਵੀ ਪ੍ਰਵੇਸ਼ ਕਰਨ ਲੱਗ ਪਏ ਹਨ ਜਿੱਥੇ ਪਹਿਲਾਂ ਇਨ੍ਹਾਂ ਦੀ ਅਣਹੋਂਦ ਸੀ। ਜੀਵਨ ਲਈ ਖਤਰਨਾਕ ਕੀਟਾਂ ਦੀਆਂ ਨਸਲਾਂ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਜਿਸ ਦੇ ਫਲਸਰੂਪ ਬਿਮਾਰੀਆਂ ਤੇਜ਼ੀ ਨਾਲ ਵਧ ਰਹੀਆਂ ਹਨ। ਮਨੁੱਖ ਦੀ ਤੰਦਰੁਸਤੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਕੇਵਲ ਮਨੁੱਖਾਂ ਅਤੇ ਹੋਰ ਜੀਵਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਹੀ ਨਹੀਂ ਵਧੀਆਂ, ਫਸਲਾਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਵੀ ਤੇਜ਼ੀ ਨਾਲ ਵਧ ਰਹੀਆਂ ਹਨ। ਇਹ ਸਭ ਕੁਝ ਸੰਕੇਤ ਹੈ ਕਿ ਅਸੀਂ ਖ਼ਤਰਨਾਕ ਭਵਿੱਖ ਵੱਲ ਵਧ ਰਹੇ ਹਾਂ।

ਵਧ ਰਹੇ ਮਸ਼ੀਨੀਕਰਨ ਦੇ ਦੌਰ ਵਿਚ ਕੁਦਰਤੀ ਸੋਮਿਆਂ ਦੀ ਤਬਾਹੀ ਹੋ ਰਹੀ ਹੈ। ਪਹਾੜ ਪੱਧਰੇ ਕਰ ਕੇ ਮਕਾਨਾਂ ਦੀ ਉਸਾਰੀ ਹੋ ਰਹੀ ਹੈ। ਜੰਗਲੀ ਇਲਾਕਿਆਂ ਵੱਲ ਸਰਕਾਰਾਂ ਦਾ ਕੋਈ ਧਿਆਨ ਨਹੀਂ ਬਲਕਿ ਇਹ ਜੰਗਲ ਤੇਜ਼ੀ ਨਾਲ ਕੱਟੇ ਜਾ ਰਹੇ ਹਨ। ਦਰਿਆਵਾਂ ਨਦੀਆਂ ਵਿਚੋਂ ਰੇਤ ਕੱਢਣ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਧਰਤੀ ਹੇਠਲੇ ਖਣਿਜਾਂ ਦਾ ਵੀ ਇਹੀ ਹਾਲ ਹੈ। ਇਹ ਸਭ ਕੁਝ ਧਰਤੀ 'ਤੇ ਸਦੀਆਂ ਤੋਂ ਬਣੇ ਕੁਦਰਤੀ ਵਾਤਾਵਰਨ ਨੂੰ ਤਬਾਹ ਕਰ ਰਿਹਾ ਹੈ ਅਤੇ ਤਪਸ਼ ਨੂੰ ਹੋਰ ਵਧਾ ਰਿਹਾ ਹੈ। ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਇਸ ਨੂੰ ਵਿਕਾਸ ਦੱਸ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਕੁਦਰਤੀ ਸੋਮਿਆਂ ਦੀ ਤਬਾਹੀ ਵਿਕਾਸ ਨਹੀਂ ਹੁੰਦੀ, ਇਹ ਖ਼ਤਰਨਾਕ ਵਿਨਾਸ਼ ਵੱਲ ਵਧਣ ਦੀ ਸ਼ੁਰੂਆਤ ਹੈ। ਹੁਣ ਮਨੁੱਖ ਆਪਣੀਆਂ ਲੋੜਾਂ ਲਈ ਨਹੀਂ, ਮੁਨਾਫਿਆਂ ਅਤੇ ਲਾਲਚਾਂ ਲਈ ਜਿਊਣ ਲੱਗ ਪਿਆ ਹੈ। ਮਨੁੱਖ ਜਾਤੀ ਨੂੰ ਓਨੀਆਂ ਵਸਤਾਂ ਦੀ ਜ਼ਰੂਰਤ ਨਹੀਂ ਜਿੰਨੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ। ਦੂਜੀ ਗੱਲ, ਇਸ ਵਿਚ ਅਸਾਵਾਂਪਣ ਵੀ ਹੈ। ਧਨਾਢ ਕਾਰਪੋਰੇਸ਼ਨਾਂ ਹਰ ਪੱਖੋਂ ਮਨੁੱਖ ਤੋਂ ਮੁਨਾਫਿਆਂ ਦੀ ਆਸ ਲਾਈ ਬੈਠੀਆਂ ਹਨ। ਮਨੁੱਖ ਦੀ ਹਰ ਲੋੜ ਅਤੇ ਮਜਬੂਰੀ ਤੋਂ ਕਮਾਈਆਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਾਰੂਥਲ ਦਾ ਵਿਸਥਾਰ ਹੋ ਰਿਹਾ ਹੈ। ਪੰਜਾਬ ਵਿਚ ਲਗਭਗ 25 ਸੈਂਟੀਮੀਟਰ ਪਾਣੀ ਹਰ ਸਾਲ ਹੋਰ ਡੂੰਘਾ ਚਲਾ ਜਾਂਦਾ ਹੈ। ਵੱਧ ਤੋਂ ਵੱਧ ਰੁੱਖ ਲਗਾ ਕੇ, ਰੁੱਖਾਂ ਦੀ ਕਟਾਈ ਰੋਕ ਕੇ ਅਤੇ ਪਾਣੀ ਰੀਚਾਰਜ ਕਰ ਕੇ ਇਸ ਦਾ ਹੱਲ ਕੱਢਿਆ ਜਾ ਸਕਦਾ ਹੈ ਪਰ ਇਸ ਲਈ ਸਾਡੀਆਂ ਸਰਕਾਰਾਂ ਕੀ ਕਰ ਰਹੀਆਂ ਹਨ? ਕੁਝ ਵੀ ਨਹੀਂ! ਨਾ ਹੀ ਲੋਕ ਇਸ ਬਾਰੇ ਫ਼ਿਕਰਮੰਦ ਹਨ। ਅਸੀਂ ਜਿਹੜੀ ਜੀਵਨ ਸ਼ੈਲੀ ਅਪਣਾ ਲਈ ਹੈ, ਉਹ ਇੱਕ ਤਰ੍ਹਾਂ ਉਸੇ ਟਾਹਣ ਨੂੰ ਵੱਢਣ ਵਾਂਗ ਹੈ ਜਿਸ 'ਤੇ ਅਸੀਂ ਬੈਠੇ ਹਾਂ। ਅਸੀਂ ਰੋਗ ਦੀ ਜੜ੍ਹ ਲੱਭ ਕੇ ਉਸ ਦਾ ਇਲਾਜ ਕਰਨ ਦੀ ਬਜਾਇ ਰੋਗ ਦੇ ਲੱਛਣ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਹਾਂ। ਅਜਿਹਾ ਕਰ ਕੇ ਅਸੀਂ ਭਰਮ ਪਾਲ ਰਹੇ ਹਾਂ ਕਿ ਅਸੀਂ ਤੰਦਰੁਸਤ ਹੋ ਜਾਵਾਂਗੇ। ਇਹ ਹਕੀਕਤ ਤੋਂ ਅੱਖਾਂ ਮੀਟਣ ਵਾਂਗ ਹੈ। ਮਿਸਾਲ ਵਜੋਂ ਪਾਣੀ ਦੀ ਗ਼ਲਤ ਵਰਤੋਂ ਅਤੇ ਪ੍ਰਦੂਸ਼ਣ ਦੇ ਵਾਧੇ ਕਾਰਨ ਪਾਣੀ ਹੁਣ ਸਾਫ਼ ਨਹੀਂ ਰਿਹਾ। ਅਸੀਂ ਜ਼ਹਿਰਾਂ ਵਾਲਾ ਪਾਣੀ ਫਿਲਟਰਾਂ ਨਾਲ ਸਾਫ਼ ਕਰ ਕੇ ਪੀ ਰਹੇ ਪਰ ਅਸੀਂ ਇਹ ਕਦੀ ਨਹੀਂ ਵਿਚਾਰਿਆ ਕਿ ਇਹ ਪਾਣੀ ਪਲੀਤ ਕਿਵੇਂ ਅਤੇ ਕਿਉਂ ਹੋ ਗਿਆ? ਇਸ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਸਾਨੂੰ ਕੁਝ ਕਰਨ ਦੀ ਲੋੜ ਸੀ ਪਰ ਇਸ ਦੇ ਉਲਟ ਜਦੋਂ ਅਸੀਂ ਪਾਣੀ ਨੂੰ ਸਾਫ਼ ਕਰ ਕੇ ਪੀਣ ਲਈ ਮਜਬੂਰ ਹੁੰਦੇ ਹਾਂ ਤਾਂ ਇਸ ਦਾ ਅਰਥ ਬੜਾ ਖ਼ਤਰਨਾਕ ਹੈ। ਪਾਣੀ ਸਾਫ਼ ਕਰਨ ਦਾ ਅਰਥ ਹੈ, ਹੋਰ ਵੱਧ ਮਾਤਰਾ ਵਿਚ ਪਾਣੀ ਅਤੇ ਊਰਜਾ ਦੀ ਬਰਬਾਦੀ। ਇਸੇ ਤਰ੍ਹਾਂ ਅਸੀਂ ਹਵਾ ਨਾਲ ਕਰਾਂਗੇ। ਹਵਾ ਨੂੰ ਗੰਦਾ ਕਰਨ ਵਾਲੇ ਸਰੋਤਾਂ ਨੂੰ ਰੋਕਣ ਦੀ ਬਜਾਇ ਕਮਰਿਆਂ ਵਿਚ ਹਵਾ ਸਾਫ ਕਰਨ ਵਾਲੇ ਯੰਤਰ ਸਾਨੂੰ ਵੇਚੇ ਜਾਣਗੇ ਜਿਨ੍ਹਾਂ ਨੂੰ ਚਲਾਉਣ ਲਈ ਹੋਰ ਊਰਜਾ ਖਪਤ ਹੋਵੇਗੀ ਅਤੇ ਪ੍ਰਦੂਸ਼ਣ ਵਧੇਗਾ। ਇਵੇਂ ਹੀ ਅਸੀਂ ਜ਼ਹਿਰੀਲੇ ਰਸਾਇਣਾਂ ਨਾਲ ਮਿੱਟੀ ਦੀ ਸਿਹਤ ਗੁਆ ਲਈ ਹੈ। ਬੇਲੋੜੀਆਂ ਵਸਤਾਂ ਦੀ ਹਵਸ ਵਿਚ ਬੇਲੋੜੇ ਕਾਰਖਾਨੇ ਫੈਕਟਰੀਆਂ ਵਾਧੂ ਵਸਤਾਂ ਪੈਦਾ ਕਰ ਕੇ ਵਾਤਾਵਾਰਨ ਦਾ ਘਾਣ ਕਰ ਰਹੇ ਹਨ। ਇਨ੍ਹਾਂ ਤੋਂ ਪੈਦਾ ਹੋਏ ਵਿਗਾੜਾਂ ਨੂੰ ਸਮਝਣ ਦੀ ਬਜਾਇ ਅਸੀਂ ਹੋਰ ਵਿਗਾੜ ਪੈਦਾ ਕਰਨ ਵਾਲੀਆਂ ਵਸਤਾਂ ਵਰਤੋਂ ਵਿਚ ਲਿਆ ਕੇ ਖ਼ੁਦ ਨੂੰ ਠੀਕ ਰੱਖਣ ਦੇ ਭੁਲੇਖੇ ਸਿਰਜ ਰਹੇ ਹਾਂ।

ਮਨੁੱਖ ਦੀ ਵੱਡੀ ਤਰਾਸਦੀ ਇਹ ਹੈ ਕਿ ਅਸੀਂ ਆਪਣੇ ਵਿਸ਼ਵਾਸਾਂ, ਧਰਮਾਂ ਆਦਿ ਖ਼ਾਤਰ ਮਰਨ ਲਈ ਤਾਂ ਇਕੱਠੇ ਹੋ ਸਕਦੇ ਹਾਂ ਪਰ ਜਿਊਣ (ਸਿਹਤ) ਲਈ ਇੱਕ ਮਤ ਨਹੀਂ ਹੋ ਰਹੇ; ਇੱਥੋਂ ਤੱਕ ਕਿ ਆਲਮੀ ਤਪਸ਼ ਬਾਰੇ ਕੁਝ ਦੇਸ਼ਾਂ ਦੀ ਸੁਰ ਵੱਖਰੀ ਹੁੰਦੀ ਹੈ। ਵਿਕਸਤ ਦੇਸ਼ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਕਰ ਰਹੇ ਹਨ; ਇਸ ਦਾ ਖਮਿਆਜ਼ਾ ਗਰੀਬ ਦੇਸ਼ਾਂ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਅੱਜ ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਨਿੱਕੀ ਜਿਹੀ ਚੀਜ਼ ਦੀ ਖਰੀਦ ਨਾਲ ਵੀ ਵਾਤਾਵਰਨ ਦਾ ਕੁਝ ਹਿੱਸਾ ਬਰਬਾਦ ਹੁੰਦਾ ਹੈ, ਇਸ ਲਈ ਸਾਨੂੰ ਵਸਤਾਂ ਦੀ ਰੀਸਾਈਕਲਿੰਗ ਵੱਲ ਧਿਆਨ ਦੇਣ ਦੀ ਲੋੜ ਹੈ। ਵਾਧੂ ਬੇਲੋੜੀਆਂ ਵਸਤਾਂ ਦੀ ਥਾਂ ਕੁਦਰਤੀ ਵਿਹਾਰ ਅਪਣਾਉਣ ਦੀ ਲੋੜ ਹੈ। ਦੁਨੀਆ ਭਰ ਦੀਆਂ ਸਰਕਾਰਾਂ ਸੂਰਜੀ ਊਰਜਾ ਲਈ ਵੱਡੇ ਪ੍ਰੋਗਰਾਮ ਬਣਾਉਣ। ਹਵਾ ਤੋਂ ਊਰਜਾ ਹਾਸਲ ਕੀਤੀ ਜਾਵੇ। ਮਾਰੂਥਲਾਂ ਵਿਚ ਸਿਲੀਕੋਨ ਸੀਟਾਂ ਤੋਂ ਬਿਜਲੀ ਬਣਾ ਕੇ ਊਰਜਾ ਲੋੜਾਂ ਪੂਰੀਆਂ ਕੀਤੀਆਂ ਜਾਣ।

ਅਸੀਂ ਆਪਣੇ ਘਰ ਨੂੰ ਤਾਂ ਘਰ ਸਮਝ ਲਿਆ ਪਰ ਹੁਣ ਲੋੜ ਹੈ- ਦੁਨੀਆ ਦਾ ਹਰ ਮਨੁੱਖ ਇਸ ਧਰਤੀ ਨੂੰ ਆਪਣਾ ਘਰ ਸਮਝੇ। ਇਸ ਸੰਕਲਪ ਨੂੰ ਅੱਗੇ ਵਧਾਉਣਾ ਪਵੇਗਾ। ਮਨੁੱਖਤਾ ਬਚਾਉਣ ਲਈ ਨਹੀਂ ਬਲਕਿ ਕੁਦਰਤ ਦੇ ਪਸਾਰੇ ਵਿਚ ਸਾਡੇ ਆਲੇ-ਦੁਆਲੇ ਰਹਿੰਦੇ ਹੋਰ ਜੀਵਾਂ ਨੂੰ ਵੀ ਇਸ ਧਰਤੀ 'ਤੇ ਰਹਿਣ ਦਾ ਪੂਰਾ ਹੱਕ ਹੈ। ਦੁਨੀਆ ਭਰ ਦੇ ਮਹਾਨ ਪੁਰਸ਼, ਦਾਰਸ਼ਨਿਕ, ਵਿਦਵਾਨ, ਲੇਖਕ ਇਸੇ ਦੁਨੀਆ ਨੂੰ ਹੋਰ ਚੰਗਾ ਬਣਾਉਣ ਲਈ ਯਤਨਸ਼ੀਲ ਰਹੇ ਹਨ। ਹੁਣ ਵਕਤ ਆ ਗਿਆ ਹੈ ਕਿ ਅਸੀਂ ਆਪਣੇ ਆਪ ਨੂੰ ਇਸ ਧਰਤੀ ਨੂੰ ਚੰਗਾ ਬਣਾਉਣ ਲਈ ਯਤਨਸ਼ੀਲ ਹੋਈਏ।

ਦਵਾਈ ਕੰਪਨੀਆਂ ਦੀ ਅੰਨ੍ਹੀ ਮੁਨਾਫ਼ਾਖੋਰੀ

ਡਾ. ਅਰੁਣ ਮਿੱਤਰਾ

ਦਵਾਈਆਂ ਬਣਾਉਣ ਵਾਲੀਆਂ (ਫਾਰਮਾਸਿਊਟੀਕਲ) ਕੰਪਨੀਆਂ ਦੁਨੀਆ ਭਰ ਵਿਚ ਵਿਵਾਦ ਦਾ ਕਾਰਨ ਬਣੀਆਂ ਹੋਈਆਂ ਹਨ। ਦੁਨੀਆ ਭਰ ਵਿਚ ਇਹ ਕੰਪਨੀਆਂ ਲੋਕਾਂ ਦੀ ਸਿਹਤ ਦੀ ਕੀਮਤ 'ਤੇ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ ਜਦੋਂਕਿ ਇਸ ਉਦਯੋਗ ਵਿਚ ਬਹੁਤ ਜ਼ਿਆਦਾ ਮੁਨਾਫ਼ਾਖੋਰੀ ਨੂੰ ਤਰਜੀਹ ਨਹੀਂ ਹੋਣੀ ਚਾਹੀਦੀ।

ਫਾਰਮਾਸਿਊਟੀਕਲ ਕੰਪਨੀਆਂ ਦੁਆਰਾ ਕਮਾਏ ਅਥਾਹ ਮੁਨਾਫ਼ੇ ਨੂੰ ਸਾਬਤ ਕਰਨ ਲਈ ਕਾਫ਼ੀ ਅੰਕੜੇ ਮੌਜੂਦ ਹਨ। ਕੋਵਿਡ ਮਹਾਮਾਰੀ ਦੌਰਾਨ ਵੱਡੀ ਗਿਣਤੀ ਵਿਚ ਲੋਕ ਮਰ ਰਹੇ ਸਨ। ਉਸ ਸਮੇਂ ਟੀਕਾ (ਵੈਕਸੀਨਾਂ) ਬਣਾਉਣ ਵਾਲੀਆਂ ਕੰਪਨੀਆਂ ਨੇ ਭਾਰੀ ਮੁਨਾਫ਼ਾ ਕਮਾਇਆ। ਇੰਨਾ ਹੀ ਨਹੀਂ, ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ, ਜਿਨ੍ਹਾਂ ਕੋਲ ਵੈਕਸੀਨ ਬਣਾਉਣ ਲਈ ਸਰੋਤ ਜਾਂ ਤਕਨੀਕੀ ਜਾਣਕਾਰੀ ਨਹੀਂ ਸੀ, ਨੂੰ ਇਨ੍ਹਾਂ ਕੰਪਨੀਆਂ ਦੁਆਰਾ ਲਾਈਆਂ ਗਈਆਂ ਸ਼ਰਤਾਂ ਮੰਨਣ ਲਈ ਮਜਬੂਰ ਕੀਤਾ ਗਿਆ।

ਇਸ ਮਾਮਲੇ 'ਚ ਭਾਰਤ ਦੇ ਹਾਲਾਤ ਵੀ ਕੋਈ ਬਿਹਤਰ ਨਹੀਂ ਰਹੇ। ਅਪਰਨਾ ਗੋਪਾਲਨ ਨੇ 19 ਜੂਨ 2021 ਨੂੰ 'ਦਿ ਇੰਟਰਸੈਪਟ' ਵਿਚ ਪ੍ਰਕਾਸ਼ਿਤ ਲੇਖ ਵਿਚ ਦੱਸਿਆ ਹੈ ਕਿ "ਪ੍ਰਾਈਵੇਟ ਹਸਪਤਾਲਾਂ ਨੂੰ ਵੇਚੀ ਗਈ ਹਰ ਖੁਰਾਕ ਲਈ ਸੀਰਮ ਨੇ 2000% ਤੱਕ ਅਤੇ ਭਾਰਤ ਬਾਇਓਟੈੱਕ ਨੇ 4000% ਤੱਕ ਦਾ ਮੁਨਾਫ਼ਾ ਕਮਾਇਆ ਜਿਸ ਨੂੰ 'ਸੁਪਰ ਲਾਭ' ਮੰਨਿਆ ਜਾ ਸਕਦਾ ਹੈ।" ਭਾਰਤ ਵਿਚ ਮਹਾਮਾਰੀ ਦੇ ਪਹਿਲੇ ਸਾਲ ਵਿਚ 38 ਨਵੇਂ ਅਰਬਪਤੀ ਬਣੇ ਸਨ; ਦੇਸ਼ ਦੇ 140 ਅਰਬਪਤੀਆਂ ਦੀ ਸੰਯੁਕਤ ਦੌਲਤ ਵਿਚ 90.4% ਵਾਧਾ ਹੋਇਆ ਸੀ। ਸਿਹਤ ਕਾਰਕੁਨਾਂ ਦੁਆਰਾ ਦਵਾਈਆਂ ਦੀਆਂ ਕੀਮਤਾਂ 'ਤੇ ਬਹੁਤ ਰੌਲਾ ਪਾਉਣ ਤੋਂ ਬਾਅਦ ਭਾਰਤ ਸਰਕਾਰ ਨੇ 16 ਸਤੰਬਰ 2015 ਨੂੰ ਦਵਾਈਆਂ ਦੀ ਵਿਕਰੀ ਵਿਚ ਉੱਚ ਵਪਾਰ ਮਾਰਜਿਨ (ਮੁਨਾਫ਼ਾ) 'ਤੇ ਕਮੇਟੀ ਬਣਾਈ। ਕਮੇਟੀ ਨੇ 9 ਦਸੰਬਰ 2015 ਨੂੰ ਆਪਣੀ ਰਿਪੋਰਟ ਸੌਂਪੀ। ਕਮੇਟੀ ਨੇ ਦੱਸਿਆ ਕਿ ਕੁਝ ਦਵਾਈਆਂ 'ਤੇ ਮੁਨਾਫ਼ਾ 5000% ਤੱਕ ਸੀ। ਉਪਾਅ ਵਜੋਂ ਇਸ ਨੇ ਵਪਾਰ ਮਾਰਜਿਨਾਂ ਨੂੰ ਕੈਪਿੰਗ (ਵੱਧ ਤੋਂ ਵੱਧ ਕਿੰਨਾ ਮੁਨਾਫ਼ਾ ਕਮਾਇਆ ਜਾ ਸਕੇ) ਕਰਨ ਦੀ ਸਿਫ਼ਾਰਿਸ਼ ਕੀਤੀ ਅਤੇ ਵਪਾਰ ਦੀ ਕੀਮਤ (ਪੀ.ਟੀ.ਟੀ.) ਦੇ ਪ੍ਰਸੰਗ ਵਿਚ ਗ੍ਰੇਡ ਕੀਤੇ ਵਪਾਰਕ ਮਾਰਜਿਨ ਬਾਰੇ ਪ੍ਰਸਤਾਵ ਦਿੱਤੇ। ਉਨ੍ਹਾਂ ਦੇ ਪ੍ਰਸਤਾਵ ਅਨੁਸਾਰ ਉਤਪਾਦ 'ਤੇ 2 ਰੁਪਏ ਪ੍ਰਤੀ ਯੂਨਿਟ ਜਿਵੇਂ ਪ੍ਰਤੀ ਟੈਬਲੇਟ, ਕੈਪਸੂਲ, ਸ਼ੀਸ਼ੀ, ਟੀਕਾ, ਟਿਊਬ ਆਦਿ ਦੇ ਮੁੱਲ ਦੇ ਨਾਲ ਵਪਾਰਕ ਮਾਰਜਿਨ ਦੀ ਕੈਪਿੰਗ ਦੀ ਸਿਫ਼ਾਰਸ਼ ਨਹੀਂ ਕੀਤੀ ਗਈ ਸੀ ਪਰ ਉੱਚ ਯੂਨਿਟ ਕੀਮਤ 'ਤੇ, ਭਾਵ 2 ਰੁਪਏ ਤੋਂ 20 ਰੁਪਏ ਪ੍ਰਤੀ ਯੂਨਿਟ 'ਤੇ 50% ਦੀ ਕੈਪਿੰਗ ਅਤੇ 20 ਰੁਪਏ ਤੋਂ 50 ਰੁਪਏ ਤੱਕ ਪ੍ਰਤੀ ਯੂਨਿਟ ਕੀਮਤ 'ਤੇ 40% ਦੀ ਕੈਪਿੰਗ ਅਤੇ 50 ਰੁਪਏ ਪ੍ਰਤੀ ਯੂਨਿਟ ਤੋਂ ਉੱਪਰ ਵਪਾਰ ਮਾਰਜਿਨ 'ਤੇ 35% ਕੈਪਿੰਗ ਦੀ ਸਿਫ਼ਾਰਸ਼ ਕੀਤੀ। ਕਮੇਟੀ ਦੇ ਦਸੰਬਰ 2015 ਵਿਚ ਰਿਪੋਰਟ ਸੌਂਪਣ ਦੇ ਬਾਵਜੂਦ ਅੱਜ ਤੱਕ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ।

ਵਿਸ਼ਵ ਸਿਹਤ ਅਸੈਂਬਲੀ ਨੇ 1988 ਵਿਚ ਸਿਫ਼ਾਰਿਸ਼ ਕੀਤੀ ਸੀ ਕਿ ਫਾਰਮਾਸਿਊਟੀਕਲ ਮਾਰਕੀਟਿੰਗ ਤੌਰ ਤਰੀਕਿਆਂ (ਕੰਪਨੀਆਂ ਦੁਆਰਾ ਦਵਾਈਆਂ ਕਿਸ ਢੰਗ ਨਾਲ ਵੇਚੀਆਂ ਜਾਣ) ਨੂੰ ਕੰਟਰੋਲ ਅਧੀਨ, ਸੁਚਾਰੂ ਅਤੇ ਨੈਤਿਕ ਬਣਾਇਆ ਜਾਣਾ ਚਾਹੀਦਾ ਹੈ। ਉਸ ਦੀ ਪਾਲਣਾ ਵਜੋਂ ਭਾਰਤ ਸਰਕਾਰ ਦੇ ਫਾਰਮਾਸਿਊਟੀਕਲ ਵਿਭਾਗ ਨੇ 19 ਮਾਰਚ 2012 ਨੂੰ ਫਾਰਮਾਸਿਊਟੀਕਲ ਕੰਪਨੀਆਂ ਲਈ ਯੂਨੀਫਾਰਮ ਕੋਡ ਫਾਰ ਫਾਰਮਾਸਿਊਟੀਕਲ ਮਾਰਕੀਟਿੰਗ ਪ੍ਰੈਕਟਿਸਜ਼ (ਯੂ.ਸੀ.ਪੀ.ਐੱਮ.ਪੀ.) ਨਾਮਕ ਇੱਕ ਕੋਡ ਬਣਾਇਆ। ਇਸ ਵਿਚ ਮੁੱਖ ਤੌਰ 'ਤੇ ਸਿਰਫ਼ ਸਬੂਤ ਆਧਾਰਿਤ ਦਵਾਈਆਂ ਨੂੰ ਉਤਸ਼ਾਹਿਤ ਕਰਨਾ ਅਤੇ ਬੇਲੋੜੇ ਤੇ ਗ਼ੈਰ-ਪ੍ਰਮਾਣਿਤ ਦਾਅਵਿਆਂ ਤੋਂ ਪਰਹੇਜ਼ ਕਰਨਾ ਅਤੇ ਤਰਕਹੀਣ ਮਿਸ਼ਰਨਾਂ ਜੋ ਨੁਕਸਾਨਦੇਹ ਹੋ ਸਕਦੇ ਹਨ, ਤੋਂ ਬਚਣ ਦੀ ਗੱਲ ਕਹੀ ਗਈ। ਹਾਲਾਂਕਿ ਯੂ.ਸੀ.ਪੀ.ਐੱਮ.ਪੀ. ਵਿਚ ਕਿਹਾ ਗਿਆ ਕਿ ਕੋਡ 6 ਮਹੀਨਿਆਂ ਦੀ ਮਿਆਦ ਲਈ ਸਵੈ-ਇੱਛਤ ਹੋਵੇਗਾ ਜਿਸ ਤੋਂ ਬਾਅਦ ਇਸ ਦੀ ਸਮੀਖਿਆ ਕੀਤੀ ਜਾਵੇਗੀ। ਜੇ ਇਹ ਪਾਇਆ ਜਾਂਦਾ ਹੈ ਕਿ ਫਾਰਮਾਸਿਊਟੀਕਲ ਕੰਪਨੀਆਂ ਦੁਆਰਾ ਇਸ ਦਾ ਸਹੀ ਢੰਗ ਨਾਲ ਪਾਲਣ ਨਹੀਂ ਕੀਤਾ ਜਾ ਰਿਹਾ ਤਾਂ ਇਸ ਨੂੰ ਲਾਜ਼ਮੀ ਬਣਾਇਆ ਜਾਵੇਗਾ। ਹਾਲਾਂਕਿ ਵਿਸ਼ਵ ਵਿਆਪੀ ਤਜਰਬੇ ਨੇ ਦਿਖਾਇਆ ਹੈ ਕਿ ਸਵੈ-ਇੱਛਤ ਨੇਮਾਂ ਦਾ ਪਾਲਣ ਬਹੁਤ ਘੱਟ ਕੀਤਾ ਜਾਂਦਾ ਹੈ। ਇਸ ਲਈ ਕਾਨੂੰਨੀ ਤੌਰ 'ਤੇ ਪਾਬੰਦ ਕੀਤਾ ਜਾਣਾ ਚਾਹੀਦਾ ਹੈ। ਸਰਕਾਰ 12 ਮਾਰਚ 2024 ਨੂੰ ਇੱਕ ਨਵਾਂ ਯੂ.ਸੀ.ਪੀ.ਐੱਮ.ਪੀ. ਲੈ ਕੇ ਆਈ ਹੈ ਪਰ ਇਹ ਨਵਾਂ ਕੋਡ ਵੀ ਕੰਪਨੀਆਂ ਲਈ ਲਾਜ਼ਮੀ ਨਹੀਂ। ਇਸ ਨੇ ਕੰਪਨੀਆਂ ਨੂੰ ਸਵੈ-ਇੱਛਾ ਨਾਲ ਹੀ ਕੋਡ ਦੇ ਨਿਯਮ ਲਾਗੂ ਕਰਨ ਲਈ ਕਿਹਾ ਹੈ। ਕੰਪਨੀਆਂ ਨੂੰ ਨੈਤਿਕ ਕਮੇਟੀਆਂ ਬਣਾਉਣ ਲਈ ਕਿਹਾ ਗਿਆ। ਉਨ੍ਹਾਂ ਦੀਆਂ ਐਸੋਸੀਏਸ਼ਨਾਂ ਨੂੰ ਵੀ ਨੈਤਿਕ ਕਮੇਟੀਆਂ ਬਣਾਉਣ ਲਈ ਕਿਹਾ ਹੈ ਪਰ ਇਨ੍ਹਾਂ ਕਮੇਟੀਆਂ ਵਿਚ ਸਪੱਸ਼ਟ ਤੌਰ 'ਤੇ ਹਿੱਤਾਂ ਦਾ ਟਕਰਾਅ ਹੈ। ਇਸ ਲਈ ਇਹ ਮਹਿਜ਼ ਦਿਖਾਵਾ ਹੈ।

ਦਵਾਈਆਂ ਦੀਆਂ ਕੀਮਤਾਂ ਕੰਟਰੋਲ ਕਰਨ ਦੀ ਲੋੜ ਮਹਿਸੂਸ ਕਰਦਿਆਂ ਤਤਕਾਲੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਜਨਤਕ ਖੇਤਰ ਵਿਚ ਦਵਾਈ ਨਿਰਮਾਣ ਸੰਸਥਾਵਾਂ ਸਥਾਪਤ ਕਰਨ ਲਈ ਕਦਮ ਪੁੱਟੇ ਸਨ। 1961 ਵਿਚ ਇੰਡੀਅਨ ਡਰੱਗਜ਼ ਐਂਡ ਫਾਰਮਾਸਿਊਟੀਕਲ ਲਿਮਟਿਡ (ਆਈ.ਡੀ.ਪੀ.ਐੱਲ.) ਦੇ ਉਦਘਾਟਨ ਸਮੇਂ ਉਨ੍ਹਾਂ ਨੇ ਸਾਵਧਾਨ ਕਰਦਿਆਂ ਕਿਹਾ ਸੀ, "ਦਵਾਈ ਉਦਯੋਗ ਜਨਤਕ ਖੇਤਰ ਵਿਚ ਹੋਣਾ ਚਾਹੀਦਾ ਹੈ... ਮੇਰੇ ਖਿਆਲ ਵਿਚ ਦਵਾਈ ਉਦਯੋਗ ਦੀ ਪ੍ਰਕਿਰਤੀ ਦਾ ਉਦਯੋਗ ਨਿੱਜੀ ਖੇਤਰ ਵਿਚ ਹਰਗਿਜ਼ ਨਹੀਂ ਹੋਣਾ ਚਾਹੀਦਾ। ਇਸ ਉਦਯੋਗ ਵਿਚ ਜਨਤਾ ਦਾ ਬਹੁਤ ਜ਼ਿਆਦਾ ਸ਼ੋਸ਼ਣ ਹੋ ਰਿਹਾ ਹੈ।" ਆਈ.ਡੀ.ਪੀ.ਐੱਲ. ਨੇ ਰਣਨੀਤਕ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਵਿਚ ਪ੍ਰਮੁੱਖ ਭੂਮਿਕਾ ਨਿਭਾਈ। ਇਸ ਦੀ ਭੂਮਿਕਾ ਨੂੰ ਮਾਨਤਾ ਦਿੰਦਿਆਂ ਵਿਸ਼ਵ ਸਿਹਤ ਸੰਗਠਨ ਨੇ ਪ੍ਰਸ਼ੰਸਾ ਕੀਤੀ ਕਿ "ਆਈ.ਡੀ.ਪੀ.ਐੱਲ. ਨੇ 10 ਸਾਲਾਂ ਵਿਚ ਉਹ ਪ੍ਰਾਪਤੀ ਕੀਤੀ ਹੈ ਜੋ ਹੋਰਾਂ ਨੇ 50 ਸਾਲਾਂ ਵਿਚ ਪ੍ਰਾਪਤ ਕੀਤਾ ਹੈ। ਵਿਕਸਤ ਦੇਸ਼ਾਂ ਦੁਆਰਾ ਆਈ.ਡੀ.ਪੀ.ਐੱਲ. ਉਤਪਾਦਾਂ ਦੀ ਗੁਣਵੱਤਾ ਲਈ ਧਿਆਨ ਨਾਲ ਜਾਂਚ ਕੀਤੀ ਗਈ ਹੈ ਅਤੇ ਬਹੁਤ ਸਾਰੇ ਮੁਲਕ ਇਨ੍ਹਾਂ ਨੂੰ ਖਰੀਦਣਾ ਚਾਹੁੰਦੇ ਹਨ।"

ਇਸ ਸਭ ਨੂੰ ਹੁਣ ਪੁੱਠਾ ਗੇੜਾ ਦਿੱਤਾ ਜਾ ਰਿਹਾ ਹੈ। 2016 ਵਿਚ ਸਰਕਾਰ ਨੇ ਪੰਜਾਂ ਵਿਚੋਂ ਦੋ ਜਨਤਕ ਖੇਤਰ ਇਕਾਈਆਂ (ਸਰਕਾਰੀ ਖੇਤਰ ਵਿਚ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ) ਭਾਵ ਆਈ.ਡੀ.ਪੀ.ਐੱਲ. ਅਤੇ ਆਰ.ਡੀ.ਪੀ.ਐੱਲ. ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ। ਸਰਕਾਰ ਨੇ ਐੱਚ.ਏ.ਐੱਲ., ਬੀ.ਸੀ.ਪੀ.ਐੱਲ. ਅਤੇ ਕਰਨਾਟਕ ਐਂਟੀਬਾਇਓਟਿਕਸ ਐਂਡ ਫਾਰਮਾਸਿਊਟੀਕਲ ਲਿਮਟਿਡ (ਕੇ.ਏ.ਪੀ.ਐੱਲ.) ਦਾ ਰਣਨੀਤਕ ਤੌਰ 'ਤੇ ਅੱਪ-ਨਿਵੇਸ਼ ਕਰਨ ਦਾ ਵੀ ਫ਼ੈਸਲਾ ਕੀਤਾ।

ਭਾਰਤ ਵਿਚ ਲੋਕਾਂ ਨੂੰ ਸਿਹਤ ਸੇਵਾਵਾਂ 'ਤੇ ਆਪਣੀ ਜੇਬ 'ਚੋਂ ਖਰਚ ਕਰਨਾ ਪੈਂਦਾ ਹੈ ਜਿਸ ਦਾ ਤਕਰੀਬਨ 70 % ਹਿੱਸਾ ਦਵਾਈਆਂ ਦੀ ਖਰੀਦ ਲਈ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਦਵਾਈਆਂ ਦੀਆਂ ਕੀਮਤਾਂ ਆਮ ਲੋਕਾਂ ਦੀ ਪਹੁੰਚ ਵਿਚ ਹੋਣ ਪਰ ਸਰਕਾਰ ਦੀ ਉਦਾਸੀਨਤਾ ਚਿੰਤਾ ਦਾ ਕਾਰਨ ਹੈ। ਸਰਕਾਰ ਦਾ ਵੱਡੇ ਫਾਰਮਾ ਮਾਲਕਾਂ ਨਾਲ ਗੱਠਜੋੜ ਹੋਣ ਦਾ ਸ਼ੱਕ ਹੈ। ਦਰਅਸਲ, ਕੁਝ ਫਾਰਮਾਸਿਊਟੀਕਲ ਕੰਪਨੀਆਂ ਅਤੇ ਸਿਹਤ ਸਹੂਲਤਾਂ ਦੇਣ ਵਾਲੇ ਕੁਝ ਕੇਂਦਰਾਂ ਨੇ 800 ਕਰੋੜ ਰੁਪਏ ਦੇ ਚੋਣ ਬਾਂਡ ਖਰੀਦੇ। ਇਸ ਨਾਲ ਸਰਕਾਰ ਅਤੇ ਦਵਾਈਆਂ ਬਣਾਉਣ ਵਾਲੇ ਵੱਡੇ ਫਾਰਮਾ ਉਦਯੋਗ ਵਿਚਕਾਰ ਗੱਠਜੋੜ ਬਾਰੇ ਸ਼ੰਕੇ ਹੋਰ ਮਜ਼ਬੂਤ ਹੁੰਦੇ ਹਨ। ਹੁਣ ਨੀਤੀ ਦੀ ਸਮੀਖਿਆ ਕਰਨ, ਲੋਕਾਂ ਦੀ ਸਿਹਤ ਦੀ ਕੀਮਤ 'ਤੇ ਭ੍ਰਿਸ਼ਟ ਕਾਰਵਾਈਆਂ ਅਤੇ ਅਤਿ-ਮੁਨਾਫ਼ਾਖੋਰੀ ਨੂੰ ਰੋਕਣ ਲਈ ਜਨਤਕ ਖੇਤਰ ਦੀਆਂ ਫਾਰਮਾਸਿਊਟੀਕਲ ਇਕਾਈਆਂ ਨੂੰ ਮਜ਼ਬੂਤ ਕਰਨ ਦਾ ਸਮਾਂ ਹੈ।

ਅਜਮੇਰ ਸਿੰਘ ਸਿੱਖ ਸਾਵਰਨ ਸਟੇਟ ਦੇ ਹੱਕ ਵਿਚ ਨਿਤਰੇ

(ਇੰਟਰਵਿਊ ਦੌਰਾਨ ਸਿੱਖ ਚਿੰਤਨ ਦੇ ਵਿਹੜੇ ਵਿਚੋਂ ਧੁੰਦ ਛਟੀ, ਨਵਾਂ ਚਾਨਣ ਪਸਰਿਆ)

ਸਿੱਖ ਵਿਦਵਾਨ ਸਰਦਾਰ ਅਜਮੇਰ ਸਿੰਘ ਵੱਲੋਂ ਹਾਲ ਵਿਚ ਹੀ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਭਰਾ ਸਰਦਾਰ ਅਮਰਜੀਤ ਸਿੰਘ ਖਾਲੜਾ ਵੱਲੋਂ ਕੀਤੀ ਗਈ ਲੰਮੀ ਇੰਟਰਵਿਊ ਇੱਕ ਤਰ੍ਹਾਂ ਨਾਲ ਖੁਸ਼ੀ ਅਤੇ ਹੈਰਾਨੀ ਦੇ ਅਹਿਸਾਸ ਦਾ ਮਿਲਾਪ ਹੈ। ਪੁੱਛੇ ਗਏ ਪੁਖਤਾ ਅਤੇ ਜਾਨਦਾਰ ਸਵਾਲਾਂ ਦੇ ਜਵਾਬਾਂ ਵਿਚ ਬਹੁਤ ਕੁਝ ਨਵਾਂ ਨਰੋਆ ਹੈ ਜੋ ਸਿੱਖ ਲੀਡਰਸ਼ਿਪ ਦੇ ਹੀ ਇਰਦ-ਗਿਰਦ ਘੁੰਮਦਾ ਹੈ। 18ਵੀਂ ਸਦੀ ਦੇ ਸੰਘਰਸ਼ ਤੋਂ ਲੈ ਕੇ ਅੱਜ ਤੱਕ ਸਿੱਖ ਲੀਡਰਸ਼ਿਪ ਕਿਹੜੇ-ਕਿਹੜੇ ਪੜਾਵਾਂ ਵਿਚੋਂ ਲੰਘੀ, ਕਿੱਥੇ-ਕਿੱਥੇ ਉਹ ਡਗਮਗਾਉਂਦੀ ਤੇ ਤਿਲਕਦੀ ਰਹੀ, ਅੱਜ ਸਿੱਖ ਲੀਡਰਸ਼ਿਪ ਕਿੱਥੇ ਖੜੀ ਹੈ ਅਤੇ ਕਿਸ ਤਰ੍ਹਾਂ ਦਾ ਉਸਦਾ ਮਿਆਰ ਅਤੇ ਮੂੰਹ ਮੁਹਾਂਦਰਾ ਹੈ-ਇਕ ਘੰਟੇ ਤੋਂ ਉਪਰ ਚਲੀ

ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ
ਫੋਨ: +91-99150-91063

ਇੰਟਰਵਿਊ ਇਨ੍ਹਾਂ ਮਹੱਤਵਪੂਰਨ ਸਵਾਲਾਂ ਦੇ ਇਹੋ ਜਿਹੇ ਢੁਕਵੇਂ ਜਵਾਬ ਹਨ ਜੋ ਤੁਹਾਨੂੰ ਜਾਣਕਾਰੀ ਨਾਲ ਵੀ ਲੈਸ ਕਰਦੇ ਹਨ, ਕਈ ਥਾਈਂ ਤੁਸੀਂ ਕੁਝ ਪਲਾਂ ਲਈ ਰੁਕ ਵੀ ਜਾਂਦੇ ਹੋ ਅਤੇ ਕੁਝ ਜਵਾਬ ਤੁਹਾਨੂੰ ਸੋਚਣ ਵਾਲੇ ਰਸਤਿਆਂ ਉੱਤੇ ਵੀ ਤੋਰ ਦਿੰਦੇ ਹਨ। ਕਰੀਬ ਅੱਧੀ ਦਰਜਨ ਕਿਤਾਬਾਂ ਦੇ ਇਸ ਲੇਖਕ ਨੇ ਸਿੱਖ ਕੌਮ ਦੀ ਅਤੇ ਇਸ ਦੀ ਲੀਡਰਸ਼ਿਪ ਦੇ ਰਾਜਨੀਤਕ ਮਨੋਵਿਗਿਆਨ ਦੀਆਂ ਵੱਖ-ਵੱਖ ਪਰਤਾਂ ਦਾ ਜਿਵੇਂ ਪੜਾਅਵਾਰ ਅਤੇ ਇਤਿਹਾਸ ਅਧਾਰਤ ਕਰਮਵਾਰ ਸੰਜੀਦਾ ਫੋਲਾ-ਫਰੋਲੀ ਕੀਤੀ ਹੈ, ਉਹ ਬਹੁਤ ਘੱਟ ਵਿਦਵਾਨਾਂ ਦੇ ਹਿੱਸੇ ਆਈ ਹੈ। ਸ. ਅਜਮੇਰ ਸਿੰਘ ਆਪਣੀ ਪਲੇਠੀ ਪੁਸਤਕ ਰਾਹੀਂ ਇਸ ਕਰਕੇ ਵੀ ਸਿੱਖ ਕੌਮ ਦੇ ਡੂੰਘੇ ਧਿਆਨ ਦਾ ਕੇਂਦਰ ਬਣ ਗਏ, ਕਿਉਂਕਿ ਉਨ੍ਹਾਂ ਦੀਆਂ ਲਿਖਤਾਂ ਵਿਚ ਭਾਸ਼ਾ, ਤੱਥ, ਦਲੀਲਾਂ, ਅਪੀਲਾਂ, ਜਜ਼ਬੇ ਅਤੇ ਇਨ੍ਹਾਂ ਜਜ਼ਬਿਆਂ ਦੀ ਖੂਬਸੂਰਤ ਪੇਸ਼ਕਾਰੀ ਦੇ ਸਾਰੇ ਤੱਤ ਪਿਘਲ ਕੇ ਗੰਭੀਰ ਪਾਠਕਾਂ ਤੋਂ ਲੈ ਕੇ ਸਧਾਰਨ ਪਾਠਕਾਂ ਅੰਦਰ ਵੀ ਰਚ-ਮਿਚ ਗਏ, ਘੁਲ-ਮਿਲ ਗਏ। ਮੈਂ ਇਹ ਹਕੀਕਤ ਵਧਾ ਚੜ੍ਹਾ ਕੇ ਨਹੀਂ ਦੱਸ ਰਿਹਾ ਕਿ ਇਨ੍ਹਾਂ ਪੁਸਤਕਾਂ ਰਾਹੀਂ ਖਾਲਸਾ ਪੰਥ ਦਾ ਰਾਜਨੀਤਕ-ਜਿਸਮ ਇੱਕ ਦਰਿਆ ਬਣ ਕੇ ਵਗਣ ਲੱਗਾ। ਇੱਕ ਵੀਰ ਨੇ ਇਨ੍ਹਾਂ ਕਿਤਾਬਾਂ ਦਾ ਬਹੁਤ ਸੋਹਣਾ ਵਿਸ਼ਲੇਸ਼ਣ ਕੀਤਾ ਸੀ ਕਿ ਇਨ੍ਹਾਂ ਕਿਤਾਬਾਂ ਰਾਹੀਂ ਅਸੀਂ ਪਰ੍ਹੇ ਵਿਚ ਦਲੀਲ ਨਾਲ ਗੱਲ ਕਰਨ ਅਤੇ ਖਲੋਣ ਦੇ ਲਾਇਕ ਹੋ ਗਏ।

ਇਨ੍ਹਾਂ ਕਿਤਾਬਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਅਜਮੇਰ ਸਿੰਘ ਦੀਆਂ ਲਿਖਤਾਂ ਪੜ੍ਹ ਕੇ ਨੌਜਵਾਨਾਂ ਅੰਦਰ ਆਜ਼ਾਦੀ ਦੀ ਤਾਂਘ ਨੂੰ ਵੱਡਾ ਬਲ ਮਿਲਿਆ ਸੀ। ਕੀ ਇਹ ਇੰਟਰਵਿਊ ਸ. ਅਜਮੇਰ ਸਿੰਘ ਦੀ ਸ਼ਖਸੀਅਤ ਵਿਚ ਇੱਕ ਨਵਾਂ ਪੈਰਾਡਾਈਮ ਸ਼ਿਫਟ ਹੈ? ਜਦੋਂ ਕੋਈ ਘਟਨਾ, ਵਰਤਾਰਾ ਜਾਂ ਹਾਲਾਤ ਇੱਕ ਨਵਾਂ ਅਤੇ ਇਨਕਲਾਬੀ ਮੋੜ ਕੱਟਦੇ ਹਨ ਜੋ ਪਹਿਲੀਆਂ ਘਟਨਾਵਾਂ ਦੇ ਵਿਸ਼ਲੇਸ਼ਣਾਂ ਨਾਲੋਂ ਵੱਖਰਾ, ਵਿਸ਼ੇਸ਼, ਮੌਲਿਕ ਅਤੇ ਮਹੱਤਵਪੂਰਨ ਹੁੰਦਾ ਹੈ ਤਾਂ ਉਸ ਤਬਦੀਲੀ ਨੂੰ ਪੈਰਾਡਾਈਮ ਸ਼ਿਫਟ ਕਹਿੰਦੇ ਹਨ। ਇਹ ਤਬਦੀਲੀ ਸਾਹਿਤ, ਸਮਾਜ ਵਿਗਿਆਨ ਤੋਂ ਇਲਾਵਾ ਮਨੁੱਖੀ ਮਨਾਂ ਵਿਚ ਵੀ ਆਉਂਦੀ ਹੈ। ਮਿਸਾਲ ਵਜੋਂ 13 ਅਪ੍ਰੈਲ 1978 ਵਾਲੇ ਦਿਨ ਜਦੋਂ ਅੰਮ੍ਰਿਤਸਰ ਵਿਚ ਨਿਰੰਕਾਰੀ ਸਮਾਗਮ ਵਿਰੁੱਧ ਰੋਸ ਪ੍ਰਗਟ ਕਰਨ ਦੀ ਘਟਨਾ ਸਮੇਂ ਅਖੰਡ ਕੀਰਤਨੀ ਜਥੇ ਅਤੇ ਦਮਦਮੀ ਟਕਸਾਲ ਦੇ 13 ਸਿੰਘ ਸ਼ਹੀਦ ਹੋਏ ਤਾਂ ਇਹ ਸਾਕਾ ਵੀ ਇੱਕ ਪੈਰਾਡਾਈਮ ਸ਼ਿਫਟ ਹੀ ਸੀ, ਜਿਸ ਵਿਚ ਸਿੱਖ ਕੌਮ ਦੀ ਹੋਂਦ ਅਤੇ ਹਸਤੀ ਦੇ ਸਵਾਲ ਸੈਂਟਰ ਸਟੇਜ ਉੱਤੇ ਆ ਗਏ।

ਇਸ ਇੰਟਰਵਿਊ ਦਾ ਤੱਤ ਸਰੂਪ ਇਸ ਲਈ ਵੀ ਪੈਰਾਡਾਈਮ ਸ਼ਿਫਟ ਹੈ, ਕਿਉਂਕਿ ਸ. ਅਜਮੇਰ ਸਿੰਘ ਲੰਮੇ ਰਾਜਨੀਤਕ ਸਫਰ ਦੇ ਤਜਰਬਿਆਂ ਅਤੇ ਅਨੁਭਵਾਂ ਵਿਚੋਂ ਲੰਘਦੇ ਹੋਏ ਹੁਣ ਉਨ੍ਹਾਂ ਦੇ ਆਪਣੇ ਸ਼ਬਦਾਂ ਮੁਤਾਬਕ ਉਹ ਇਸ 'ਨਿਰਣੇ' ਉੱਤੇ ਪਹੁੰਚੇ ਹਨ ਕਿ ਸਿੱਖ ਸਾਵਰਨ ਸਟੇਟ ਤੋਂ ਬਿਨਾਂ ਸਿੱਖਾਂ ਦਾ ਕੋਈ ਗੁਜ਼ਾਰਾ ਨਹੀਂ। ਇੱਕ ਅਜਿਹੇ ਵਿਦਵਾਨ ਵੱਲੋਂ ਜਿਸ ਨੂੰ ਸਿੱਖ ਇਤਿਹਾਸ, ਰਾਜਨੀਤੀ ਅਤੇ ਸਿੱਖ ਕਲਚਰ ਦੇ ਚੜ੍ਹਦੇ ਲਹਿੰਦੇ ਉਤਰਾਵਾਂ ਚੜ੍ਹਾਵਾਂ ਦੀ ਬਰੀਕ ਸਮਝ ਹੈ ਅਤੇ ਜਿਸ ਨੂੰ ਪੰਜਾਬ ਵਿਚ ਚੱਲੀ ਹਥਿਆਰਬੰਦ ਨਕਸਲੀ ਲਹਿਰ ਅਤੇ ਜੁਝਾਰੂ ਲਹਿਰ-ਦੋਵਾਂ ਵਿਚ ਹੀ ਆਪਣੀ ਸ਼ਮੂਲੀਅਤ ਦਾ ਵੀ ਇੱਕ ਅਮੀਰ ਤਜਰਬਾ ਹੈ ਅਤੇ ਜਿਸ ਨੂੰ ਇੱਥੋਂ ਦੀ ਬਹੁਗਿਣਤੀ ਦੀ ਲੀਡਰਸ਼ਿਪ ਦੀ ਚਾਣਕੀਆ ਰਾਜਨੀਤੀ ਦਾ ਵੀ ਗਿਆਨ ਹੈ, ਉਸ ਵੱਲੋਂ ਸਿੱਖ ਸਾਵਰਨ ਸਟੇਟ ਉੱਤੇ ਖਲੋਣਾ ਉਨ੍ਹਾਂ ਹਜ਼ਾਰਾਂ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਸੱਚੀ ਸ਼ਰਧਾਂਜਲੀ ਹੈ, ਜਿਨ੍ਹਾਂ ਇਸ ਮੰਜ਼ਿਲ ਦੀ ਪ੍ਰਾਪਤੀ ਲਈ ਆਪਣਾ ਖੂਨ ਡੋਲ੍ਹਿਆ ਅਤੇ ਫਾਂਸੀਆਂ ਦੇ ਰੱਸੇ ਚੁੰਮੇ। ਉਨ੍ਹਾਂ ਵੱਲੋਂ ਪੁੱਟੀ ਇਸ ਨਵੀਂ ਪੁਲਾਂਘ ਦਾ ਸਵਾਗਤ ਕਰਨਾ ਬਣਦਾ ਹੈ।

ਪਰ ਕੀ ਸ. ਅਜਮੇਰ ਸਿੰਘ ਵੱਲੋਂ ਆਪਣੀ ਪਲੇਠੀ ਕਿਤਾਬ ਦੇ ਆਉਣ ਸਮੇਂ ਅਤੇ ਫਿਰ ਬਾਅਦ ਦੇ ਸਮੇਂ ਵਿਚ ਵੀ ਉਹ ਸਿੱਖ ਸਾਵਰਨ ਸਟੇਟ ਦੀ ਰੀਝ ਅਤੇ ਤਾਂਘ ਰੱਖਦੇ ਸਨ? ਇਸ ਔਖੇ ਅਤੇ ਗੁੰਝਲਦਾਰ ਸਵਾਲ ਦਾ ਠੀਕ ਜਵਾਬ 'ਹਾਂ ਅਤੇ ਨਾ' ਦੋਵਾਂ ਵਿਚ ਹੀ ਦਿੱਤਾ ਜਾ ਸਕਦਾ ਹੈ। ਦਿਲਚਸਪ ਸੱਚ ਇਹੋ ਜਾਪਦਾ ਹੈ ਕਿ ਉਨ੍ਹਾਂ ਦੀਆਂ ਕਿਤਾਬਾਂ, ਲੈਕਚਰ ਅਤੇ ਲਿਖਤਾਂ ਉਨ੍ਹਾਂ ਦੀ ਨਿੱਜੀ ਸ਼ਖਸੀਅਤ ਤੋਂ ਇੱਕ ਫਾਸਲੇ ਉੱਤੇ ਵੀ ਚਲਦੀਆਂ ਰਹੀਆਂ। ਕਦੇ ਕਦੇ ਇਨ੍ਹਾਂ ਦੋਵਾਂ ਦਾ ਮਿਲਾਪ ਵੀ ਹੁੰਦਾ ਸੀ ਅਤੇ ਕਦੇ ਕਦੇ ਇੰਝ ਵੀ ਲੱਗਦਾ ਕਿ ਇਹ ਲਿਖਤਾਂ ਅਤੇ ਸ਼ਖਸੀਅਤ ਜਿਵੇਂ ਨਦੀ ਦੇ ਦੋ ਕਿਨਾਰੇ ਹਨ, ਜੋ ਨਾਲ ਨਾਲ ਚਲਦੇ ਹੋਏ ਵੀ ਵੱਖਰੇ ਹਨ। ਲਿਖਤਾਂ ਦਾ ਮੂੰਹ ਤਾਂ 'ਆਜ਼ਾਦੀ ਵਰਗੀ ਗੱਲ' ਵੱਲ ਸੀ ਜਦਕਿ ਸ਼ਖਸੀਅਤ ਦੀ ਅੰਤਰੀਵ ਪਿਆਸ ਉਹ ਸ਼ਾਇਦ 'ਕਿਤੋਂ ਹੋਰ' ਲੱਭਦੇ ਫਿਰਦੇ ਸਨ।

ਸੱਤ-ਅੱਠ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਉਨ੍ਹਾਂ ਨੇ ਇੱਕ ਇੰਟਰਵਿਊ ਦੌਰਾਨ ਖਾਲਿਸਤਾਨ ਤੇ ਖਾਲਿਸਤਾਨੀਆਂ ਬਾਰੇ ਇਹੋ ਜੇਹੇ ਸ਼ਬਦ ਵਰਤੇ ਅਤੇ ਇਹੋ ਜਿਹੇ ਵਾਕਾਂ ਦਾ ਇਸਤੇਮਾਲ ਕੀਤਾ ਕਿ ਉਨ੍ਹਾਂ ਦੀ ਨਿਰਪੱਖ ਵਿਦਵਤਾ ਉੱਤੇ ਵੱਡੇ ਸਵਾਲੀਆ ਨਿਸ਼ਾਨ ਲੱਗ ਗਏ? ਸਾਨੂੰ ਜਾਪਿਆ ਜਿਵੇਂ ਉਨ੍ਹਾਂ ਨੇ ਇਸ ਭਰਮ ਨੂੰ ਜਵਾਨ ਕਰ ਲਿਆ ਹੈ ਕਿ ਜਿਵੇਂ ਉਨ੍ਹਾਂ ਦੀਆਂ ਕਿਤਾਬਾਂ ਹਰਮਨ ਪਿਆਰੀਆਂ ਹਨ, ਇਵੇਂ ਉਨ੍ਹਾਂ ਦੇ ਖਿਆਲ ਵੀ ਸਿੱਖ ਖੁਸ਼ੀ ਖੁਸ਼ੀ ਪ੍ਰਵਾਨ ਕਰ ਲੈਣਗੇ। ਪਰ ਇਤਿਹਾਸ ਦੀ ਤੋਰ ਅਤੇ ਰੰਗ-ਢੰਗ ਸਦਾ ਹੀ ਸਾਡੀਆਂ ਇੱਛਾਵਾਂ ਮੁਤਾਬਕ ਨਹੀਂ ਚਲਦੇ।

ਇਹ ਉਹ ਸਮਾਂ ਸੀ ਜਦੋਂ ਅਸੀਂ ਸਪਸ਼ਟ ਤੌਰ 'ਤੇ ਸ. ਅਜਮੇਰ ਸਿੰਘ ਤੋਂ ਦੂਰੀਆਂ ਬਣਾ ਲਈਆਂ। 'ਖਾਲਸਾ ਫਤਿਹਨਾਮਾ' ਮੈਗਜ਼ੀਨ ਵਿਚ ਉਨ੍ਹਾਂ ਦੇ ਖ਼ਿਲਾਫ ਇਕ ਲੰਮਾ ਲੇਖ ਵੀ ਛਪਿਆ ਅਤੇ ਅਸੀਂ ਖਾਲਸਾ ਪੰਥ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ। ਪਰ ਹਾਲਾਤ ਇਸ ਤਰ੍ਹਾਂ ਦੇ ਬਣੇ ਹੋਏ ਸਨ ਕਿ ਉਨ੍ਹਾਂ ਦੀਆਂ ਲਿਖਤਾਂ ਦਾ ਆਭਾ ਮੰਡਲ, ਥਰਥਰਾਹਟ ਅਤੇ ਚਮਕ ਦਮਕ 'ਸ਼ਰਧਾਲੂ ਪਾਠਕਾਂ' ਵਿਚ ਇਸ ਕਦਰ ਵਸੀ ਹੋਈ ਸੀ ਕਿ ਉਸਾਰੂ ਆਲੋਚਨਾ ਲਈ ਕੋਈ ਥਾਂ ਹੀ ਨਾ ਬਚੀ। ਇਹ ਸੁਭਾਵਿਕ ਹੀ ਸਾਡੀ ਟਰੋਲਿੰਗ ਸ਼ੁਰੂ ਹੋ ਗਈ, ਜੋ ਕਈ ਮਹੀਨੇ ਤੱਕ ਚਲਦੀ ਰਹੀ। ਉਸ ਸਮੇਂ ਵਿਦੇਸ਼ ਵਿਚ ਰਹਿੰਦੇ ਦੋ ਵੱਡੇ ਵਿਦਵਾਨ ਪ੍ਰਭਸ਼ਰਨਬੀਰ ਸਿੰਘ ਅਤੇ ਪ੍ਰਭ ਸ਼ਰਨਦੀਪ ਸਿੰਘ ਅਤੇ ਇੱਥੇ ਪੰਜਾਬ ਵਿਚ ਮੈਂ ਅਤੇ ਪ੍ਰਭਜੋਤ ਸਿੰਘ ਨਵਾਂ ਸ਼ਹਿਰ ਹੀ ਸਵਾਲਾਂ ਦਾ ਜਵਾਬ ਦਿੰਦੇ ਰਹੇ। ਪ੍ਰਭਜੋਤ ਸਿੰਘ ਨੇ ਰਾਸ਼ਟਰਵਾਦ ਪ੍ਰਭੂ ਸੰਪੰਨ ਸਟੇਟ ਅਤੇ ਨੇਸ਼ਨ ਸਟੇਟ ਅਤੇ ਸਟੇਟ ਨੈਸ਼ਨਲ ਬਾਰੇ ਉਦੋਂ ਤੱਕ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਈਆਂ ਸਨ। ਪਰ ਪ੍ਰਭਜੋਤ ਸਿੰਘ ਹੁਣ ਪਿਛਲੇ ਛੇ ਸਾਲ ਤੋਂ ਬਿਮਾਰ ਚਲੇ ਆ ਰਹੇ ਹਨ।

ਇਕ ਉਦਾਸ ਸੱਚ ਇਹ ਵੀ ਸੀ ਕਿ ਸਿੱਖ ਸਾਵਰਨ ਸਟੇਟ ਲਈ ਜੂਝ ਰਹੀਆਂ ਜਥੇਬੰਦੀਆਂ ਨੇ ਵੀ ਸਾਡੇ ਹੱਕ ਵਿਚ ਸਿਧਾਂਤਕ ਹਾਅ ਦਾ ਨਾਅਰਾ ਨਹੀਂ ਸੀ ਮਾਰਿਆ ਅਤੇ ਇਹ ਕਹਿ ਕੇ ਸਾਰੀ ਗੱਲ ਦਾ ਭੋਗ ਪਾ ਦਿੱਤਾ ਕਿ ਇਹ ਤਾਂ ਬੁੱਧੀਜੀਵੀਆਂ ਦੀ ਆਪਸੀ ਲੜਾਈ ਹੀ ਹੈ। ਪਰ ਇਸ ਹਕੀਕਤ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਉਸ ਦੌਰ ਵਿਚ ਸਾਡੇ ਹੱਕ ਵਿਚ ਖੜੀ ਲੰਮੀ ਪਰ ਖਾਮੋਸ਼ ਕਤਾਰ ਸਾਨੂੰ ਨਜ਼ਰ ਆਉਂਦੀ ਸੀ ਅਤੇ ਉਹ ਕਦੇ-ਕਦੇ ਖੁੱਲ੍ਹ ਕੇ ਅਤੇ ਕਦੇ 'ਦੋਵਾਂ ਪਾਸਿਆਂ' ਦਾ ਸੰਤੁਲਨ ਤੇ ਮਾਣ ਰੱਖ ਕੇ ਸਾਡੇ ਹੱਕ ਵਿਚ ਪਰ ਸੰਭਲ ਸੰਭਲ ਕੇ ਬੋਲਦੇ ਰਹੇ।

ਖੈਰ, ਅਸੀਂ ਸ. ਅਜਮੇਰ ਸਿੰਘ ਦੀ ਇੰਟਰਵਿਊ ਬਾਰੇ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰ ਰਹੇ ਸਾਂ। ਜ਼ਿੰਦਗੀ ਦੇ ਸੰਘਰਸ਼ ਦਾ ਇਹ

ਇੱਕ ਵੱਡਾ ਸੱਚ ਹੈ ਕਿ ਜੇ ਅਸੀਂ ਸੁਹਿਰਦ ਹਾਂ ਅਤੇ ਸਦਾ ਹੀ ਜ਼ਮੀਰ ਨੂੰ ਮੁਖਾਤਬ ਹਾਂ ਤਾਂ ਅਸੀਂ 'ਸਾਹਿਬੁ ਮੇਰਾ ਨੀਤ ਨਵਾ' ਦੇ ਪਾਵਨ ਸਿਧਾਂਤ ਮੁਤਾਬਕ ਬਦਲਦੇ ਵੀ ਹਾਂ ਅਤੇ ਹਾਲਾਤ ਅਤੇ ਖਾਸ ਕਰਕੇ ਵਰਤਮਾਨ ਹਾਲਤਾਂ ਦੀ ਰੌਸ਼ਨੀ ਵਿਚ ਹੁਣ ਜਦੋਂ ਦੇਸ਼ ਦੀ ਬਹੁ ਗਿਣਤੀ ਦੀ ਲੀਡਰਸ਼ਿਪ ਦਾ ਤਾਂਡਵ ਰੂਪ ਸਾਫ ਤੇ ਸਪਸ਼ਟ ਹੋ ਕੇ ਸਾਹਮਣੇ ਆ ਗਿਆ ਹੈ ਤਾਂ ਇਸ ਦਾ ਅਸਰ ਅਜਮੇਰ ਸਿੰਘ ਉੱਤੇ ਵੀ ਬਹੁਤ ਡੂੰਘਾ ਪਿਆ ਜਾਪਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਚਲੰਤ ਮਾਮਲਿਆਂ ਬਾਰੇ ਉਨ੍ਹਾਂ ਦੇ ਲੈਕਚਰਾਂ ਵਿਚ ਇਹ ਨਜ਼ਰ ਆਉਂਦਾ ਸੀ ਕਿ ਇੱਥੇ ਸਾਡੇ ਲਈ ਹੁਣ ਕੋਈ ਥਾਂ ਨਹੀਂ ਹੈ ਅਤੇ 'ਕਿਹੜੀ ਥਾਂ' ਸਾਡੇ ਲਈ ਜ਼ਰੂਰੀ ਹੈ, ਉਹ ਇਸ ਇੰਟਰਵਿਊ ਵਿਚ ਨਿਖਰ ਕੇ ਸਾਡੇ ਸਾਹਮਣੇ ਆਈ ਹੈ। ਇਸ ਲਈ ਉਹ ਮੁਬਾਰਕਬਾਦ ਦੇ ਹੱਕਦਾਰ ਹਨ।

ਅਜਮੇਰ ਸਿੰਘ ਨੇ ਸਿੱਖ ਲੀਡਰਸ਼ਿਪ ਨਾਲ ਜੁੜੀਆਂ ਹੋਰ ਕਈ ਸਿਆਣੀਆਂ ਗੱਲਾਂ ਵੀ ਕੀਤੀਆਂ ਹਨ ਜੋ ਅੱਗੋਂ ਹੋਰ ਕਈ ਸਾਰੇ ਮਜ਼ਮੂਨਾਂ ਨੂੰ ਜਨਮ ਦਿੰਦੀਆਂ ਹਨ। ਮਿਸਾਲ ਵਜੋਂ ਉਹ ਅੰਗਰੇਜ਼ੀ ਦੇ ਸ਼ਬਦ 'ਔਰਗੈਨਿਕ ਗਰੋਥ' ਬਾਰ ਬਾਰ ਵਰਤਦੇ ਹਨ, ਜਿਸ ਦਾ ਮਤਲਬ ਹੈ ਕਿ ਸਿੱਖ ਲੀਡਰਸ਼ਿਪ ਵਿਚ ਇੱਕ ਜਿਉਂਦਾ-ਜਾਗਦਾ, ਜਗਦਾ-ਮਘਦਾ ਅਤੇ ਧੜਕਦਾ ਵਿਕਾਸ ਤੇ ਵਿਗਾਸ ਲਗਾਤਾਰ ਹੁੰਦੇ ਰਹਿਣਾ ਚਾਹੀਦਾ ਹੈ। ਅਜਮੇਰ ਸਿੰਘ ਵਗਦੀ ਨਦੀ ਵਰਗੀ ਤਬਦੀਲੀ ਦੇ ਜਰਖੇਜ਼ ਵਿਗਾਸ ਦਾ ਝੰਡਾ ਬਰਦਾਰ ਹੈ।

ਪਰ ਇੱਕ ਹੋਰ ਸਵਾਲ ਵਿਚਾਰ ਦੀ ਮੰਗ ਕਰਦਾ ਹੈ। ਕੀ ਵਰਤਮਾਨ ਹਾਲਤਾਂ ਹੀ ਸਾਨੂੰ 'ਪਾਤਸ਼ਾਹੀ ਦਾਅਵੇ' ਦੇ ਸਿਧਾਂਤ ਵੱਲ ਲੈ ਕੇ ਜਾਂਦੀਆਂ ਹਨ? ਠੀਕ ਹੈ ਕਿ ਹਾਲਤਾਂ ਮੰਜ਼ਲ ਨੂੰ ਆਸਾਨ ਅਤੇ ਨੇੜੇ ਲਿਆਉਣ ਵਿਚ ਵੱਡਾ ਅਤੇ ਅਹਿਮ ਰੋਲ ਅਦਾ ਕਰਦੀਆਂ ਹਨ, ਪਰ ਇਹ ਬੁਨਿਆਦੀ ਸੱਚ ਨਹੀਂ ਹੈ। ਸਿੱਖ ਪੰਥ ਵਿਚ ਵਸੀ ਇਹੋ ਜਿਹੀ ਧਾਰਨਾ ਮਸਲੇ ਦੀ ਜੜ੍ਹ ਨੂੰ ਨਹੀਂ ਫੜਦੀ, ਸਿਰਫ ਰਾਜਨੀਤਕ ਦਰਖਤ ਦੇ 'ਪੱਤਿਆਂ ਅਤੇ ਤਣਿਆਂ' ਤਕ ਹੀ ਆਪਣੇ-ਆਪ ਨੂੰ ਸੀਮਤ ਰੱਖਦੀ ਹੈ ਅਤੇ ਉਥੋਂ ਤੱਕ ਹੀ ਘਟਨਾਵਾਂ ਦੀ ਵਿਆਖਿਆ ਕਰਦੀ ਹੈ। ਪਾਤਸ਼ਾਹੀ ਦਾਅਵੇ ਦੇ ਸਿਧਾਂਤਾਂ ਦੀ ਪਾਵਨ ਖੁਸ਼ਬੂ ਗੁਰੂ ਗ੍ਰੰਥ ਸਾਹਿਬ, ਦਸ ਗੁਰੂ ਸਾਹਿਬਾਨ ਦੀ ਤਰਜ਼ੇ ਜ਼ਿੰਦਗੀ ਅਤੇ ਸਿੱਖ ਇਤਿਹਾਸ ਵਿਚ ਕਈ ਰੂਪਾਂ ਰੰਗਾਂ ਵਿਚ ਫੈਲੀ ਹੋਈ ਹੈ। ਵੈਸੇ ਅਸੀਂ ਆਪਣੇ ਗੁਰੂ ਸਾਹਿਬਾਨ ਨੂੰ ਪਾਤਸ਼ਾਹ ਕਹਿ ਕੇ ਵੀ ਤਾਂ ਬੁਲਾਉਂਦੇ ਹਾਂ ਤਾਂ ਫਿਰ ਪਾਤਸ਼ਾਹੀ ਦਾਅਵੇ ਨੂੰ ਧਰਤੀ ਉੱਤੇ ਕਿਉਂ ਨਾ ਉਤਾਰਿਆ ਜਾਵੇ ਪਰ ਇਹ ਸੱਚ ਵੀ ਹੈ ਕਿ ਅਸੀਂ ਕਦੇ ਬੇਗਮਪੁਰਾ, ਕਦੇ ਨਿਹਚਲ ਰਾਜ, ਕਦੇ ਪੂਰਨ ਆਜ਼ਾਦੀ, ਕਦੇ ਖਾਲਸਾ ਰਾਜ, ਕਦੇ ਸਰਬੱਤ ਦੇ ਭਲੇ ਦਾ ਰਾਜ, ਕਦੇ ਹਲੀਮੀ ਰਾਜ ਵਰਗੇ ਵੱਡੇ ਵੱਡੇ ਸ਼ਬਦ ਵਰਤਦੇ ਤਾਂ ਹਾਂ, ਪਰ ਇਹ ਵੀ ਉਦਾਸ ਸੱਚ ਹੈ ਕਿ ਇਹ ਸਾਰੇ ਸ਼ਬਦਾਂ ਦੇ ਅਰਥਾਂ ਦੀ ਤਲਾਸ਼ ਅਸੀਂ ਬਹੁ-ਗਿਣਤੀ ਦੀ ਪੋਲੀਟੀਪੋਲਿਟੇ ਦੇ ਅਧੀਨ ਰੱਖ ਕੇ ਹੀ ਆਪਣੇ ਰਾਜ ਦੇ ਸੰਕਲਪ ਨੂੰ ਵੇਖਦੇ ਹਾਂ। ਮਾਨਸਿਕ ਭੰਬਲਭੂਸੇ ਦੀ ਇਸ ਤੋਂ ਵੱਧ ਹੋਰ ਮਿਸਾਲ ਕੀ ਦਿੱਤੀ ਜਾ ਸਕਦੀ ਹੈ।

ਪਰ ਅਜਮੇਰ ਸਿੰਘ ਚਾਹੁੰਦੇ ਹਨ ਕਿ ਸਿੱਖ ਲੀਡਰਸ਼ਿਪ ਵਿਚ ਜੇਕਰ ਨਿਤਨੇਮ ਦੀ ਬਰਕਤ ਸ਼ਾਮਿਲ ਨਹੀਂ, ਜੇਕਰ ਗੁਰੂ ਗ੍ਰੰਥ ਸਾਹਿਬ ਦੀ ਨੇੜਤਾ ਨਹੀਂ ਅਤੇ ਜੇਕਰ ਧਾਰਮਿਕ ਬਿਰਤੀ ਦੇ ਅਭਿਆਸ ਵਿਚ ਪੁਖਤਾ ਅਤੇ ਜਰਖੇਜ਼ ਤਤ ਨਹੀਂ ਪੈਦਾ ਹੋਏ ਤਾਂ ਸਾਡੀ ਰਾਜਨੀਤੀ ਉਹੋ ਜਿਹੀ ਹੀ ਹੋਵੇਗੀ ਜਿਹੋ ਜਿਹੀ ਬਾਦਲ-ਵਰਤਾਰੇ ਨਾਲ ਸਾਡੇ ਸਾਹਮਣੇ ਆਈ ਹੈ। ਇੱਥੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਕਥਨ ਸਾਨੂੰ ਸਿਰ ਤੋਂ ਪੈਰਾਂ ਤੱਕ ਝੰਜੋੜ ਦਿੰਦਾ ਹੈ ਕਿ ਜੇਕਰ ਵੱਡੇ ਤੜਕੇ ਤਿੰਨ ਵਜੇ ਖੂਹੀਆਂ ਉੱਤੇ ਡੋਲ ਨਹੀਂ ਖੜਕਦੇ ਤਾਂ ਸਮਝੋ ਸਾਡੀ ਮੰਜ਼ਿਲ ਅਜੇ ਦੂਰ ਹੈ ਅਤੇ ਹਨੇਰਿਆਂ ਦੇ ਦੌਰ ਗਾੜ੍ਹੇ ਹਨ। ਪ੍ਰਿੰਸੀਪਲ ਤੇਜਾ ਸਿੰਘ ਵਰਗੇ ਵਿਦਵਾਨ ਦਾ ਖਾਲਸਾ ਕਾਲਜ ਤੋਂ ਨੰਗੇ ਪੈਰੀਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਣਾ ਅਤੇ ਫਿਰ ਪਰਤ ਕੇ ਕਾਲਜ ਵਿਚ ਪੜ੍ਹਾਉਣਾ ਅੱਜ ਦੀ ਸਿੱਖ ਲੀਡਰਸ਼ਿਪ ਵਿਚ ਪਸ਼ਚਾਤਾਪ ਤੇ ਪ੍ਰੇਰਨਾ ਦਾ ਅਹਿਸਾਸ ਕਿਉਂ ਨਹੀਂ ਪੈਦਾ ਕਰਦਾ?

ਇੰਟਰਵਿਊ ਦੌਰਾਨ ਪੁੱਛੇ ਕਈ ਸਵਾਲਾਂ ਦੇ ਜਵਾਬਾਂ ਉੱਤੇ ਵਿਸ਼ੇਸ਼ ਗੌਰ ਕਰਨਾ ਬਣਦਾ ਹੈ, ਕਿਉਂਕਿ ਇਹ ਜਵਾਬ ਸਾਨੂੰ ਜਿੱਥੇ ਆਪਣੇ ਇਤਿਹਾਸ ਵੱਲ ਮੁੜਨ ਦੀ ਜਾਗ ਲਾਉਂਦੇ ਹਨ ਉੱਥੇ ਆਪਣੇ ਅੰਦਰ ਝਾਤ ਮਾਰਨ ਦਾ ਵੀ ਮੌਕਾ ਪ੍ਰਦਾਨ ਕਰਦੇ ਹਨ। ਇਨ੍ਹਾਂ ਜਵਾਬਾਂ ਨਾਲ ਤੁਹਾਡੀਆਂ-ਸਾਡੀਆਂ ਅਸਹਿਮਤੀਆਂ ਵੀ ਹੋ ਸਕਦੀਆਂ ਹਨ, ਪਰ ਇਸ ਦੇ ਬਾਵਜੂਦ 'ਸੁਣਨ ਦੇ ਸਿਧਾਂਤ' ਨੂੰ ਆਪਣੀ ਤਾਕਤ ਬਣਾ ਕੇ ਇਹ ਗੱਲਾਂ ਸੁਣਨ ਵਾਲੀਆਂ ਹਨ ਅਤੇ ਜ਼ਰੂਰ ਸੁਣਨੀਆਂ ਚਾਹੀਦੀਆਂ ਹਨ।

ਹਾਲ ਵਿਚ ਹੀ ਦੋ ਖਾੜਕੂ ਲਹਿਰਾਂ ਬਾਰੇ ਉਨ੍ਹਾਂ ਦੀ ਪੁਸਤਕ, ਉਨ੍ਹਾਂ ਦੀ ਰਾਜਨੀਤਕ ਸਵੈ-ਜੀਵਨੀ ਹੈ, ਜਿਸ ਵਿਚ ਪੰਜਾਬ ਦੀ ਜੁਝਾਰੂ ਬਿਰਤੀ ਅਤੇ ਜੁਝਾਰੂ ਜੀਵਨ ਸ਼ੈਲੀ ਦੇ ਅਣਗਿਣਤ ਰੰਗ ਹਨ ਅਤੇ ਇਹ ਰੰਗ ਪਲਟ ਕੇ 18ਵੀਂ ਸਦੀ ਦੇ ਸੰਘਰਸ਼ ਦੀਆਂ ਯਾਦਾਂ ਤਾਜ਼ਾ ਕਰਵਾ ਦਿੰਦੇ ਹਨ। ਅਜਮੇਰ ਸਿੰਘ ਨੇ ਜਿੱਥੇ ਖਾਲਿਸਤਾਨ ਲਈ ਲੜ ਰਹੀਆਂ ਜਥੇਬੰਦੀਆਂ ਅਤੇ ਸਾਬਕਾ ਜੁਝਾਰੂਆਂ ਦੇ ਸੰਘਰਸ਼ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ, ਉੱਥੇ ਉਨ੍ਹਾਂ ਪ੍ਰਤੀ ਸਤਿਕਾਰ ਕਾਇਮ ਰੱਖਦਿਆਂ ਆਲੋਚਨਾ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਉਨ੍ਹਾਂ ਦੀ ਇੰਟਰਵਿਊ ਅਤੇ ਸਵੈ-ਜੀਵਨੀ ਬਾਰੇ ਪੁਸਤਕ ਵਿਚ ਇੱਕ-ਦੂਜੀ ਤੋਂ ਦੂਰੀ ਬਣਾ ਕੇ ਰੱਖਣ ਵਾਲੀਆਂ ਅਤੇ ਇਕ ਦੂਜੇ ਦੇ ਵਿਰੁੱਧ ਵਿਚਰ ਰਹੀਆਂ ਸਿੱਖ ਪੰਥ ਦੀਆਂ ਤਮਾਮ ਵੰਨਗੀਆਂ ਨੂੰ ਇੱਕ ਥਾਂ 'ਤੇ ਇਕੱਠਿਆਂ ਕਰਨ ਦੀ ਤਮੰਨਾ ਵੀ ਹੈ ਤਾਂ ਜੋ ਸੰਘਰਸ਼ ਦੇ ਅਗਲੇ ਸਫਰ ਲਈ ਸਿੱਖ ਪੰਥ ਨੂੰ ਤਿਆਰ ਕੀਤਾ ਜਾਵੇ। ਇਸ ਸਬੰਧ ਵਿਚ ਉਨ੍ਹਾਂ ਨੇ ਬੁੱਧੀਜੀਵੀਆਂ ਦੇ ਰੋਲ ਅਤੇ ਸੇਧ ਦੀ ਲੋੜ ਨੂੰ ਵਿਸ਼ੇਸ਼ ਥਾਂ ਦਿੱਤੀ ਹੈ, ਜਦਕਿ ਹਕੀਕਤ ਇਹ ਹੈ ਕਿ ਜੁਝਾਰੂ ਲਹਿਰ ਇਸ ਮਹੱਤਵਪੂਰਨ ਵਰਗ ਦੀ ਸ਼ਮੂਲੀਅਤ ਤੋਂ ਸੱਖਣੀ ਹੀ ਰਹੀ।

ਅਜਮੇਰ ਸਿੰਘ ਦੀ ਲਿਖਣ ਕਲਾ ਦਾ ਇਹ ਪੱਖ ਵੀ ਪ੍ਰੇਰਨਾ ਦਿੰਦਾ ਹੈ ਕਿ ਉਹ ਸਿੱਖ ਪੰਥ ਦੇ ਆਕਾਸ਼ ਉੱਤੇ ਉਭਰੇ ਹਰ ਸਿਤਾਰੇ ਨੂੰ ਦੂਰ ਤੱਕ ਵੇਖਣ-ਸਮਝਣ ਦੀ ਅਥਾਹ ਸਮਰੱਥਾ ਅਤੇ ਯੋਗਤਾ ਰੱਖਦੇ ਹਨ। ਉਨ੍ਹਾਂ ਦੀ ਇਸ ਸਮਝ ਵਿਚ ਵਿਚਾਰ ਅਤੇ ਜਜ਼ਬੇ ਦਾ ਇੱਕ ਉੱਚਾ ਸੁਮੇਲ ਵੀ ਹੁੰਦਾ ਹੈ ਅਤੇ ਮਹਿਜ਼ ਇੱਕ ਪਾਸੜ ਜਜ਼ਬਿਆਂ ਦਾ ਉਲਾਰਪਨ ਨਹੀਂ ਹੁੰਦਾ। ਇਸ ਸਬੰਧ ਵਿਚ ਉਹ ਦੀਪ ਸਿੱਧੂ ਤੇ ਭਾਈ ਅੰਮ੍ਰਿਤਪਾਲ ਸਿੰਘ ਨੂੰ 'ਅੰਦਰੋਂ ਬਾਹਰੋਂ' ਵੇਖਣ ਵਿਚ ਪੂਰੇ ਕਾਮਯਾਬ ਹੋਏ। ਇਨ੍ਹਾਂ ਦੋਵਾਂ ਸ਼ਖਸੀਅਤਾਂ ਅੰਦਰ ਸਿੱਖ ਪੰਥ ਅਤੇ ਦੁਨੀਆ ਨੂੰ ਵੇਖਣ ਦੀ ਹੈਰਾਨਜਨਕ ਕਾਬਲੀਅਤ ਸੀ। ਵੈਸੇ ਅਜਮੇਰ ਸਿੰਘ ਵੱਲੋਂ ਕਿਸੇ ਵਕੀਲ ਦਵਾਰਾ ਭਾਈ ਅੰਮ੍ਰਿਤ ਪਾਲ ਸਿੰਘ ਬਾਰੇ ਟਿੱਪਣੀ ਨੂੰ ਆਧਾਰ ਮੰਨ ਕੇ ਇਸ ਗੱਲ ਦੀ ਆਲੋਚਨਾ ਕੀਤੀ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਇਸ ਸਮੇਂ ਸਿੱਖ ਪੰਥ ਦਾ ਵਾਹਦ ਲੀਡਰ ਹੈ। ਅਸਲ ਵਿਚ ਇੱਕ ਐਸੇ ਵਕੀਲ ਬਾਰੇ ਕੀਤੀ ਇਹੋ ਜਿਹੀ ਟਿੱਪਣੀ ਦੇ ਕੋਈ ਵਿਸ਼ੇਸ਼ ਅਰਥ ਨਹੀਂ ਰਹਿ ਜਾਂਦੇ ਜਿਹੜਾ ਵਕੀਲ ਆਰ ਐਸ ਐਸ ਦੀ ਸ਼ਾਖਾ ਰਾਸ਼ਟਰੀ ਸਿੱਖ ਸੰਗਤ ਦਾ ਪ੍ਰਧਾਨ ਰਿਹਾ ਹੋਵੇ। ਭਾਈ ਅੰਮ੍ਰਿਤ ਪਾਲ ਸਿੰਘ ਨੇ ਕਦੇ ਵੀ ਆਪਣੇ ਆਪ ਨੂੰ ਸਿੱਖ ਪੰਥ ਦਾ ਵਾਹਦ ਆਗੂ ਨਹੀਂ ਆਖਿਆ। ਕਈ ਵਾਰ ਜੇਲ੍ਹ ਵਿਚ ਕਈ ਤਰ੍ਹਾਂ ਦੀਆਂ ਸਖਤੀਆਂ ਅਤੇ ਮਾਹੌਲ ਬਾਰੇ ਅਧੂਰੀ ਜਾਣਕਾਰੀ ਮਿਲਦੀ ਹੈ। ਇਸ ਲਈ ਹੋ ਸਕਦੈ ਸਬੰਧਤ ਵਕੀਲ ਨੂੰ ਕੁਝ ਹੱਕ ਦੇ ਦਿੱਤੇ ਹੋਣ, ਪਰ ਇਹ ਹੱਕ ਕਦੇ ਵੀ ਉਸ ਨੂੰ ਨਹੀਂ ਸੀ ਦੇਣੇ ਚਾਹੀਦੇ। ਲੇਕਿਨ ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਦੀਪ ਸਿੱਧੂ ਵਾਂਗ ਉਹ ਸਿੱਖ ਪੰਥ ਦੀ ਜਵਾਨੀ ਦਾ ਨਾਇਕ ਤਾਂ ਬਣ ਹੀ ਗਿਆ ਹੈ। ਹਾਜ਼ਰ ਜਵਾਬੀ ਦੇ ਹੁਨਰ ਨੂੰ ਅੰਮ੍ਰਿਤਪਾਲ ਸਿੰਘ ਨੇ ਇੱਕ ਨਵੀਂ ਡਾਇਮੈਂਨਸ਼ਨ ਦਿੱਤੀ, ਇਕ ਨਵਾਂ ਨਾਟਕੀ ਮੋੜ ਦਿੱਤਾ। ਸਿੱਖੀ ਜੀਵਨ ਦੀ ਤਰਜ਼ੇ-ਜ਼ਿੰਦਗੀ ਉੱਤੇ ਅਧਾਰਤ ਇਸ ਬਾਕਮਾਲ ਕਲਾ ਨੂੰ ਪੰਜਾਬ ਵਿਚ ਕੋਈ ਵੀ ਸਮਝ ਨਹੀਂ ਸੀ ਸਕਿਆ ਅਤੇ ਨਾ ਹੀ ਕਿਸੇ ਦਾਨਿਸ਼ਵਰ ਅੰਦਰ ਇਸ ਮੌਲਿਕ ਹੁਨਰ ਦੀ ਵਿਆਖਿਆ ਲਈ ਕੋਈ ਜਾਗ ਲੱਗੀ। ਅੰਮ੍ਰਿਤਪਾਲ ਸਿੰਘ ਨੇ ਕਈ ਪਰਤਾਂ ਵਿਚ ਦੱਬੀ ਖਾਲਸਾਈ-ਜ਼ਮੀਰ ਨੂੰ ਉਪਰਲੀ ਸਤਹ ਉੱਤੇ ਲੈ ਆਂਦਾ ਅਤੇ ਬਿਪਰ-ਜ਼ਮੀਰ ਦੇ ਪੈਰੋਕਾਰਾਂ ਅੰਦਰ ਭੈਅ ਪੈਦਾ ਕਰ ਦਿੱਤਾ। ਇਸੇ ਜ਼ਮੀਰ ਨਾਲ ਜੁੜੇ ਪੈਰੋਕਾਰਾਂ ਦੇ ਫਰਮਾਨ ਨੇ ਉਸ ਨੂੰ ਅਤੇ ਸਾਥੀਆਂ ਨੂੰ ਦੂਰ ਦੁਰਾਡੇ ਜੇਲ੍ਹ ਵਿਚ ਸੁੱਟ ਦਿੱਤਾ। ਹੁਣ ਸਿੱਖਾਂ ਅੰਦਰ ਪਸ਼ਚਾਤਾਪ ਵੀ ਹੈ ਕਿ ਉਹ ਦੁਸ਼ਮਨਾਂ ਨਾਲ ਕਿਉਂ ਖਲੋਤੇ ਰਹੇ।

ਇਹ ਇੰਟਰਵਿਊ ਹਰ ਉਸ ਵਿਅਕਤੀ ਨੂੰ ਸੁਣਨੀ ਚਾਹੀਦੀ ਹੈ ਜਿਸ ਨੂੰ ਕਿਸੇ ਸੇਧ ਦੀ ਤਲਾਸ਼ ਹੈ ਕਿਉਂਕਿ ਇਹ ਇੰਟਰਵਿਊ ਸਿੱਖਾਂ ਦੀ ਦਾਸਤਾਨ ਨਾਲ ਜੁੜੀ ਹੋਈ ਹੈ। ਇੰਟਰਵਿਊ ਦੌਰਾਨ ਕੁਝ ਅਣਕਹੀਆਂ ਗੱਲਾਂ ਨੂੰ ਵੀ ਕਹੀਆਂ ਸਮਝ ਕੇ ਬੁਝਣਾ ਚਾਹੀਦਾ ਹੈ। ਕਦੇ ਕਦੇ ਕੁਝ ਗੱਲਾਂ ਕੰਨਾਂ ਤੋਂ ਬਿਨਾਂ ਵੀ ਸੁਣੀਆਂ ਅਤੇ ਸਮਝੀਆਂ ਜਾ ਸਕਦੀਆਂ ਹਨ।

ਗ਼ਜ਼ਲ

ਸਾਹਵਾਂ ਚਲਦੀਆਂ ਰਹੀਆਂ, ਮੁਰਦੇ ਸਨ ਲੋਕ
ਲੋਕਤੰਤਰ ਮਰਦਾ ਗਿਆ, ਵੋਟਾਂ ਸਨ ਲੋਕ

ਬਟਨ ਹੀ ਦੱਬਦੇ ਗਏ, ਮਸ਼ੀਨਾਂ ਸਨ ਲੋਕ
ਸਰਕਾਰਾਂ ਬਣਦੀਆਂ ਗਈਆਂ, ਚੁੱਪ ਸਨ ਲੋਕ

ਧਰਨੇ ਤਾਂ ਲੱਗਦੇ ਰਹੇ, ਮੁੱਠੀ ਭਰ ਸਨ ਲੋਕ
ਬਾਕੀ ਤਾਂ ਸੁੱਤੇ ਹੀ ਰਹੇ, ਹਾਂ ਕੁੱਝ ਜਾਗੇ ਸਨ ਲੋਕ

ਸਹੂਲਤਾਂ ਦੇ ਆਦੀ ਹੋ ਗਏ, ਸਰਕਾਰੀ ਹਨ ਲੋਕ
ਜ਼ਮੀਰਾਂ ਜੋ ਨੇ ਮਾਰ ਬੈਠੇ, ਦਰਬਾਰੀ ਹਨ ਲੋਕ

ਹੱਕ ਸੱਚ ਦੇ ਦੀਵਾਨੇ ਓਹ, ਕ੍ਰਾਂਤੀਕਾਰੀ ਸਨ ਲੋਕ
ਬੋਦਲਾਂ ਦੇ ਸੁੱਖਵਿੰਦਰਾ ਸੱਚ ਦੇ, ਵਪਾਰੀ ਸਨ ਲੋਕ

-ਸੁੱਖਵਿੰਦਰ ਬੋਦਲਾਂਵਾਲਾ
ਫੋਨ: 360-281-2624

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਹੈਰੀਟੇਜ ਕਲੱਬ ਮਿਡਵੈਸਟ ਸ਼ਿਕਾਗੋ

ਵਲੋਂ ਸਮੂਹ ਸਹਿਯੋਗੀਆਂ, ਸਪਾਂਸਰਾਂ, ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

ਖਾਲਸਾ ਸਾਜਨਾ ਦਿਹਾੜੇ ਦੀਆਂ

ਲੱਖ-ਲੱਖ ਵਧਾਈਆਂ

ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ) ਦੇ ਸਮੂਹ ਸਪਾਂਸਰਾਂ ਤੇ ਸਹਿਯੋਗੀਆਂ ਦਾ ਹਮੇਸ਼ਾ ਸਾਥ ਦੇਣ ਲਈ ਧੰਨਵਾਦ।

ਬੋਰਡ ਮੈਂਬਰ

ਲਖਵਿੰਦਰ ਸਿੰਘ ਪ੍ਰਧਾਨ

ਜਸਰੂਪ ਸਿੰਘ ਮੀਤ ਪ੍ਰਧਾਨ

ਅੰਮ੍ਰਿਤਪਾਲ ਮਾਂਗਟ ਖਜ਼ਾਨਚੀ

ਅੰਮ੍ਰਿਤਪਾਲ ਗਿੱਲ

ਦੀਪਾ ਬੰਦੇਸ਼ਾ

ਗੁਰਦੇਵ ਸਿੰਘ ਗਿੱਲ

ਪਰਮਿੰਦਰ ਸਿੰਘ ਵਾਲੀਆ

ਅਮਰਦੇਵ ਸਿੰਘ ਬੰਦੇਸ਼ਾ

ਬਲਵਿੰਦਰ ਸਿੰਘ ਚੱਠਾ

ਦਰਸ਼ਨ ਸਿੰਘ ਪੰਮਾ

ਅਮਰਜੀਤ ਬੰਦੇਸ਼ਾ

ਮਨਜਿੰਦਰ ਸਿੰਘ ਚੀਮਾ

For Further Information: Phone: 920-460-1001, 847-561-7101, 630-523-3412, 815-546-0525, 847-544-1788, 708-612-7963, 847-338-3866, 847-477-1613, 630-947-3686, 847-271-7451

Shere Punjab Sports Club-Chicago (Midwest)

CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ

Punjabi Cultural Society of Chicago

Celebrating 30 Years of Community Service

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

To Celebrate Vaisakhi PCS Presents...

Rangla Punjab 2024!

Saturday, April 20, 2024
6:00 PM Sharp
Copernicus Center
5216 W Lawrence Ave
Chicago, IL 60630

Attractive Raffle Prizes for Rangla Punjab 2024 Ticket Holders.

$125 (VIP Seats with Dinner)
$65 (Preferred Seats), $40 (General Seating)

- Assigned Seats for all
- Limited Free Parking
- Children Under 5 yr Free (Need to be in Lap)

SPONSORS & VENDORS ENCOURAGED

Please email: info@PCSChicago.org or call: (847) 359-5PCS

Scan me!

More Information at:
https://www.pcschicago.org

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org



Kavi Raz (Chief Guest)
World Renowned Hollywood Actor & Film Director

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

PCS Board of Directors 2024

Dr. Vikram Singh Gill (Chairman)

Manjeet S Bhalla (President)

Navtej S. Sohi (Vice President)

Parmjot S.Parmar (Executive Secretary)

Bikram Singh Sohi (Sports Director)



Gurlal S. Bhattal (Finance Director)

Gurpreet Sidhu (Asst. Finance & IT Director)

Jigerdeep Singh Dhillon (Inter Community Director)

Paramvir Kaur (Youth Director)

Tejveer S Soodan (Special Projects Director)

Bhupinder S Dhaliwal (Past President)

Nick Balwinder Singh (Past Chairman)

PCS Board of Governors

Rajinder S. Mago

Mohinderjit S. Saini

Harwinder Paul S. Lail

Bhinder S. Pamma

Jasbir S. Palia

Balwinder S. Girn

Amarjit K. Atwal

Vick Singh

PCS Board of Advisors

Parvinder Singh Nanua

Gurmit S. Dhillon

Surinder Palia

ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

Rangla Punjab 2024 Sponsors



Darshan Singh Dhaliwal · Dr. Bhupinder Singh Saini · Narinder S. Grewal MD · Dr. Harjinder S. Khaira · Gulzar S Multani · Dr. Vikram Singh Gill · Nick Balwinder · Dr. Param Singh · Kevindeep Atwal · Jagmohan S. Begowal · Jatinder S. Khangura · Kamaljit Ghuman · Dr. Amrik Singh Sohi

Jaidev S. Bhattal · Jaskaran S. Dhaliwal · Balvinder S. Cheema · Dr. Shivam Patel · Jasdeep Saran · Parminder S. Goldi · Sarwan S. Tiwana · Jasbir Suga · Amritpal S. Mangat · Avtar Singh Bhaura · Harbhajan Singh Kalyanpur · Ronnie Singh · Amrik Singh

Lucky Sahota · Harkewal Singh Lally · Lakhbir S. Sandhu · Rajinder Dayal · Amolak Singh Gidda · Iqbal Singh Saini · Jagjit Singh Dhindsa · Parshan Singh Mann · Jassi Dhaliwal · Manjit S. Dhanoa · Harjinder S. Kahlon · Jorawar Singh

Dr. Puneet Grewal Dhillon · Amandeep Kaur Gill · Dr. Amrit Virk · Dalvir Kaur Parmar · Barinderjit Kaur · Davinder S. Rangi · Swaran Singh Sekhon · Pali Dhaliwal · Ranbir Singh Dhaliwal · Jairam S. Kahlon · Dr. Hargurmukhpal Singh · Dr. Gurdial Singh Basran · Late S. Pritam Singh Nanua

Sher-E-Punjab Sports & Cultural Club, Chicago

Baljit Tiwana · Jaswinder Gill · Deepinder Virk · Honey Khangura · Kamaljit Ghuman · Jindi Khangura · Jinder Benipal

Onkar S Sahota · Pindi Chhina · Goldy Lally · Harjinder Samra · Manjit Singh · Manmohan S. Bhathal · Navjot Singh

PATEL BROTHERS 50

PATEL BROTHERS "Celebrating Our Food....Our Culture"

icons printing & signs



HT HAMPSHIRE TIRES

HAWK TRUCK DRIVING SCHOOL

PAO www.paochicago.org

Sher-E-Punjab Sports Club, Chicago (Midwest)

Lakhwinder Singh · Jasroop singh · Amritpal Mangat · Amritpal Gill · Deepa Bandesha · Gurdev S. Gill · Parminder S. Walia · Amardev S. Bandesha · Balwinder Chatha · Darshan Pamma · Amarjit Bandesha · Manjinder Singh

Lakeland Dental

Midwest Mind Care

Punjab Sports Club, Chicago



Santokh S. Ghuman · Lucky Sahota · Ajaib Singh Lakhan · Happy Heer · Dr. Harjinder Khaira · Narinder Singh Sran · Jaskaran S. Dhaliwal · Rajinder Dayal · Harwinder Billa · Hardeep Gill · Parminder Saimbi · Jaspal Midha





ਸਮੁੰਦਰ ਨੂੰ ਸਵਾਲ ਦੇ ਬਹਾਨੇ ਸ਼ਾਇਰੀ ਦੀਆਂ ਛੱਲਾਂ

'ਸਮੁੰਦਰ ਨੂੰ ਪੁੱਛੇ ਨਦੀ' ਸੰਦੀਪ ਜਸਵਾਲ ਦਾ ਦੂਜਾ ਕਾਵਿ ਸੰਗ੍ਰਹਿ ਹੈ। ਪਹਿਲਾ ਕਾਵਿ ਸੰਗ੍ਰਹਿ 'ਰੂਹ ਦੀ ਪਰਵਾਜ਼' ਅੱਠ ਸਾਲ ਪਹਿਲਾਂ ਛਪਿਆ ਸੀ। ਸੰਦੀਪ ਜਸਵਾਲ ਦੀ ਕਵਿਤਾ ਪਰਿੰਦਿਆਂ ਦੇ ਉਡਣ ਦੀ ਤਾਂਘ, ਜ਼ਖ਼ਮੀ ਹੋਣ ਤੇ ਪੀੜ ਸਹਿਣ ਅਤੇ ਪਰਤ ਆਉਣ ਦੀ ਚਾਹਤ ਦੀ ਕਵਿਤਾ ਹੈ।

ਕਲਾ ਪਰਿਕਰਮਾ

ਜਸਬੀਰ

'ਸਮੁੰਦਰ ਨੂੰ ਪੁੱਛੇ ਨਦੀ' ਸੰਦੀਪ ਜਸਵਾਲ ਦਾ ਦੂਜਾ ਕਾਵਿ ਸੰਗ੍ਰਹਿ ਹੈ। ਪਹਿਲਾ ਕਾਵਿ ਸੰਗ੍ਰਹਿ 'ਰੂਹ ਦੀ ਪਰਵਾਜ਼' ਅੱਠ ਸਾਲ ਪਹਿਲਾਂ 2016 ਵਿਚ ਛਪਿਆ ਸੀ। 'ਰੂਹ ਦੀ ਪਰਵਾਜ਼' ਤੋਂ ਪਹਿਲਾਂ ਜਦੋਂ ਉਸ ਦੀਆਂ ਨਜ਼ਮਾਂ ਛਪੀਆਂ ਸਨ ਤਾਂ ਪਾਠਕਾਂ ਨੇ ਉਸ ਦੀ ਸ਼ਾਇਰੀ ਵਿਚਲੀ ਤਾਜ਼ਗੀ ਬਾਰੇ ਚਰਚਾ ਛੇੜਿਆ ਸੀ। ਇਹ ਤਾਜ਼ਗੀ 'ਸਮੁੰਦਰ ਨੂੰ ਪੁੱਛੇ ਨਦੀ' ਵਿਚ ਵੀ ਉਵੇਂ ਹੀ ਹਾਜ਼ਰ-ਨਾਜ਼ਰ ਹੈ ਸਗੋਂ ਇਸ ਵਿਚ ਹੁਣ ਬਦਲਦੇ ਜ਼ਮਾਨੇ ਦੇ ਰੰਗ ਓਨੀ ਹੀ ਸ਼ਿੱਦਤ ਨਾਲ ਉਘੜਦੇ ਨਜ਼ਰੀਂ ਪੈਂਦੇ ਹਨ। ਜ਼ਮਾਨਾ ਬਦਲ ਰਿਹਾ ਹੈ ਤਾਂ ਉਸ ਮੁਤਾਬਿਕ, ਹੁਣ 'ਰੀਤ ਵੀ ਬਦਲ ਜਾਣੀ ਚਾਹੀਦੀ ਹੈ'; ਉਹ ਸੁਦਾਮੇ ਵਾਲੀ ਕਥਾ ਐਨ ਉਲਟਾ ਕੇ ਚਿਤਵਦੀ ਹੈ। ਸਵਾਲ ਹੈ: ਸੁਦਾਮਾ ਹੀ ਕ੍ਰਿਸ਼ਨ ਕੋਲ ਕਿਉਂ ਜਾਵੇ? ਇੱਥੇ ਇਸੇ ਪ੍ਰਸੰਗ ਦਾ ਇਕ ਹੋਰ ਪ੍ਰਸੰਗ ਵੀ ਉਘੜਦਾ ਹੈ: 'ਤੁਰੀ ਹੋਈ ਤਾਂ/ਮੈਂ ਹਾਂ ਤੇਰੇ ਵੱਲ/ਤੂੰ ਖੜ੍ਹਾ-ਖਲੋਤਾ ਹੀ ਬੇਚੈਨ ਕਿਉਂ ਰਹਿੰਦੈਂ'। ਅਸਲ ਵਿਚ, ਇਹ ਚੇਤਨਾ ਦੀ ਉਹ ਲੀਕ ਹੈ ਜਿਹੜੀ ਸੱਚਮੁੱਚ 'ਸੱਤਾ' ਨੂੰ ਬੇਚੈਨ ਕਰ ਰਹੀ ਹੈ। ਇਹ ਚੇਤਨਾ ਜਦੋਂ ਸੋਝੀ ਵਿਚ ਤਬਦੀਲ ਹੁੰਦੀ ਹੈ ਤਾਂ ਇਹ ਸਤਰਾਂ ਜਨਮ ਧਾਰਦੀਆਂ ਹਨ:

ਮੈਂ ਘਰ ਬਣਾਇਆ
ਤੂੰ ਘਰ ਦਾ ਬੂਹਾ ਬਣ ਬੈਠਾ
ਬਾਹਰੋਂ ਲੰਘਦਾ ਵਕਤ
ਤੇਰੀ ਮਰਜ਼ੀ 'ਚ ਰਲ਼ ਗਿਆ
... ਬੱਚੇ ਮੇਰੇ ਤੇਰੇ ਵਾਰਸ ਬਣ ਗਏ

ਉਂਝ, ਘਰ ਦਾ ਇਹ ਬਿਰਤਾਂਤ ਦੋਹਰਾ ਸੇਕ ਝੱਲ ਰਿਹਾ ਹੈ। ਇਸ ਬੇਵਸੀ ਦੇ ਨਾਲੋ-ਨਾਲ ਸਹਿਮ ਵੀ ਤੁਰਦਾ ਹੈ। 'ਰੇਤ ਦੇ ਘਰ' ਕਵਿਤਾ ਵਿਚ 'ਪੈਰ ਤੇ ਟਿਕੀ ਘਰ ਦੀ ਛੱਤ' ਢਹਿ ਜਾਣ ਦਾ ਸਹਿਮ ਪਿੱਛਾ ਨਹੀਂ ਛੱਡਦਾ:

ਹੁਣ ਵੀ ਬਿਨਾਂ ਪੈਰ ਬਾਹਰ ਕੱਢਿਆਂ
ਥਾਪੜਦੀ ਰਹਿੰਦੀ ਹਾਂ
ਪੈਰ 'ਤੇ ਟਿਕੀ ਘਰ ਦੀ ਛੱਤ ਨੂੰ
ਬਚਪਨ ਦੇ ਸਹਿਮ ਨੇ
ਪਿੱਛਾ ਨਹੀਂ ਛੱਡਿਆ ਅਜੇ

ਇਸੇ ਕਰ ਕੇ 'ਦਰਾਂ ਦੇ ਬਾਹਰ' ਕਵਿਤਾ ਵਿਚ ਜਿਊਣ ਜੋਗੀਆਂ ਜਿੰਦਾਂ ਦਾ ਅੰਬਰ ਜਿੱਡਾ ਹਉਕਾ ਹੈ: 'ਆਪਣੀ ਮੁਕਤੀ ਲਈ/ਅਸੀਂ ਕਿਹੜੇ ਦਰ 'ਤੇ ਪੇਸ਼ ਹੋਈਏ/ਪੈਰਾਂ ਵਿਚੋਂ ਉਤਾਰੀਆਂ ਜੁੱਤੀਆਂ/ਬਾਹਰ ਪਈਆਂ ਸੋਚ ਰਹੀਆਂ ਨੇ'। ਇਹੀ ਰੰਗ 'ਗੌਤਮ' ਦਾ ਹੈ। ਸ਼ਾਇਰਾ ਦਾ ਚਿਤਵਨ ਹੈ ਕਿ ਉਹ ਨਿਰਵਾਣ ਖਾਤਿਰ ਆਪਣੀ ਮਿੱਟੀ ਨਾ ਛੱਡੇ। ਇਸੇ ਲਈ ਚਾਹੁੰਦੀ ਹੈ, ਗੌਤਮ ਯਸ਼ੋਧਰਾ ਦੇ ਜਾਗਣ ਤੋਂ ਪਹਿਲਾਂ-ਪਹਿਲਾਂ ਪਰਤ ਆਵੇ ਪਰ ਦਿਲ ਅੰਦਰ ਉਤਰੀ ਇਹ ਸੋਚ, ਸੱਚ ਨਹੀਂ ਬਣਦੀ ਸਗੋਂ ਇਸ ਤੋਂ ਐਨ ਉਲਟ ਵਾਪਰਦਾ ਹੈ। ਨਾ ਵਾਪਰਨ ਦੀ ਇਹ ਤਕਲੀਫ਼ 'ਪਰਿੰਦੇ' ਕਵਿਤਾ ਵਿਚ ਵਟ ਜਾਂਦੀ ਹੈ। ਇਸ ਦੇ ਨਾਲ ਹੀ ਸੰਵਾਦ ਦੀ ਗੁੰਜਾਇਸ਼ ਵੀ ਜਾਂਦੀ ਲੱਗਦੀ ਹੈ। 'ਪਰਿੰਦੇ' ਪੜ੍ਹਦਿਆਂ ਪਾਠਕ ਖ਼ਾਮੋਸ਼ੀ ਦੀ ਜੂਨੇ ਪੈ ਜਾਂਦਾ ਹੈ। ਬਿੱਠਾਂ ਨਾਲ ਲਿਬੜੇ ਪੱਤਿਆਂ ਦੀ ਤਸ਼ਬੀਹ ਮੁਹੱਬਤੀ ਪਲਾਂ-ਛਿਣਾਂ ਨੂੰ ਤੇਜ਼ਾਬ ਦੇ ਛਿੜਕਾਓ ਵਾਂਗ ਛਾਣ ਸੁੱਟਦੀ ਹੈ। ਇਹ ਖ਼ਾਮੋਸ਼ੀ ਫਿਰ 'ਚਾਈਨਾ ਡੋਰ' ਨਾਲ ਹੀ ਟੁੱਟਦੀ ਹੈ। ਇਹ ਅਸਲ ਵਿਚ ਅਣਦਿਸਦੀ ਹਿੰਸਾ ਹੈ ਜਿਸ ਦੀ ਮਾਰ ਬੇਆਵਾਜ਼ ਹੈ। ਅੰਬਰ ਛੂਹ ਕੇ ਪਰਤ ਰਹੇ ਪੰਛੀ ਲਈ ਡੋਰ ਛੁਰੀ ਵਾਂਗ ਚਲਦੀ ਹੈ। 'ਨਿੱਕੇ-ਨਿੱਕੇ ਬੋਟ' ਵਿਚ ਇਹ ਹਿੰਸਾ ਹੋਰ ਵੀ ਸੂਖ਼ਮ ਹੋ ਜਾਂਦੀ ਹੈ। ਕੋਈ ਚਿਤਵ ਵੀ ਨਹੀਂ ਸਕਦਾ ਕਿ ਕਿਸੇ ਪਰਿੰਦੇ ਦਾ ਜੀਅ ਹੁਣ ਉੱਡਣ ਨੂੰ ਨਹੀਂ ਕਰਦਾ। ਕਿਉਂ ਨਹੀਂ ਕਰਦਾ? ਇਹ ਸਵਾਲ ਇੱਥੇ ਨਿਰਰਥਕ ਹੈ। ਸੰਦੀਪ ਨੇ ਇਸ ਚੱਕਰਵਿਊਹ ਦੀ ਵਿਆਖਿਆ ਹੀ ਇਵੇਂ ਕੀਤੀ ਹੈ ਕਿ ਸਵਾਲ ਸਿਫ਼ਰ ਹੋ ਜਾਂਦਾ ਹੈ। 'ਸ਼ੀਸ਼ੇ ਦੀ ਕੈਦ', 'ਲਿਵ-ਇਨ ਰਿਲੇਸ਼ਨਸ਼ਿਪ', ਹੰਝੂ' ਆਦਿ ਕਵਿਤਾਵਾਂ ਇਸੇ ਹਿੰਸਾ ਦਾ ਪਾਸਾਰ ਹਨ। 'ਸਾਰੰਗੀ ਦਾ ਰੁਦਨ', 'ਗਿਰਦਾ ਹੰਝੂ', 'ਭਾਰੀ ਪੈਰ' ਵਾਲੀਆਂ ਸਭ ਤਸ਼ਬੀਹਾਂ ਇਸ ਪਾਸਾਰ ਦਾ ਅਗਲਾ ਮਰਹਲਾ ਹਨ। 'ਮੈਂ ਤੇ ਮਾਂ' ਕਵਿਤਾ ਵਿਚ ਲਿਖਿਆ ਤਾਂ 'ਸਮਾਂ ਕਿੰਨਾ ਬਦਲ ਗਿਆ' ਹੈ ਪਰ ਇਸ ਦੇ ਅਰਥ 'ਬਦਲਿਆ ਕੁਝ ਵੀ ਨਹੀਂ' ਹੀ ਸਮਝ ਪੈਂਦੇ ਹਨ। ਯਥਾ-ਸਥਿਤੀ ਦੇ ਅਜਿਹੇ ਪਲ 'ਮੁਆਵਜ਼ਾ' ਕਵਿਤਾ ਵਿਚ ਬਹੁਤ ਕਰੂਰ ਹਨ। ਮਜ਼ਦੂਰ ਦਾ ਹੱਥ ਵੱਢਿਆ ਜਾਂਦਾ ਹੈ ਪਰ ਮਸ਼ੀਨ ਫਿਰ ਚੱਲ ਪੈਂਦੀ ਹੈ। ਸਿਰਹਾਣਿਆਂ 'ਤੇ ਕੱਢੇ ਤਿੱਤਰ ਮੋਰ ਜਹਾਜ਼ ਵਿਚ ਬਹਿ ਕੇ ਉੱਡ ਜਾਂਦੇ ਹਨ। ਔੜ ਵਿਚ ਫੂਕੀ ਗੁੱਡੀ ਨਾਲ ਕਈ ਕੁਝ ਸੜਦਾ ਜਾਪਦਾ ਹੈ ਅਤੇ ਸਹਿਮ ਅਛੋਪਲੇ ਜਿਹੇ ਨਾਲ ਆਣ ਬੈਠਦਾ ਹੈ ਤੇ ਬੈਠਾ ਹੀ ਰਹਿੰਦਾ ਹੈ। ਇਨ੍ਹਾਂ ਪਲਾਂ ਨੂੰ ਫੜਦਿਆਂ ਹੀ ਸੰਦੀਪ ਨੇ 'ਸਿਰ ਤੇ ਵੀ ਬਹੁਤ ਭਾਰ ਸੀ/ਸਦਾਚਾਰ ਦਾ ਟਿਕਿਆ ਹੋਇਆ ਸੀ ਟੋਕਰਾ' ਵਰਗੀਆਂ ਸਤਰਾਂ ਲਿਖੀਆਂ। ਇਸ ਵਿਚ ਜਦੋਂ ਵਿਰਸੇ ਦਾ ਭਾਰ ਰਲ਼ਦਾ ਹੈ ਤਾਂ ਬਹੁਤ ਕੁਝ ਭਸਮ ਹੁੰਦਾ ਭਾਸਦਾ ਹੈ।

ਸ਼ਾਇਰਾ ਸੰਦੀਪ ਜਸਵਾਲ ਅਤੇ (ਹੇਠਾਂ) ਉਸ ਦੇ ਨਵੇਂ ਕਾਵਿ ਸੰਗ੍ਰਹਿ 'ਸਮੁੰਦਰ ਨੂੰ ਪੁੱਛੇ ਨਦੀ' ਦਾ ਮੁਖੜਾ।

ਸੰਦੀਪ ਜਸਵਾਲ ਜ਼ਿੰਦਗੀ ਅੰਦਰ ਉਤਰੇ ਇਨ੍ਹਾਂ ਮਰਹਲਿਆਂ ਨੂੰ ਔਰਤ ਦੇ ਜ਼ਾਵੀਏ ਤੋਂ ਦੇਖਦੀ ਹੈ। ਇਨ੍ਹਾਂ ਮਰਹੱਲਿਆਂ ਨੂੰ ਸ਼ਬਦਾਂ ਦੇ ਰੂਪ ਵਿਚ ਪੇਸ਼ ਕਰਨਾ ਉਸ ਦਾ ਦਾਈਆ ਹੈ। ਇਹ ਆਪਣੀ ਕਹਾਣੀ ਆਪ ਕਹਿਣ ਦਾ ਦਾਈਆ ਹੈ; ਨਹੀਂ ਤਾਂ ਕਿੰਨੇ ਉਜਾੜੇ ਬੇ-ਬਿਆਨ ਹੀ ਰਹਿ ਜਾਂਦੇ ਹਨ। ਲਿਖਿਆ ਹੈ:

ਮੈਂ ਤਖ਼ਤ ਹਜ਼ਾਰੇ ਵੱਸਣਾ ਸੀ
ਪਰ ਰੰਗਪੁਰ ਜਾ ਕੇ ਉੱਜੜ ਗਈ
... ਜਿਨ੍ਹਾਂ ਹੀਰਾਂ ਦੇ ਭਾਗਾਂ ਵਿਚ
ਰਾਂਝੇ ਤੇ ਸੈਦੇ ਹੀ ਹੁੰਦੇ ਨੇ
ਵਾਰਿਸ ਨਹੀਂ ਹੁੰਦੇ
ਉਨ੍ਹਾਂ ਨੂੰ ਕੋਈ ਨਹੀਂ ਜਾਣਦਾ

ਇਨ੍ਹਾਂ ਸਤਰਾਂ ਨੇ ਉਹ ਅਫਰੀਕੀ ਕਹਾਵਤ ਯਾਦ ਕਰਵਾ ਦਿੱਤੀ ਜਿਸ ਵਿਚ ਸ਼ਿਕਾਰੀਆਂ ਦੇ ਇਤਿਹਾਸ ਲਿਖਣ ਦਾ ਜ਼ਿਕਰ ਹੈ। ਸ਼ਿਕਾਰੀ ਤਾਂ ਸਿਰਫ਼ ਆਪਣੀ ਦਲੇਰੀ ਦੇ ਕਿੱਸੇ ਬਿਆਨ ਕਰਦਾ ਹੈ, ਜੇ ਕਿਤੇ ਸ਼ੇਰ ਆਪਣਾ ਕਿੱਸਾ ਬਿਆਨ ਕਰੇ, ਫੇਰ! 'ਲੀਲ੍ਹਾ' ਵਿਚੋਂ ਇਸੇ ਨੁਕਤੇ ਦਾ ਵਿਸਥਾਰ ਸਿੰਮਦਾ ਹੈ ਪਰ ਰਤਾ ਕੁ ਵੱਖਰੇ ਲਹਿਜੇ ਵਿਚ। ਇਹ ਲਹਿਜਾ ਸਤਯ ਅਤੇ ਜਿੱਤ ਵਾਲੇ ਵਿਖਿਆਨ ਨਾਲ ਨੂੜਿਆ ਹੋਇਆ ਹੈ; ਉਂਝ, ਸੰਦੀਪ ਦਾ ਬਿਆਨ ਦੇਖੋ:

ਉਸ ਕੋਲ ਯੁੱਧ ਜਿੱਤਣ ਦੀ ਤਰਕੀਬ ਹੈ
ਬੱਸ ਯੁੱਧ ਰੋਕਣ ਦੀ ਜੁਗਤ ਨਹੀਂ

ਇਹ ਇਨ੍ਹਾਂ ਸਤਰਾਂ ਵਿਚਲੇ 'ਉਸ' ਦਾ ਹੀ ਸਾਰਾ ਜਲੌਅ ਹੈ ਜੋ ਲੀਲ੍ਹਾ ਰਚਾਉਂਦਾ ਹੈ ਪਰ ਸੰਦੀਪ ਜਦੋਂ ਕਵਿਤਾ ਅੰਦਰ ਮਾਂ ਨਾਲ ਜੁੜ ਕੇ ਲੀਲ੍ਹਾ ਰਚਾਉਂਦੀ ਹੈ ਤਾਂ ਇਸ ਜਲੌਅ ਨੂੰ ਤੀਲੀ ਲੱਗ ਜਾਂਦੀ ਹੈ। ਫਿਰ 'ਗੁਲਾਬੀ ਚੁੰਨੀ' ਵਾਲੇ ਗੁਲਾਬੀ ਰੰਗ ਦੀ ਕਦੀ ਵੀ ਨਾ ਖ਼ਤਮ ਹੋਣ ਵਾਲੀ ਮਹਿਕ ਮੱਲੋਜ਼ੋਰੀ ਦੁਆਰ ਖੜਕਾਉਂਦੀ ਹੈ। ਇਹ ਬੰਦ ਦੁਆਰ ਕਦੀ ਖੁੱਲ੍ਹਣਾ ਨਹੀਂ, ਪਤਾ ਹੈ ਪਰ ਮਹਿਕ ਤਾਂ ਮਹਿਕ ਹੈ, ਆ ਹੀ ਜਾਣੀ ਹੈ। 'ਗੁਲਾਬੀ ਚੁੰਨੀ' ਤੋਂ ਬਾਅਦ ਜਦੋਂ 'ਅਟੈਚੀ' ਨਾਂ ਦੀ ਕਵਿਤਾ ਖੁੱਲ੍ਹਦੀ ਹੈ ਤਾਂ ਗੁਲਾਬੀ ਤੋਂ ਕਿਤੇ ਗੂੜ੍ਹਾ ਲਾਲ ਰੰਗ ਵੀ ਤਹਿਆਂ ਅੰਦਰ ਟਿਕ ਜਾਂਦਾ ਹੈ। ਦੋਹੀਂ ਥਾਈਂ ਤਹਿਆਂ ਅੰਦਰ ਹੋਰ ਵੀ ਬੜਾ ਕੁਝ ਟਿਕ ਜਾਂਦਾ ਹੈ ਜਿਸ ਦੀ ਮਹਿਕ ਕਦੀ ਨਹੀਂ ਮਰਦੀ। ਇਸ ਪੀੜ ਕਰ ਕੇ 'ਪਿਆਸ' ਕਵਿਤਾ ਵਰਗੀ ਰੀਝ ਮੌਲਦੀ ਹੈ ਤੇ ਉੱਥੇ ਮੁਹਲੇਧਾਰ ਮੀਂਹ ਰੰਗ ਖੋਰ ਦਿੰਦਾ ਹੈ। ਬੱਸ, ਇਹੀ ਉਹ ਗੇੜ ਹੈ ਜਿਸ ਨੂੰ ਸੰਦੀਪ ਆਪਣੀਆਂ ਕਵਿਤਾਵਾਂ ਵਿਚ ਲਗਾਤਾਰ ਗੇੜਦੀ ਹੈ:

ਪਿਆਰ ਵੀ
ਛਲੇਡਾ ਬਣ ਟੱਕਰਿਆ ਹੈ
ਜਦੋਂ ਵੀ ਛੂਹਣ ਦੀ ਕੋਸ਼ਿਸ਼ ਕਰਦੇ ਹਾਂ
ਰੂਪ ਵਟਾ ਲੈਂਦੈ
ਪ੍ਰੇਮੀ ਪਤੀ ਬਣ ਜਾਂਦੈ/ਪਤੀ ਪਰਮੇਸ਼ਵਰ
ਭਲਾ ਪਰਮੇਸ਼ਰ ਤੋਂ ਵੱਡਾ ਛਲ ਕੀ

ਇਸ ਗੇੜ ਵਿਚ ਪਏ ਜਿਊੜੇ ਉਡਣਾ ਭੁੱਲ ਜਾਂਦੇ। ਜਿੱਥੇ ਚੋਗਾ ਚੁਗਣ ਜਾਂਦੇ, ਉੱਥੇ ਹੀ ਘਰ ਬਣਾ ਲੈਂਦੇ। ਸੰਦੀਪ ਇਨ੍ਹਾਂ ਸੂਖ਼ਮ ਅਹਿਸਾਸਾਂ ਨੂੰ ਚੋਗ ਚੁਗਣ ਵਾਲੇ ਸਹਿਜ ਵਾਂਗ ਸਮੇਟਦੀ ਹੈ। 'ਇੱਟਾਂ' ਅਤੇ 'ਸਿਆਹੀ' ਵਾਲੇ ਅੰਤਾਂ ਦੇ ਦਰਦ ਨੂੰ ਵੀ ਉਹ ਇਸੇ ਸਹਿਜ ਨਾਲ ਕਹਿ ਸੁਣਾਉਂਦੀ ਹੈ ਜਿਸ ਵਿਚ ਨੀਂਹ ਤੇ ਚੁਬਾਰੇ ਵਾਲਾ ਫ਼ਰਕ ਹੈ। ਇਹ ਸਹਿਜ 'ਪਰਵਾਸੀ' ਵਿਚ ਸਿਖਰ ਬਣ ਜਾਂਦਾ ਹੈ:

ਬਦਲੇਗਾ ਜਦ ਕਦੇ ਮੌਸਮ
ਪਰਿੰਦੇ ਪਰਤ ਆਵਣਗੇ

ਸੰਦੀਪ ਜਸਵਾਲ ਦੀ ਕਵਿਤਾ ਇਨ੍ਹਾਂ ਪਰਿੰਦਿਆਂ ਦੇ ਉਡਣ ਦੀ ਤਾਂਘ, ਜ਼ਖ਼ਮੀ ਹੋਣ ਤੇ ਪੀੜ ਸਹਿਣ ਅਤੇ ਪਰਤ ਆਉਣ ਦੀ ਚਾਹਤ ਦੀ ਕਵਿਤਾ ਹੈ।

ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਅਪਰੈਲ 2024 ਹੈ। -ਸੰਪਾਦਕ

ਕੈਪਸ਼ਨ ਮੁਕਾਬਲਾ-634



ਕ੍ਰਿਸਟਲ ਕੇਵ ਧਰਤੀ ਦੇ ਅੰਦਰ, ਬਾਹਰ ਬੱਚੀ ਨੇ ਹੈ ਫ਼ੋਟੋ ਖਿਚਾਈ,
ਆਂਡਾ ਟੁੱਟ ਜਿਉਂ ਚੂਚਾ ਨਿਕਲੇ, ਦੇਖੋ ਭੋਲ਼ੀ ਜਿਹੀ ਹੈ ਸੂਰਤ ਬਣਾਈ।
ਕੁਦਰਤ ਦੀ ਇਹ ਖੇਡ ਅਨੋਖੀ, ਜ਼ਮੀਨ ਥੱਲੇ ਕਾਦਰ ਖ਼ੁਦ ਸਜਾਈ,
ਰੱਬ ਸਬੱਬੀਂ ਜੇ ਮੌਕਾ ਮਿਲ਼ ਜਾਏ, ਕਹਿੰਦੀ ਆ ਕੇ ਦੇਖੋ ਮਾਈ ਭਾਈ।

ਕੈਪਸ਼ਨ ਮੁਕਾਬਲਾ-632

ਦਿਨ ਗਰੀਬੀਆਂ ਵਾਲ਼ੇ ਲੰਘੇ,
ਕਦੇ ਨਾ ਬਾਹਲੇ ਚੰਗੇ ਸੀ,
ਪੁਰਾਣੀਆਂ ਚੀਜ਼ਾਂ ਸੰਗ ਪ੍ਰੇਮ,
ਟਾਇਰ ਟਿਊਬ ਦੇ ਪੰਗੇ ਸੀ।
ਟਿਕੇ ਦੁਪਹਿਰੇ ਗਰਮੀ ਵਿਚ,
ਰੜੇ ਪਟਾਕਾ ਪੈ ਜਾਂਦਾ ਸੀ,
ਪੱਚ ਰਖਵਾ ਕੇ ਸਾਰਦੇ ਬੁੱਤਾ,
ਠੱਕ ਠੱਕ ਰੁੜਦਾ ਜਾਂਦਾ ਸੀ।
-ਸੇਵਾ ਸਿੰਘ ਨੂਰਪੁਰੀ

ਕਿਸੇ ਵੇਲੇ ਸਾਈਕਲ ਨੂੰ ਸਾਂਭ ਸਾਂਭ ਕੇ,
ਰਖਦੇ ਸੀ ਲੋਕੀਂ ਜਾਨ ਤੋਂ ਪਿਆਰਾ।
ਲੰਬੀਆਂ ਵਾਟਾਂ ਦਾ ਹੁੰਦਾ ਸੀ ਪਾਂਧੀ,
ਰੇਸਾਂ ਲਗਾਉਣ ਦਾ ਸੀ ਵੱਖਰਾ ਨਜ਼ਾਰਾ।
ਮਾਲਕ ਹੁਣ ਤੁਰਦਾ ਲੰਗ ਮਾਰ ਕੇ,
ਇਹਦੇ ਟਾਇਰਾਂ ਵਿਚ ਪਚ ਭਰਤੇ।
ਬੇਕਾਰ ਦੋਵੇਂ ਹੀ ਲੱਗਣ ਲਗ ਪਏ,
ਵਿਚ ਖੂੰਜਿਆਂ ਦੇ ਧਰਤੇ।
-ਗੁਰਦੇਵ ਸਿੰਘ ਢਪਾਲੀ
ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।
ਫੋਨ: 94176-49275

ਲੰਬੇ ਪੈਂਡੇ, ਲੰਬੀਆਂ ਰਾਹਾਂ
ਉਲਝੀ ਜ਼ਿੰਦਗੀ, ਕਮਾਉਂਦੇ ਨਾਵਾਂ
ਸਾਥ ਛੱਡ ਗਏ ਸਕੇ ਸਬੰਧੀ
ਬੱਸ ਇਕ ਤੂੰ ਹੀ
ਨਿਭਿਆ ਵਾਂਗ ਭਰਾਵਾਂ।
-ਚਰਨਜੀਤ ਕੌਰ

ਟਾਕੀ ਯੁੱਗ ਤੋਂ
ਕਲਾਕਾਰੀ ਯੁਗ ਹੈ ਆਇਆ
ਕੰਜੂਸਾਂ ਤੇ ਖਪਤਕਾਰਾਂ ਨੇ ਗ
ਲਬਾ ਹੈ ਪਾਇਆ
ਸਾਈਕਲਾਂ ਦੇ ਟਾਇਰਾਂ ਤੋਂ ਲੈ ਕੇ
ਝੱਗਿਆਂ ਨੂੰ ਲੱਗਦੀ ਸੀ ਟਾਕੀ
ਆਧੁਨਿਕਤਾ ਤੇ ਖਪਤਕਾਰੀ ਨੇ
ਸਮੀਕਰਨ ਬਦਲੇ
ਕੰਜੂਸੀ ਛੱਡੀ ਨਾ ਕਲਾਕਾਰੀ ਬਾਕੀ।
ਕਲਾਕਾਰਾਂ ਨੇ ਫੜਿਆ
ਸਿਆਸਤ ਦਾ ਪੱਲਾ
ਜਾਮ ਪਿਲਾਉਂਦੇ ਪੜ੍ਹੇ ਲਿਖੇ ਸਾਕੀ।
-ਅਮਰਜੀਤ ਸਿੰਘ ਤੂਰ
ਕੁਲਬੁਰਛਾਂ (ਪਟਿਆਲਾ)

ਨਹੀਂ ਭੁੱਲ ਸਕਦੇ ਉਹ ਦੁਪਹਿਰਾਂ
ਨਹਿਰ ਨਾਲ ਕੱਚੇ ਰਸਤੇ ਆਉਂਦਿਆਂ
ਠਾਹ ਪਟਾਕਾ ਗਾਰੇ 'ਚ
ਫਸਿਆ ਸਾਈਕਲ
ਤੱਕ ਇਧਰ ਉਧਰ ਕੋਈ ਦੇਸੀ ਮਕੈਨਿਕ
ਵਕਤ ਵੀ ਸੀ ਤੰਗੀਆਂ ਦਾ
ਜ਼ਿੰਗਦੀ ਸਾਦੀ ਪਰ ਸੁਰੱਖਿਅਤ ਸੀ
ਟਿਊਬ, ਟਾਇਰ ਦੋਨੋਂ ਛਣਨੀ
ਤਰਲੇ, ਬੁੱਤਾ ਸਾਰੋ ਲਾ ਪੈਂਚਰ
ਮਾੜਾ ਮੋਟਾ ਚੱਲਣ ਜੋਗਾ ਤਾਂ ਹੋ ਗਿਆ।
-ਦਰਸ਼ਨ ਪਾਲ ਦੋਸਾਂਝ

ਸੁਰਖ਼ ਰਾਹਾਂ ਦੇ ਹਮਸਫ਼ਰ...

ਸ਼੍ਰੋਮਣੀ ਪੰਜਾਬੀ ਸਾਹਿਤਕਾਰ ਅਤੇ ਸਮਰੱਥ ਪਰਵਾਸੀ ਸ਼ਾਇਰ ਰਵਿੰਦਰ ਸਹਿਰਾਅ ਦੁਆਰਾ ਲਿਖੀ ਨਵੀਂ ਵਾਰਤਕ ਪੁਸਤਕ 'ਸੁਰਖ਼ ਰਾਹਾਂ ਦੇ ਹਮਸਫ਼ਰ' ਕੁਝ ਦਿਨ ਪਹਿਲਾਂ ਪੜ੍ਹਨ ਨੂੰ ਮਿਲੀ। ਇੱਕ ਦਿਲਚਸਪ ਕਿਤਾਬ ਜੋ ਇੱਕ ਬੈਠਣੀ ਵਿਚ ਹੀ ਪੂਰੀ ਦੀ ਪੂਰੀ ਪੜ੍ਹੀ ਗਈ। ਕਿਤਾਬ ਬਾਰੇ ਕੁਝ ਅਨੁਭਵ ਸਾਂਝੇ ਕਰਨ ਤੋਂ ਪਹਿਲਾਂ ਇੱਕ ਛੋਟੀ ਜਿਹੀ ਗੱਲ... ਕੁਝ ਅਰਸਾ ਪਹਿਲਾਂ ਦਹਾਕਿਆਂ ਦੇ ਪਰਵਾਸ ਤੋਂ ਬਾਅਦ ਪਿੰਡ ਦੀ ਵਿਸਾਖੀ ਦਾ ਮੇਲਾ ਦੇਖਣ ਨੂੰ ਮਨ ਕੀਤਾ। ਮੇਲਾ ਦੇਖ ਕੇ ਮੇਲਾ ਦੇਖਣ ਦਾ ਚੜ੍ਹਿਆ ਚਾਅ ਓਹ ਦਾ.. ਓਹ ਗਿਆ...। ਖ਼ੂਬਸੂਰਤ, ਰੰਗ-ਬਰੰਗਾ ਅਤੇ ਲੋਕਾਂ ਨਾਲ ਭਰਿਆ ਰੌਣਕ ਮੇਲਾ ਵੀ ਮੈਨੂੰ ਨਿਰਾਸ਼ ਕਰ ਗਿਆ। ਕਸੂਰ ਮੇਲੇ ਦਾ ਨਹੀਂ ਸੀ, ਪਤਾ ਨਹੀਂ ਕਿਉਂ ਮੈਂ ਹੀ ਭੁੱਲ ਗਿਆ, ... ਮੇਲਾ ਮੇਲੀਆਂ ਦਾ ਯਾਰਾਂ ਬੇਲੀਆਂ ਦਾ!! ਵਕਤ ਦੇ ਨਾਲ ਮੇਰੇ ਯਾਰ ਬੇਲੀ ਇਧਰ-ਉੱਧਰ ਤੁਰ ਗਏ ਅਤੇ ਬੇਲੀਆਂ ਬਗੈਰ ਰੌਣਕ ਭਰਿਆ ਮੇਲਾ ਵੀ ਬੇਰੌਣਕ ਹੀ ਲੱਗਣ ਲੱਗਾ। ਸਾਡਾ ਜੀਵਨ ਵੀ ਇੱਕ ਮੇਲਾ ਈ ਹੈ, ਥੋੜ੍ਹਾ ਲੰਮਾਂ ਹੀ ਸਹੀ.. ਇਹ ਰੰਗ ਬਦਲਦੇ ਰੰਗਾਂ ਦਾ ਮੇਲਾ। ਜੀਵਨ ਜਿਉਣ ਦੇ ਤਾਣੇ ਬਾਣੇ 'ਚ ਦਿਨ ਰਾਤ ਤਾਂ ਚੜ੍ਹਦੇ ਲਹਿੰਦੇ ਈ ਰਹਿੰਦੇ ਹਨ, ਪਰ

ਡਾ. ਕੁਲਵਿੰਦਰ ਸਿੰਘ ਬਾਠ
ਕੈਲੀਫੋਰਨੀਆ, ਯੂ ਐਸ ਏ

ਜੇਕਰ ਲੰਮੇ ਰਾਹਾਂ 'ਤੇ ਚੱਲਦਿਆਂ ਕੁਝ ਹਮਖ਼ਿਆਲੀ ਹਮਸਫ਼ਰ ਮਿਲ ਜਾਣ ਤਾਂ ਇਨ੍ਹਾਂ ਰਿਸ਼ਤਿਆਂ ਦੇ ਨਿੱਘ ਵਿਚ ਜ਼ਿੰਦਗੀ ਖ਼ੂਬਸੂਰਤ ਬਣ ਜਾਂਦੀ ਹੈ।

ਸੁਰਖ਼ ਰਾਹਾਂ ਦੇ ਹਮਸਫ਼ਰ...

ਚੇਤਨਾ ਪ੍ਰਕਾਸ਼ਨ ਵਲੋਂ ਛਾਪੀ ਅਤੇ ਰਵਿੰਦਰ ਸਹਿਰਾਅ ਦੁਆਰਾ ਕਲਮਬੱਧ ਕੀਤੀ 151 ਸਫੇ ਅਤੇ 19 ਅਧਿਆਇ ਵਾਲੀ ਪੁਸਤਕ ਹੈ, ਸੁਰਖ਼ ਰਾਹਾਂ ਦੇ ਹਮਸਫ਼ਰ..। ਹੋ ਸਕਦਾ ਹੈ ਕਿ ਪੜ੍ਹਦੇ ਸਮੇਂ ਪਾਠਕਾਂ ਨੂੰ ਇਹ ਲਿਖਤ ਰਵਿੰਦਰ ਸਹਿਰਾਅ ਦੀ ਸਵੈ-ਜੀਵਨੀ ਵੀ ਲੱਗੇ। ਬਚਪਨ, ਜਵਾਨੀ, ਤੇ ਜਵਾਨੀ ਤੋਂ ਅਗਾਂਹ ਹੁਣ ਤੱਕ ਦਾ ਜਾਰੀ ਸਫ਼ਰ..ਅਤੇ ਸਫ਼ਰ ਦੇ ਹਮਸਫ਼ਰ। ਪਿੰਡ, ਸ਼ਹਿਰ, ਦੇਸ਼, ਵਿਦੇਸ਼ ਵਿਚ ਰੁੱਤਾਂ ਤੇ ਬਹਾਰਾਂ ਵਾਂਗ ਬਦਲਦੇ ਜੀਵਨ ਦੀਆਂ ਖੁਸ਼ੀਆਂ-ਗਮੀਆਂ, ਚੜ੍ਹਾਅ-ਉਤਰਾਅ ਦੇ ਨਾਲ ਨਾਲ ਹੀ ਸਮੇਂ ਦੀਆਂ ਸਰਕਾਰਾਂ ਨਾਲ ਦੋ-ਦੋ ਹੱਥ, ਜੁਝਾਰੂ ਤੇ ਇਨਕਲਾਬੀ ਸੋਚ, ਜੇਲ੍ਹ ਯਾਤਰਾਵਾਂ ਤੇ ਹੋਰ ਬੜਾ ਕੁਝ...ਹੈ ਇਸ ਕਿਤਾਬ ਵਿਚ। ਜੀਵਨ ਦੇ ਕੱਚੇ-ਪੱਕੇ ਅਤੇ ਟੇਢੇ-ਮੇਢੇ ਰਾਹਾਂ 'ਤੇ ਚੱਲਦਿਆਂ ਸੁੰਦਰ ਰੂਹਾਂ ਵਾਲੇ ਸੱਜਣ ਮਿਲਦੇ-ਵਿਛੜਦੇ ਗਏ, ਸੰਦਲੀ ਪੈੜਾਂ ਪਾਉਂਦੇ ਰਹੇ। ਕਾਫ਼ਲਾ ਬਣਦਾ ਗਿਆ। ਫਿਰ ਕੁਝ ਸੱਜਣ ਵਿਛੜ ਗਏ ਅਤੇ ਕੁਝ ਕੁ ਜ਼ਿੰਦਗੀ ਭਰ ਲਈ ਬੇਮਿਸਾਲ ਰਿਸ਼ਤਿਆਂ ਦਾ ਰੰਗ ਭਰ ਗਏ ਜੋ ਅੱਜ ਤੱਕ ਕਾਇਮ ਹੈ।

ਆਪਣੀ ਸਵਰਗਵਾਸੀ ਮਾਤਾ ਅਤੇ ਪਿੰਡ ਦੇ ਬਾਸ਼ਿੰਦਿਆਂ ਤੋ ਇਲਾਵਾ, ਰਵਿੰਦਰ ਨੇ ਇਸ ਦਸਤਾਵੇਜ਼ ਵਿਚ ਆਪਣੇ ਰਾਹਾਂ ਦੇ ਹਮਸਫ਼ਰ ਜਸਵੰਤ ਖਟਕੜ, ਦਰਸ਼ਨ ਖਟਕੜ, ਅਮੋਲਕ ਸਿੰਘ ਜੰਮੂ, ਕਮਲਜੀਤ ਵਿਰਕ, ਡਾ. ਜਗਤਾਰ, ਸੰਤ ਰਾਮ ਉਦਾਸੀ, ਨਰਿੰਜਨ ਸਿੰਘ ਢੇਸੀ, ਅਵਤਾਰ ਪਾਸ਼, ਅਨੂਪ ਵਿਰਕ, ਜਾਵੇਦ ਬੂਟਾ, ਅਤੇ ਜਸਵਿੰਦਰ ਨਾਲ ਬਿਤਾਏ ਅਭੁੱਲ ਪਲਾਂ ਨੂੰ ਕਾਫ਼ੀ ਡੂੰਘਾਈ ਅਤੇ ਸੁੰਦਰ ਸ਼ਬਦਾਂ ਵਿਚ ਪਰੋਇਆ ਹੈ। ਸਾਹਿਤ ਨਾਲ ਥੋੜ੍ਹਾ ਬਹੁਤ ਰਾਬਤਾ ਰੱਖਣ ਵਾਲੇ ਪਾਠਕਾਂ ਨੂੰ ਵੀ ਇਹ ਨਾਂਅ ਕੋਈ ਓਪਰੇ ਨਹੀਂ ਲੱਗਣਗੇ। ਇਨ੍ਹਾਂ ਹਮਸਫ਼ਰਾਂ ਵਿਚੋਂ ਕੁਝ ਕੁ ਸੱਜਣ ਤਾਂ ਆਪਣੀ ਜ਼ਿੰਦਗੀ ਦਾ ਸਫ਼ਰ ਮੁਕੰਮਲ ਕਰ ਕੇ ਇਸ ਦੁਨੀਆ ਤੋਂ ਅੱਗੜ ਪਿੱਛੜ ਚਲੇ ਵੀ ਗਏ ਹਨ। ਆਧੁਨਿਕ ਪੰਜਾਬੀ ਗ਼ਜ਼ਲ ਦੇ ਪ੍ਰਤੀਨਿਧ ਸ਼ਾਇਰ ਅਤੇ ਮੁਹੱਬਤੀ ਦੋਸਤ ਜਸਵਿੰਦਰ ਨੂੰ ਤਾਂ ਰਵਿੰਦਰ ਨੇ 'ਮਾਸ਼ੂਕ ਵਰਗੇ ਸ਼ਾਇਰ' ਦਾ ਦਰਜਾ ਦਿੱਤਾ ਹੈ। ਆਪਣੇ ਮਨ ਦੇ ਵਲਵਲਿਆਂ ਨੂੰ ਬੜੇ ਸਨੇਹ ਨਾਲ ਕਾਗਜ਼ 'ਤੇ ਉਤਾਰ ਦਿੱਤਾ ਹੈ। ਪੁਸਤਕ ਦਾ ਅੰਤ ਅਮਨ ਦੇ ਆਸ਼ਿਕ ਆਮਿਸ਼ ਲੋਕਾਂ ਬਾਰੇ ਬਹੁਤ ਜਾਣਕਾਰੀ ਭਰਪੂਰ ਲੇਖ ਨਾਲ ਕੀਤਾ ਹੈ। ਬਹੁਤ ਸਾਰੀਆਂ ਟਾਈਮ-ਲਾਈਨ ਅਤੇ ਮੂੰਹ ਬੋਲਦੀਆਂ ਯਾਦਗਾਰੀ ਤਸਵੀਰਾਂ ਵੀ ਸ਼ਾਮਲ ਕੀਤੀਆਂ ਹਨ ਜੋ ਇਸ ਪੁਸਤਕ ਨੂੰ ਹੋਰ ਵੀ ਖ਼ੂਬਸੂਰਤ ਤੇ ਦਿਲਚਸਪ ਬਣਾਉਂਦੀਆਂ ਹਨ। ਹੋਰ ਜਾਣੇ-ਪਹਿਚਾਣੇ ਨਾਮ ਅਤੇ ਕਈ ਘਟਨਾਵਾਂ ਵੀ ਇਸ ਕਿਤਾਬ ਵਿਚ ਸ਼ਾਮਿਲ ਹਨ ਜੋ ਪਾਠਕ ਕਿਤਾਬ ਨੂੰ ਪੜ੍ਹ ਕੇ ਜਾਣ ਸਕਣਗੇ ਅਤੇ ਚੰਗਾ ਮਹਿਸੂਸ ਵੀ ਕਰਨਗੇ।

ਮਾਂ-ਜਿਹਦਾ ਕਰਜ਼ ਕਦੇ ਨਾ ਲਹਿਣਾ...

ਰਵਿੰਦਰ ਸਹਿਰਾਅ ਨੇ ਇਸ ਕਿਤਾਬ ਦੀ ਸ਼ੁਰੂਆਤ ਆਪਣੇ ਘਰ ਪਰਿਵਾਰ, ਬਚਪਨ, ਘਰ ਦੀਆਂ ਤੰਗੀਆਂ-ਤੁਰਸ਼ੀਆਂ ਅਤੇ ਮਾਤਾ ਜੀ ਬਾਰੇ ਅਨੁਭਵਾਂ ਨਾਲ ਕੀਤੀ ਹੈ। ਬਾਪ ਦੇ ਪਿਆਰ ਤੋਂ ਵਾਂਝੇ ਰਹੇ ਲੇਖਕ ਨੇ ਮਾਂ ਦੇ 'ਦੁੱਖਾਂ-ਦਰਦਾਂ' ਨੂੰ ਬਹੁਤ ਇਮਾਨਦਾਰੀ ਨਾਲ ਬਿਆਨਿਆ ਹੈ ਜਿਸ ਦਾ ਕਾਰਨ ਉਹਦੀ ਆਪਣੀ ਦਾਦੀ ਸੀ ਜਾਂ ਫਿਰ ਜਾਣੇ-ਅਣਜਾਣੇ ਹੀ ਜਾਂ ਹਾਲਾਤਾਂ ਨਾਲ ਜੂਝ ਰਹੇ ਰਵਿੰਦਰ ਸਹਿਰਾਅ ਆਪ ਹੀ ਹੋਵੇ। ਮਾਂ ਦੇ ਅੰਤਿਮ ਸਮੇਂ ਅਤੇ ਮਰਨ ਉਪਰੰਤ ਉਹਦੀ ਅਰਥੀ ਨੂੰ ਮੋਢਾ ਵੀ ਨਾ ਦੇ ਸਕਣ ਦਾ ਦੁੱਖ ਮਹਿਸੂਸ ਕੀਤਾ ਹੈ। ਮਾਂ ਲਈ ਪਿਆਰ, ਤੜਪ ਅਤੇ ਪਛਤਾਵੇ ਦਾ ਅੰਦਾਜ਼ਾ ਲੇਖਕ ਵੱਲੋਂ ਇਨ੍ਹਾਂ ਸਤਰਾਂ ਤੋਂ ਸਹਿਜੇ ਈ ਲੱਗ ਜਾਂਦਾ ਹੈ..

ਮੈਂ ਬਹੁਤ ਨਾਸ਼ੁਕਰਾ ਹਾਂ ਮੇਰੀ ਮਾਂ
ਉਮਰ ਦੇ ਕਿੰਨੇ ਵਰ੍ਹੇ ਹੰਢਾਉਣ ਪਿੱਛੋਂ ਵੀ
ਤੇਰੀਆਂ ਸੋਚਾਂ ਦੀ ਤਾਣੀ ਉਲਝ ਜਾਂਦੀ ਹੈ
ਸੁਲਝਾਅ ਨਹੀਂ ਸਕਿਆ
ਤੂੰ ਸੋਚਿਆ ਸੀ
ਮੈਂ ਤੇਰੇ ਸੀਨੇ ਦੀ ਤਪਸ਼ ਨੂੰ ਠੰਢਕ ਪਹੁੰਚਾਵਾਂਗਾ
ਘਰ ਦੀਆਂ ਨੁੱਕਰਾਂ
ਜੋ ਪਰਿਵਾਰ ਦੇ ਭੁੱਖੇ ਜੀਆਂ ਨੂੰ
ਖਾਣ-ਖਾਣ ਕਰਦੀਆਂ ਸਨ
ਉਨ੍ਹਾਂ ਦੀ ਨੁਹਾਰ ਬਦਲਾਂਗਾ।
ਪਰ ਤੇਰੇ ਚਿਹਰੇ ਦੀਆਂ ਝੁਰੜੀਆਂ
ਤੇ ਭੈਣ ਦੇ ਵਿਆਹ 'ਤੇ ਲਏ ਕਰਜ਼ੇ ਦਾ ਸੂਦ
ਮੇਰੇ ਲਈ ਅੱਜ ਵੀ ਸਵਾਲੀ ਹੈ।
ਮੈਂ ਬੜਾ ਹੀ ਨਾਸ਼ੁਕਰਾ ਹਾਂ ਮੇਰੀ ਮਾਂ।

ਦਹਾਕਿਆਂ ਤੋਂ ਪਰਦੇਸ ਦੀ ਦੂਹਰੀ ਜ਼ਿੰਦਗੀ ਜਿਉਣ ਦੇ ਸਰਾਪ ਨੂੰ ਇੰਜ ਬਿਆਨ ਕੀਤਾ ਹੈ...

ਅਸੀਂ ਤਾਂ ਉਹ ਬਦਨਸੀਬ ਹਾਂ
ਜਿਨ੍ਹਾਂ 'ਚੋਂ ਬਹੁਤਿਆਂ ਨੂੰ
ਮਾਂ ਦੀ ਅਰਥੀ ਨੂੰ
ਮੋਢਾ ਦੇਣਾ ਵੀ ਨਸੀਬ ਨਹੀਂ ਹੁੰਦਾ।

ਨਕਸਲੀ ਲਹਿਰ ਦਾ ਮੱਕਾ... ਮੰਗੂਵਾਲ

ਦੋਆਬੇ ਇਲਾਕੇ ਦੇ ਪਿੰਡ ਮੰਗੂਵਾਲ ਨੂੰ ਨਕਸਲੀ ਲਹਿਰ ਦਾ ਮੱਕਾ ਕਿਹਾ ਜਾਂਦਾ ਹੈ। ਮੰਗੂਵਾਲ ਦੀ ਸਿਫ਼ਤ ਕਰਦਿਆਂ ਇਨਕਲਾਬੀ ਕਵੀ ਅਵਤਾਰ ਪਾਸ਼ ਨੇ ਕਦੇ ਆਪਣੇ ਇੱਕ ਗੀਤ ਵਿਚ ਲਿਖਿਆ ਸੀ...'ਬਣ ਜਾਣਾ ਰਾਜਧਾਨੀ ਪਿੰਡ ਮੰਗੂਵਾਲ ਨੀ।' ਰਵਿੰਦਰ ਨੇ ਵੀ ਪਿੰਡ ਮੰਗੂਵਾਲ ਦੇ ਦਰਸ਼ਨ ਖਟਕੜ, ਜਸਵੰਤ ਖਟਕੜ ਅਤੇ ਜੁਝਾਰੂ ਕਵਿਤਾ ਦੇ ਸਿਖ਼ਰਲੇ ਕਵੀ



ਪਾਸ਼ ਦੇ ਅੰਗ-ਸੰਗ ਬਿਤਾਏ ਪਲਾਂ ਅਤੇ ਉਤਰਾਵਾਂ-ਚੜ੍ਹਾਵਾਂ ਦਾ ਸੁੰਦਰ ਵਰਣਨ ਕੀਤਾ ਹੈ।

ਸਿਰੜ ਤੇ ਸਿਦਕ ਦਾ ਮੁਜੱਸਮਾ... ਅਮੋਲਕ ਸਿੰਘ ਜੰਮੂ

ਆਪਣੇ ਕਰੀਬੀ ਦੋਸਤ ਅਮੋਲਕ ਸਿੰਘ ਜੰਮੂ ਨੂੰ ਰਵਿੰਦਰ ਨੇ "ਸਿਰੜ ਤੇ ਸਿਦਕ ਦਾ ਮੁਜੱਸਮਾ" ਕਿਹਾ ਹੈ। ਉਨ੍ਹਾਂ ਬਾਰੇ ਲਿਖਿਆ ਲੇਖ ਇਸ ਕਿਤਾਬ ਦੀ ਖਿੱਚ ਵੀ ਹੈ। ਉਹ ਪੰਜਾਬ ਵਿਚ ਪੰਜਾਬੀ ਟ੍ਰਿਬਿਊਨ ਅਤੇ ਅਮਰੀਕਾ ਵਿਚ ਪੰਜਾਬ ਟਾਈਮਜ਼ ਅਖਬਾਰ ਦੇ ਸੰਪਾਦਕ ਅਤੇ ਪ੍ਰਬੰਧਕ ਸਨ। ਅਮੋਲਕ ਜੰਮੂ ਖੁਦ ਸਾਹਿਤ ਦੇ ਵਧੀਆ ਸਿਰਜਕ ਵੀ ਸਨ। ਉਨ੍ਹਾਂ ਦੀ ਯਾਦਗਾਰੀ ਲਿਖਤ "ਕਮਲ਼ਿਆਂ ਦਾ ਟੱਬਰ" ਬਹੁਤ ਦਿਲਚਸਪ ਹੈ। ਸੱਚ ਹੀ ਇੱਕ ਖਿੜੇ ਰੂਹ ਵਾਲ਼ੇ ਇਨਸਾਨ, ਜੋ ਸਿਰੜ ਅਤੇ ਸਿਦਕ ਦੀ ਮਿਸਾਲ ਸਨ। ਬਹੁਤ ਗੰਭੀਰ ਬਿਮਾਰੀ ਨਾਲ ਜੂਝਦਿਆਂ ਵੀ ਉਹ ਆਖ਼ਰੀ ਦਮ ਤੱਕ ਚੜ੍ਹਦੀ ਕਲਾ ਵਿਚ ਰਹੇ। ਅੱਜ ਜ਼ਿੰਦਾ ਹੁੰਦੇ ਤਾਂ ਇਸ ਕਿਤਾਬ ਵਿਚ ਆਪਣੇ ਬਾਰੇ ਲਿਖਿਆ ਪੜ੍ਹ ਕੇ ਉਨ੍ਹਾਂ ਨੂੰ ਬਹੁਤ ਚੰਗਾ ਲੱਗਦਾ। ਇਹ ਜਾਣ ਕੇ ਵੀ ਕਿ ਉਨ੍ਹਾਂ ਦੇ ਦੋਸਤ ਅਤੇ ਸੁਰਖ਼ ਰਾਹਾਂ ਦੇ ਹਮਸਫ਼ਰ ਉਨ੍ਹਾਂ ਬਾਰੇ ਕਿਵੇਂ ਸੋਚਦੇ ਹਨ!!

ਪਿੰਡ ਦੇ ਰਿਆੜ ਅਤੇ ਪੰਡਿਤ ਦੁਰਗਾ ਦਾਸ...

ਲੇਖਕ ਆਪਣੇ ਪਿੰਡ ਹਰਦੋ ਫ਼ਰਾਲਾ ਨੂੰ ਨਹੀਂ ਭੁੱਲ ਸਕਿਆ ਅਤੇ ਅੱਜ ਤੱਕ ਦਿਲ 'ਚ ਵਸਾਈ ਬੈਠਾ ਹੈ। ਪਿੰਡ ਲਈ ਪਿਆਰ ਦੀ ਖਿੱਚ ਦੀ ਝਲਕ ਉਸਦੇ ਪਿੰਡ ਬਾਰੇ ਲਿਖੇ ਲੇਖ "ਪਿੰਡ ਤੇ ਪਿੰਡ ਦੇ ਰਿਆੜ" ਵਿਚੋਂ ਸਾਫ਼ ਝਲਕਦੀ ਹੈ..। ਰਿਆੜਾਂ ਦੇ ਟੱਬਰ ਤੋਂ ਇਲਾਵਾ, ਪਿੰਡ ਦੇ ਇੱਕ ਸੁਲਝੇ, ਸਿਆਣੇ ਅਤੇ ਅਗਾਂਹਵਧੂ ਇਨਸਾਨ "ਪੰਡਤ ਦੁਰਗਾ ਦਾਸ" ਅਤੇ ਉਸਦੇ ਤਕੀਏ ਕਲਾਮ ਵਾਲਾ ਡਾਇਲਾਗ "ਯੂ.. ਬਲਡੀਫੂਲ.." ਨੂੰ ਆਪਣੀਆਂ ਯਾਦਾਂ ਵਿਚ ਅੱਜ ਤੱਕ ਸਮਾਈ ਰੱਖਣਾ ਰਵਿੰਦਰ ਦਾ ਵਡੱਪਣ ਹੈ। ਦੁਰਗਾ ਦਾਸ ਮਰ ਕੇ ਵੀ ਜੀਅ ਰਿਹਾ ਹੈ। ਕਿਤਾਬ ਦਾ ਇਹ ਲੇਖ ਮੈਨੂੰ ਵੀ ਪਿੰਡ ਹਰਦੋ ਫ਼ਰਾਲਾ ਦੀਆਂ ਗ਼ਲੀਆਂ-ਫਿਰਨੀਆਂ ਘੁੰਮਾ ਲਿਆਇਆ!

ਰਵਿੰਦਰ ਇੱਕ ਸੰਵੇਦਨਸ਼ੀਲ ਇਨਸਾਨ ਹੈ। ਆਪਣੇ ਬਿਮਾਰ ਕਰੀਬੀ ਦੋਸਤ ਦੀ ਖ਼ਬਰ ਲੈਣ ਜਾਂਦਿਆਂ ਰਸਤੇ ਵਿਚ ਏਅਰਪੋਰਟ 'ਤੇ ਬੈਠਿਆਂ ਉਹਦੇ ਮਨ ਦੇ ਵਲਵਲੇ ਖੁਦ-ਬ-ਖੁਦ ਕਵਿਤਾ ਬਣ ਵਹਿ ਤੁਰੇ...

ਹਰ ਲੰਘਦੇ ਆਦਮੀ 'ਚੋਂ
ਤੈਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹਾਂ
'ਲੌਰਲ' ਤੋਂ 'ਮਿਲਵਾਕੀ' ਤੱਕ ਦਾ ਸਫ਼ਰ
'ਜੱਗਾ' ਤੋਂ 'ਫਰੌਲੇ' ਵਿਚਕਾਰਲੇ ਪੈਂਡੇ ਦੀਆਂ
ਅਣਗਿਣਤ ਯਾਦਾਂ ਨੂੰ
ਮੁੜ ਜ਼ਿਹਨ 'ਚ ਲੈ ਆਉਂਦਾ ਹੈ।...

ਪਤਾ ਨਹੀਂ ਕਦ ਪਰਤਣਗੇ ਉਹ ਦਿਨ
ਬੱਸ ਬੀਤੇ ਦੀਆਂ ਯਾਦਾਂ ਨੂੰ ਯਾਦ ਕਰਦਾ ਹੋਇਆ
ਤੇਰੀ ਸਿਹਤਯਾਬੀ ਲਈ ਦੁਆ ਕਰਦਾ ਹਾਂ।

ਰਵਿੰਦਰ ਦੀ ਸੰਵੇਦਨਸ਼ੀਲਤਾ ਦੀ ਹੀ ਇੱਕ ਹੋਰ ਝਲਕ ਪੰਨਾ 68 'ਤੇ ਮਿਲਦੀ ਹੈ, "ਬਾਲ ਮਨਾਂ 'ਚੋਂ ਪੁੰਗਰਦੀ ਕਵਿਤਾ" ਜਿਸ ਵਿਚ ਸੰਸਾਰ ਵਿਚ ਹੋ ਰਹੀਆਂ ਜੰਗਾਂ-ਲੜਾਈਆਂ ਤੇ ਮਾਰ ਮਰਾਈ ਦੌਰਾਨ ਨਿੱਕੇ ਬਾਲਾਂ ਦੀਆਂ ਸ਼ਾਂਤੀ ਲਈ ਪੁਕਾਰਦੀਆਂ ਕਵਿਤਾਵਾਂ ਨੂੰ ਦਰਜ ਕੀਤਾ ਹੋਇਆ ਹੈ।

"ਕਵਿਤਾ ਦਾ ਕਮਾਲ" ਦੇ ਸਿਰਲੇਖ ਨਾਲ ਇਨ੍ਹਾਂ ਨੇ ਆਪਣੇ ਮੁਢਲੇ ਕਾਲਜ ਜੀਵਨ, ਸਟੂਡੈਂਟ ਯੂਨੀਅਨਾਂ ਦੀ ਸਥਾਪਨਾ, ਖਿੱਚੋਤਾਣ, ਲੜਾਈ ਝਗੜੇ, ਅਤੇ ਕਵਿਤਾ ਦੇ ਕਮਾਲ ਦਾ ਵੀ ਬਿਆਨ ਕੀਤਾ ਹੈ। ਰਾਮਗੜ੍ਹੀਆ ਕਾਲਜ ਫਗਵਾੜਾ ਅਤੇ ਇਸ ਇਲਾਕੇ ਦੀ ਜਾਣੀ ਪਛਾਣੀ ਪ੍ਰੋਫੈਸਰ ਜੋੜੀ ਪ੍ਰੋਫ਼ੈਸਰ ਕਸ਼ਮੀਰਾ ਸਿੰਘ ਅਤੇ ਮੈਡਮ ਨਿਰਮਲ ਗਿੱਲ ਦੁਆਰਾ ਨਿਭਾਈ ਉਸਾਰੂ ਅਤੇ ਮਹੱਤਵਪੂਰਨ ਭੂਮਿਕਾ ਦਾ ਜ਼ਿਕਰ ਕਰਨਾ ਵੀ ਲੇਖਕ ਨਹੀਂ ਭੁੱਲਿਆ।

ਆਪਣੇ ਸਮਕਾਲੀ ਸਾਥੀਆਂ ਸਮੇਤ ਹੀ ਸਮੇਂ ਦੀਆਂ ਸਰਕਾਰਾਂ ਅਤੇ ਐਮਰਜੈਂਸੀ ਵਿਰੁੱਧ ਲੜਦਿਆਂ ਪੁਲੀਸ ਵੱਲੋਂ 'ਜੇਬ ਕੁਤਰੇ' ਵੀ ਐਲਾਨੇ ਗਏ। ਇੰਟੈਰੋਗੇਸ਼ਨ, ਮੀਸਾ, ਜੇਲ੍ਹ ਅੰਦਰ ਵੀ ਡੱਕੇ ਗਏ ਅਤੇ ਜੇਲ੍ਹ ਅੰਦਰ ਹੀ ਇਨਕਲਾਬੀ ਕਵਿਤਾਵਾਂ ਵੀ ਸਿਰਜਦੇ ਰਹੇ। 1980 ਵਿਚ ਇਨ੍ਹਾਂ ਦੁਆਰਾ ਲਿਖੀ ਗਈ ਪਹਿਲੀ ਕਾਵਿ ਪੁਸਤਕ 'ਚੁਰਾਏ ਪਲਾਂ ਦਾ ਹਿਸਾਬ' ਦੀਆਂ ਰਚਨਾਵਾਂ ਵੀ ਜੇਲ੍ਹ ਦੌਰਾਨ ਹੀ ਲਿਖੀਆਂ ਗਈਆਂ ਸਨ, ਜਿਸ ਵਿਚ ਸਮੇਂ ਦੀ ਸਰਕਾਰ ਪਾਸੋਂ ਉਸ ਦੀ ਜ਼ਿੰਦਗੀ ਦੇ ਚੁਰਾਏ ਪਲਾਂ ਦਾ ਹਿਸਾਬ ਮੰਗਿਆ ਗਿਆ ਹੈ!

ਕਵਿਤਾ ਦੇ ਖੇਤਰ ਵਿਚ ਰਵਿੰਦਰ ਸਹਿਰਾਅ ਦੀਆਂ ਕਈ ਕਿਤਾਬਾਂ ਪਹਿਲਾਂ ਹੀ ਪਾਠਕ ਪੜ੍ਹ ਚੁੱਕੇ ਹਨ। ਮੈਨੂੰ ਲੱਗਦਾ ਹੈ ਕਿ ਇਹ ਵਾਰਤਕ ਪੁਸਤਕ ਵੀ ਪਾਠਕਾਂ ਨੂੰ ਜ਼ਰੂਰ ਪਸੰਦ ਆਵੇਗੀ। ਮੇਰੇ ਵੱਲੋਂ ਰਵਿੰਦਰ ਸਹਿਰਾਅ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਸ਼ੁਭ ਕਾਮਨਾਵਾਂ!!

ਚੋਣ ਦੰਗਲ ਦੀਆਂ ਕਨਸੋਆਂ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲੋਕ ਸਭਾ ਚੋਣਾਂ ਦਾ ਬਿਗਲ ਵੱਜਣ ਉਪ੍ਰੰਤ ਰਾਜਨੀਤਕ ਪਾਰਟੀਆਂ, ਤੇ ਵੋਟਰ ਆਪੋ ਆਪਣੇ ਪੈਂਤੜੇ ਲੱਭ ਰਹੇ ਹਨ। ਹਾਕਮ ਪਾਰਟੀ ਤੇ ਇਸ ਦੀਆਂ ਪਿੱਠੂ ਏਜੰਸੀਆਂ ਸੇਵਾ ਮੁਕਤ ਤੇ ਹਾਜ਼ਰ ਨਾਜ਼ਰ ਮੁੱਖ ਮੰਤਰੀਆਂ ਨੂੰ ਜੇਲ੍ਹਾਂ ਦੇ ਦਰਵਾਜ਼ੇ ਵਿਖਾਉਣ ਲਈ ਤਤਪਰ ਹਨ। ਭਾਰਤੀ ਲੋਕਤੰਤਰ ਇਕ ਦਿਨ ਏਨਾ ਨਿੱਘਰ ਜਾਵੇਗਾ ਆਜ਼ਾਦੀ ਲਈ ਘਾਲਣਾ ਘਾਲਣ ਵਾਲਿਆਂ ਨੇ ਸੋਚਿਆ ਵੀ ਨਹੀਂ ਹੋਣਾ। ਚੋਣ ਦੰਗਲ ਵਿਚ ਭਾਗ ਲੈਣ ਵਾਲੀਆਂ ਸਿਆਸੀ ਪਾਰਟੀਆਂ ਵਿਚੋਂ ਛੇ ਕੌਮੀ ਪੱਧਰ ਦੀਆਂ ਹਨ, 58 ਰਾਜ ਪੱਧਰ ਦੀਆਂ ਤੇ 2,597 ਹੋਰ। ਆਜ਼ਾਦ ਉਮੀਦਵਾਰ ਇਨ੍ਹਾਂ ਤੋਂ ਵੱਖਰੇ ਹਨ ਜਿਨ੍ਹਾਂ ਵਿਚੋਂ ਕਈ ਤਾਂ ਘਰ ਫੂਕ ਤਮਾਸ਼ਾ ਵੇਖਣ ਵਾਲੇ ਹੀ ਹਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਮੇਤ ਚਾਰ ਦਰਜਨ ਮੈਂਬਰਾਂ ਦੇ ਰਾਜ ਸਭਾ ਤੋਂ ਸੇਵਾਮੁਕਤ ਹੋਣ ਨਾਲ ਉਸ ਖਲਾਅ ਨੂੰ ਪੂਰਨ ਦੇ ਮਸਲੇ ਦਾ ਭਖਣਾ ਵੀ ਕੁਦਰਤੀ ਹੈ। ਨਤੀਜਾ ਕੀ ਨਿਕਲਦਾ ਹੈ ਸਾਰੇ ਭਾਰਤ ਵਾਸੀਆਂ ਦਾ ਧਿਆਨ ਏਸ ਪਾਸੇ ਲੱਗਿਆ ਹੋਇਆ ਹੈ।

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਜੇਲ੍ਹ ਭੇਜਣ ਨਾਲ ਚੋਣ ਦੰਗਲ ਪੂਰੀ ਤਰ੍ਹਾਂ ਭਖ ਗਿਆ ਹੈ। ਉਸ ਨੂੰ ਜਿਸਦੀ ਪਾਰਟੀ ਨੂੰ ਵਿਧਾਨ ਸਭਾ ਦੇ ਪੰਜ ਵਿਚੋਂ ਚਾਰ ਹਿੱਸਿਆਂ ਉੱਤੇ ਬਹੁਮਤ ਹਾਸਲ ਹੈ। ਇਸ ਤੋਂ ਪਹਿਲਾਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਆਪਣੀ ਕੁਰਸੀ ਛੱਡਦੇ ਸਾਰ ਗ੍ਰਿਫਤਾਰ ਕਰ ਲਿਆ ਸੀ। ਓਧਰ ਨਵੀਂ ਦਿੱਲੀ ਦਾ ਇਕ ਡਿਪਟੀ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਾਲ ਭਰ ਤੋਂ ਜੇਲ੍ਹ ਵਿਚ ਹੈ। ਏਸ ਤਰ੍ਹਾਂ ਦੀਆਂ ਕਾਰਵਾਈਆਂ ਹੋਰ ਵੀ ਹਨ। ਹਾਲੀ ਥੋੜ੍ਹੇ ਦਿਨ ਪਹਿਲਾਂ ਮੁੱਖ ਵਿਰੋਧੀ ਪਾਰਟੀ ਕਾਂਗਰਸ ਉੱਤੇ 135 ਕਰੋੜ ਰੁਪਏ ਦੀ ਵਸੂਲੀ ਮੜ੍ਹ ਦਿੱਤੀ ਗਈ ਸੀ ਜਿਹੜੀ ਦੋ-ਚਾਰ ਦਿਨ ਪਿੱਛੋਂ 35 ਸੌ ਕਰੋੜ ਰੁਪਏ ਤੋਂ ਵੀ ਵਧਾ ਦਿੱਤੀ ਗਈ। ਇਨ੍ਹਾਂ ਨੋਟਿਸਾਂ ਤੋਂ ਪਹਿਲਾਂ ਆਮਦਨ ਕਰ ਵਿਭਾਗ ਵਲੋਂ ਪਾਰਟੀ ਦੇ ਸਾਰੇ ਬੈਂਕ ਖਾਤਿਆਂ ਨੂੰ ਵੀ ਜਾਮ (ਸੀਜ਼) ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਵਲੋਂ ਇਸ ਵਸੂਲੀ ਉੱਤੇ ਰੋਕ ਲਾਉਣਾ ਦੱਸਦਾ ਹੈ ਕਿ ਇਹ ਘੋਰ ਅੱਤਿਆਚਾਰ ਸੀ।

ਨਵੀਂ ਦਿੱਲੀ ਵਾਲੀ ਇੰਡੀਆ ਗੱਠਜੋੜ ਰੈਲੀ ਵਿਚ ਵਿਰੋਧੀ ਪਾਰਟੀ ਵਲੋਂ ਕਾਇਮ ਮੁਕਾਮ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਐੱਨਡੀਏ ਨੂੰ ਨਿਸ਼ਾਨਾ ਬਣਾਉਣਾ ਕੁਦਰਤੀ ਸੀ। ਏਸ ਲਈ ਵੀ ਕਿ ਜੇ ਭਾਜਪਾ ਤੇ ਉਸਦਾ ਗੱਠਜੋੜ ਮੁੜ ਬਹੁਮਤ ਲੈਂਦਾ ਹੈ ਤੇ ਦੇਸ਼ ਦੇ ਸੰਵਿਧਾਨ ਦੀ ਵੀ ਖੈਰ ਨਹੀਂ। ਸੋਸ਼ਲ ਮੀਡੀਆ ਨੇ ਇਸ ਸਭ ਕਾਸੇ ਦਾ ਨੋਟਿਸ ਲਿਆ ਹੈ। ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਸੀਟਾਂ ਦੀ ਵੰਡ ਦਾ ਰੌਲਾ ਇਸ ਮਹਾਜ਼ ਨੂੰ ਕਿਸੇ ਤਣ ਪੱਤਣ ਨਹੀਂ ਲੱਗਣ ਦੇ ਰਿਹਾ। ਸਮਾਂ ਮੰਗ ਕਰਦਾ ਹੈ ਕਿ ਵਿਰੋਧੀ ਆਪੋ ਆਪਣੀ ਹਉਮੈ ਤਿਆਗ ਕੇ ਅੱਗੇ ਵਧਣ।

ਸੋਸ਼ਲ ਮੀਡੀਆ ਤਾਂ ਭਾਜਪਾ ਵਲੋਂ ਚੋਣਵੇਂ ਵਿਰੋਧੀਆਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਦਾ ਵੀ ਨੋਟਿਸ ਲੈ ਚੁੱਕਿਆ ਹੈ। ਉਨ੍ਹਾਂ ਦੇ ਇਸ ਅਮਲ ਦੀਆਂ ਚੋਰ ਮੋਰੀਆਂ ਦਾ ਵੀ। ਉਹ ਇਹ ਕਿ ਭਾਜਪਾ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਤਾਂ ਕੇਂਦਰੀ ਏਜੰਸੀਆਂ ਉਨ੍ਹਾਂ ਉੱਤੇ ਕਈ ਤਰ੍ਹਾਂ ਦੇ ਦੋਸ਼ ਆਇਦ ਕਰ ਰਹੀਆਂ ਸਨ ਪਰ ਉਨ੍ਹਾਂ ਦੀ ਭਾਜਪਾ ਵਿਚ ਸ਼ਮੂਲੀਅਤ ਉਪਰੰਤ ਇਸ ਬਾਰੇ ਚੁੱਪ ਧਾਰੀ ਬੈਠੀਆਂ ਹਨ। ਲੋਕਤੰਤਰ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਲਈ ਅਜਿਹੀ ਪਾਰਟੀ ਨੂੰ ਖੁੱਡੇ ਲਾਉਣਾ ਅਤਿਅੰਤ ਜ਼ਰੂਰੀ ਹੈ ਜਿਹੜੀ ਏਸ ਪਾਸੇ ਵੱਲ ਵਧਣੋਂ ਬਾਜ਼ ਨਹੀਂ ਆ ਰਹੀ।

ਕੱਚਾਥੀਵੂ ਟਾਪੂ ਦਾ ਰਾਮ ਰੌਲਾ

ਅੱਜ-ਕੱਲ੍ਹ ਤਾਮਿਲਨਾਦ ਦੇ ਰਾਮਾਨਾਥਪੁਰਮ ਇਲਾਕੇ ਨੇੜੇ ਲਗਦਾ ਕੱਚਾਥੀਵੂ ਟਾਪੂ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਨਰੇਂਦਰ ਮੋਦੀ ਦੀ ਸਰਕਾਰ ਨੇ ਏਥੇ ਵੀ ਇੱਕ ਸੁੱਤੀ ਕਲਾ ਨੂੰ ਜਗਾ ਲਿਆ ਹੈ। ਉਹ ਇਹ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ 1974 ਵਿਚ ਇਹ ਟਾਪੂ ਇਸਦੀ ਸੁਰਖਸ਼ਾ ਸ਼ਕਤੀ ਨੂੰ ਪਹਿਚਾਣੇ ਬਿਨਾ ਸ੍ਰੀਲੰਕਾ ਨੂੰ ਦੇ ਛੱਡਿਆ ਸੀ। ਉਸਨੇ ਇਹ ਫੈਸਲਾ ਲੈਣ ਤੋਂ ਪਹਿਲਾਂ ਇਸ ਇਲਾਕੇ ਦੇ ਇਤਿਹਾਸ ਨੂੰ ਵੀ ਨਹੀਂ ਵਾਚਿਆ। ਡੇਢ ਸੌ ਸਾਲ ਪਹਿਲਾਂ ਬਰਤਾਨਵੀ ਰਾਜ ਸਮੇਂ 1880 ਵਿਚ ਰਾਮਾਨਾਥਪੁਰਮ ਦੇ ਡਿਪਟੀ ਕੁਲੈਕਟਰ ਐਡਵਰਡ ਟਰਨਰ ਤੇ ਸਥਾਨਕ ਰਾਜਾ ਨੇ ਇਕ ਲੀਜ਼ ਉੱਤੇ ਦਸਤਖਤ ਕੀਤੇ ਸਨ ਜਿਸਦੇ ਤਹਿਤ ਸਥਾਨਕ ਰਾਜੇ ਨੂੰ 70 ਪਿੰਡਾਂ ਤੇ ਆਲੇ ਦੁਆਲੇ ਦੇ 11 ਟਾਪੂ ਉੱਤੇ ਜਿਨ੍ਹਾਂ ਵਿਚ ਇਹ ਟਾਪੂ ਵੀ ਸ਼ਾਮਲ ਸੀ, ਮਾਲਕੀ ਦੇ ਹੱਕ ਦਿੱਤੇ ਸਨ। ਫੇਰ 1885 ਅਤੇ ਮੁੜ 1913 ਵਿਚ ਇਸ ਪਟੇ ਉੱਤੇ ਦੋਹਰ ਪਾਈ ਗਈ ਸੀ; ਜਿਹੜੀ ਇਸ ਤੱਥ ਦੀ ਪੁਸ਼ਟੀ ਕਰਦੀ ਹੈ ਕਿ ਬਰਤਾਨਵੀ ਸਰਕਾਰ ਵੀ, ਜਿਸਦੀ ਕਮਾਂਡ ਥੱਲੇ ਉਸ ਸਮੇਂ ਦਾ ਭਾਰਤ ਹੀ ਨਹੀਂ ਸ੍ਰੀਲੰਕਾ ਵੀ ਸ਼ਾਮਿਲ ਸੀ, ਇਸ ਟਾਪੂ ਨੂੰ ਭਾਰਤ ਦਾ ਹਿੱਸਾ ਮੰਨਦੀ ਸੀ। ਇਤਿਹਾਸ ਕੁੱਝ ਵੀ ਦੱਸਦਾ ਹੋਵੇ ਨਰੇਂਦਰ ਮੋਦੀ ਵੱਲੋਂ ਆਪਣੇ ਕਾਰਜ ਕਾਲ ਦੇ ਦਸਵੇਂ ਵਰ੍ਹੇ ਵਿਚ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਇਸ ਟਾਪੂ ਦੀ ਮਹੱਤਤਾ ਨੂੰ ਉਭਾਰਨਾ ਰਾਜਨੀਤਕ ਦੁਰਾਚਾਰ ਨਹੀਂ ਤਾਂ ਹੋਰ ਕੀ ਹੈ?

ਅੰਤਿਕਾ

—ਜੋਗਾ ਸਿੰਘ—
ਵੈਰ ਕਾਹਤੋਂ ਪੈ ਗਿਆ ਤੇਰਾ ਖਿਆਲ
ਰੋਜ਼ ਹੀ ਕਿਉਂ ਆਂਵਦੈ ਤੇਰਾ ਖਿਆਲ
ਇੱਕ ਜੀਅ ਕਰਦਾ ਹੈ ਇਸਨੂੰ ਕਹਿ ਦਿਆਂ
ਮੇਰੀਆਂ ਸੋਚਾਂ 'ਚ ਨਾ ਆਇਆ ਕਰੇ
ਇੱਕ ਜੀਅ ਕਰਦਾ ਹੈ ਇਸਨੂੰ ਕਹਿ ਦਿਆਂ
ਆ ਜਾਏ, ਪਰ ਮੁੜ ਕੇ ਨਾ ਜਾਇਆ ਕਰੇ।

ਦਲ ਬਦਲੀਆਂ ਦਾ ਮੰਦਭਾਗਾ ਵਰਤਾਰਾ: ਭਾਰਤੀ ਲੋਕਤੰਤਰ ਲਈ ਖਤਰੇ ਦੀ ਘੰਟੀ

ਭਾਰਤ ਅੰਦਰ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਦੇਸ਼ ਵਿਚ ਜਿਸ ਤਰ੍ਹਾਂ ਦੇ ਹਾਲਾਤ ਬਣੇ ਹੋਏ ਹਨ ਇੰਜ ਜਾਪਦਾ ਹੈ ਜਿਵੇਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇਸ਼ ਵਿਚ ਲੋਕਤੰਤਰ ਦੇ ਨਾਂ ਹੇਠ ਡਿਕਟੇਟਰਸ਼ਿਪ ਕਾਇਮ ਕਰਨ ਜਾ ਰਹੀ ਹੈ। ਦੇਸ਼ ਵਿਚ ਆਉਣ ਵਾਲੀਆਂ ਚੋਣਾਂ ਵਿਚ ਭਾਜਪਾ ਦਾ ਮੁਕਾਬਲਾ ਕਰਨ ਵਾਲੀਆਂ ਸਿਆਸੀ ਪਾਰਟੀਆਂ ਦੇ ਕਈ ਨੇਤਾਵਾਂ ਨੂੰ ਡਰਾਇਆ, ਧਮਕਾਇਆ, ਖਰੀਦਿਆ ਅਤੇ ਭਾਜਪਾ ਵਿਚ ਸ਼ਾਮਲ ਕਰਾਇਆ ਜਾ ਰਿਹਾ ਹੈ। ਜੋ ਫਿਰ ਵੀ ਨਾ ਝੁਕੇ ਉਨ੍ਹਾਂ ਉਪਰ ਕਿਸੇ ਤਰ੍ਹਾਂ ਦਾ ਮੁਕੱਦਮਾ ਬਣਾ ਕੇ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ

ਨਰਿੰਦਰ ਸਿੰਘ ਢਿੱਲੋਂ
ਫੋਨ: 825-925-4032

ਹੈ। ਇੰਜ ਜਾਪਦਾ ਹੈ ਜਿਵੇਂ ਭਾਜਪਾ ਵਿਰੋਧੀ ਪਾਰਟੀਆਂ ਨੂੰ ਕਿਸੇ ਨਾ ਕਿਸੇ ਬਹਾਨੇ ਚੋਣ ਮੈਦਾਨ ਤੋਂ ਲਾਂਭੇ ਕਰਨਾ ਚਾਹੁੰਦੀ ਹੈ ਤਾਂ ਕਿ ਉਹ ਵੱਡੀ ਬਹੁਸੰਮਤੀ ਨਾਲ ਜਿੱਤ ਸਕੇ। ਵਿਰੋਧੀ ਪਾਰਟੀਆਂ ਦੇ ਜਿਨ੍ਹਾਂ ਨੇਤਾਵਾਂ ਉੱਤੇ ਭਾਜਪਾ, ਇਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਾਉਂਦੇ ਰਹੇ ਹਨ ਜਦ ਉਹ ਭਾਜਪਾ ਵਿਚ ਸ਼ਾਮਿਲ ਹੋ ਗਏ ਤਾਂ ਉਨ੍ਹਾਂ ਦੇ ਸਾਰੇ ਦਾਗ ਧੋਤੇ ਗਏ ਅਤੇ ਉਹ ਭਾਜਪਾ ਦੇ ਬੜੇ ਸਾਫ-ਸੁਥਰੇ ਨੇਤਾ ਬਣ ਗਏ। ਉਨ੍ਹਾਂ ਵਿਚੋਂ ਕਈਆਂ ਨੂੰ ਚੋਣ ਲੜਨ ਲਈ ਪਾਰਟੀ ਵੱਲੋਂ ਟਿਕਟ ਵੀ ਦੇ ਦਿੱਤੀ ਗਈ। ਇਸੇ ਲੜੀ ਤਹਿਤ ਪਿਛਲੇ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਦੇ ਨੇਤਾ ਸਤਿੰਦਰ ਜੈਨ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਰਾਜ ਸਭਾ ਮੈਂਬਰ ਸੰਜੇ ਸਿੰਘ (ਜਿਨ੍ਹਾਂ ਦੀ ਛੇ ਮਹੀਨੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਹੁਣੇ ਹੁਣੇ ਜ਼ਮਾਨਤ ਹੋ ਚੁੱਕੀ ਹੈ) ਅਤੇ ਹੁਣ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀ ਜੇਲ੍ਹ ਵਿਚ ਭੇਜਿਆ ਜਾ ਚੁੱਕਿਆ ਹੈ। ਪੰਜਾਬ ਅਤੇ ਦਿੱਲੀ ਦੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਕੁਝ ਨੇਤਾਵਾਂ ਨੇ ਮੀਡੀਆ ਸਾਹਮਣੇ ਇੰਕਸ਼ਾਫ ਕੀਤਾ ਹੈ ਕਿ ਉਨ੍ਹਾਂ ਨੂੰ ਭਾਜਪਾ ਵਿਚ ਸ਼ਾਮਿਲ ਹੋਣ ਦੀਆਂ ਧਮਕੀਆਂ ਅਤੇ ਲਾਲਚ ਮਿਲ ਰਹੇ ਹਨ।

ਪੰਜਾਬ, ਪੱਛਮੀ ਬੰਗਾਲ, ਗੁਜਰਾਤ, ਮਹਾਰਾਸ਼ਟਰ, ਬਿਹਾਰ, ਹਿਮਾਚਲ ਪ੍ਰਦੇਸ਼, ਤਾਮਿਲਨਾਡੂ ਅਤੇ ਹੋਰ ਬਹੁਤ ਸਾਰੇ ਰਾਜਾਂ ਤੋਂ ਭਾਜਪਾ ਦੀ ਖਰੀਦੋ-ਫਰੋਖਤ ਤੇ ਧਮਕੀ ਧਾੜੇ ਦੀ ਨੀਤੀ ਦੀਆਂ ਖਬਰਾਂ ਆ ਰਹੀਆਂ ਹਨ। ਦੂਸਰੇ ਪਾਸੇ ਭਾਜਪਾ ਵਿਰੁੱਧ ਵਿਰੋਧੀ ਪਾਰਟੀਆਂ ਨੂੰ ਇਕੱਠੇ ਕਰਨ ਵਾਲੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਦੇ ਸਾਰੇ ਬੈਂਕ ਖਾਤੇ ਜਾਮ ਕਰ ਕੇ ਉਸ ਨੂੰ ਚੋਣਾਂ ਵਿਚ ਖਾਲੀ ਹੱਥ ਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਕਾਂਗਰਸ ਪਾਰਟੀ ਨੂੰ ਆਮਦਨ ਕਰ ਵਿਭਾਗ ਵੱਲੋਂ ਕਰੋੜਾਂ ਰੁਪਏ ਜਮ੍ਹਾਂ ਕਰਾਉਣ ਦੇ ਨੋਟਿਸ ਭੇਜੇ ਗਏ ਹਨ। ਇੱਥੇ ਹੀ ਬਸ ਨਹੀਂ ਕਮਿਊਨਿਸਟ ਪਾਰਟੀਆਂ ਜੋ ਆਰਥਿਕ ਤੌਰ 'ਤੇ ਪਹਿਲਾਂ ਹੀ ਖਾਲੀ ਹੱਥ ਵਾਂਗ ਹਨ, ਨੂੰ ਵੀ ਕਰੋੜਾਂ ਰੁਪਏ ਜਮ੍ਹਾਂ ਕਰਾਉਣ ਦੇ ਆਮਦਨ ਕਰ ਵਿਭਾਗ ਵੱਲੋਂ ਨੋਟਿਸ ਭੇਜੇ ਗਏ ਹਨ। ਵਿਰੋਧੀ ਪਾਰਟੀਆਂ ਨੂੰ ਚੋਣ ਮੁਹਿੰਮ 'ਚੋਂ ਬਾਹਰ ਕਰਨ ਜਾਂ ਨਿੱਥੇ ਕਰਨ ਲਈ ਐਨਫੋਰਸਮੈਂਟ ਡਾਇਰੈਕਟੋਰੇਟ, ਆਮਦਨ ਕਾਰ ਵਿਭਾਗ ਅਤੇ ਹੋਰ ਜਾਂਚ ਏਜੰਸੀਆਂ ਨੂੰ ਸਰਗਰਮ ਕੀਤਾ ਹੋਇਆ ਹੈ।

ਸਿਆਸੀ ਮਾਹਿਰ ਇਹ ਸ਼ੱਕ ਪ੍ਰਗਟ ਕਰ ਰਹੇ ਹਨ ਕਿ ਭਾਜਪਾ ਇਨ੍ਹਾਂ ਪਾਰਟੀਆਂ ਨੂੰ ਆਮਦਨ ਕਰ ਵਿਭਾਗ ਵੱਲੋਂ ਨੋਟਿਸ ਭੇਜ ਕੇ, ਡਿਫਾਲਟਰ ਦਾ ਠੱਪਾ ਲਾ ਕੇ, ਚੋਣ ਕਮਿਸ਼ਨ ਵੱਲੋਂ ਇਨ੍ਹਾਂ ਦੀ ਮਾਨਤਾ ਰੱਦ ਕਰਵਾਉਣਾ ਚਾਹੁੰਦੀ ਹੈ। ਸੰਭਵ ਹੈ ਕਿ ਇਨ੍ਹਾਂ ਦੇ ਚੋਣ ਨਿਸ਼ਾਨ ਜਾਮ ਕੀਤੇ ਜਾਣਗੇ ਜਿਸ ਕਰਕੇ ਇਨ੍ਹਾਂ ਪਾਰਟੀਆਂ ਦੇ ਉਮੀਦਵਾਰ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜ ਸਕਣਗੇ, ਪਾਰਟੀ ਦੇ ਚੋਣ ਨਿਸ਼ਾਨ 'ਤੇ ਨਹੀਂ। ਬਿਲਕੁਲ ਉਵੇਂ ਹੀ ਜਿਵੇਂ ਪਾਕਿਸਤਾਨ ਵਿਚ ਇਮਰਾਨ ਖਾਨ ਦੀ ਪਾਰਟੀ ਨਾਲ ਉਥੋਂ ਦੀ ਸਰਕਾਰ ਨੇ ਕੀਤਾ ਸੀ। ਦੇਸ਼ ਦਾ ਸੰਵਿਧਾਨ ਭਾਵੇਂ ਲੋਕਾਂ ਨੂੰ ਬੋਲਣ, ਲਿਖਣ ਅਤੇ ਦੇਸ਼ ਦੇ ਕਾਨੂੰਨ ਦੇ ਦਾਇਰੇ ਹੇਠ ਸੰਘਰਸ਼ ਕਰਨ ਦਾ ਹੱਕ ਦਿੰਦਾ ਹੈ ਪਰ ਪਿਛਲੇ ਸਮੇਂ ਤੋਂ ਸਰਕਾਰ ਲੋਕਾਂ ਦੇ ਇਨ੍ਹਾਂ ਹੱਕਾਂ ਉੱਤੇ ਛਾਪੇ ਮਾਰ ਰਹੀ ਹੈ ਜਿਸ ਕਰਕੇ ਕਈ ਲੇਖਕ, ਸਮਾਜਿਕ ਕਾਰਕੁਨ, ਪੱਤਰਕਾਰ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ 'ਤੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਹੋਇਆ ਹੈ।

ਲੋਕਤੰਤਰ ਨੂੰ ਖਤਮ ਕਰਨ ਅਤੇ ਤਾਨਾਸ਼ਾਹ ਬਣਨ ਦੀ ਖਾਹਿਸ਼ ਰੱਖਣ ਵਾਲੇ ਵਿਅਕਤੀ ਦੇ ਮੁੱਖ ਵਤੀਰੇ ਨੂੰ ਸਮਝਣ ਦੀ ਲੋੜ ਹੈ। ਉਹ ਵਿਅਕਤੀ ਜਿਸ ਵੀ ਧਰਮ ਜਾਂ ਜਾਤ ਨਾਲ ਸਬੰਧ ਰੱਖਦਾ ਹੈ ਉਨ੍ਹਾਂ ਦੀ ਹਮਾਇਤ ਲੈਣ ਲਈ ਲੋਕਾਂ 'ਚ ਧਰਮ ਜਾਂ ਜਾਤ ਦੇ ਨਾਂ 'ਤੇ ਨਾਹਰਾ ਦੇ ਕੇ ਅਤੇ ਧਰਮ ਦੇ ਨਾਂ 'ਤੇ ਵਾਸਤਾ ਪਾ ਕੇ, ਆਪਣੀ ਧਿਰ ਦੇ ਲੋਕਾਂ ਨੂੰ ਉਕਸਾ ਕੇ ਦੂਜੇ ਲੋਕਾਂ 'ਤੇ ਹਮਲੇ ਕਰਵਾ ਕੇ ਫੁੱਟ ਪਾਉਂਦਾ ਹੈ। ਉਹ ਦੇਸ਼ ਦੇ ਕਾਨੂੰਨ ਦੀ ਦੁਰਵਰਤੋਂ ਕਰਦਾ ਤੇ ਸੰਵਿਧਾਨਕ ਮਰਿਆਦਾ ਨੂੰ ਪੈਰਾਂ ਹੇਠ ਮਧੋਲਦਾ ਹੈ। ਉਹ ਨਿਆਂਪਾਲਿਕਾ 'ਤੇ ਕਬਜ਼ਾ ਕਰ ਕੇ, ਡਰ ਦਾ ਮਾਹੌਲ ਕਾਇਮ ਕਰ ਕੇ ਆਪਣੇ ਹੱਕ ਵਿਚ ਫੈਸਲੇ ਕਰਾਉਣ ਦਾ ਰਾਹ ਪੱਧਰਾ ਕਰਦਾ ਹੈ। ਤਾਨਾਸ਼ਾਹੀ ਰੁਚੀਆਂ ਵਾਲਾ ਵਿਅਕਤੀ ਵਿਰੋਧੀ ਧਿਰ, ਮੀਡੀਆ ਜਾਂ ਸੰਘਰਸ਼ ਕਰ ਰਹੇ ਕਿਸੇ ਵੀ ਵਰਗ ਵੱਲੋਂ ਕੀਤੀ ਆਪਣੀ ਆਲੋਚਨਾ ਬਰਦਾਸ਼ਤ ਨਹੀਂ ਕਰਦਾ ਅਤੇ ਅਫਸਰਸ਼ਾਹੀ ਨੂੰ ਗੈਰ-ਕਾਨੂੰਨੀ ਜਾਂ ਕਾਨੂੰਨੀ ਢੰਗ ਨਾਲ ਵਿਰੋਧੀਆਂ ਨੂੰ ਕੁਚਲਣ ਦਾ ਰਾਹ ਅਖਤਿਆਰ ਕਰਦਾ ਹੈ।

ਉਪਰੋਕਤ ਪਿੱਠ ਭੂਮੀ ਵਿਚ ਅਸੀਂ ਵੇਖਦੇ ਹਾਂ ਕਿ ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਬਿਲਕੁਲ ਇਹੋ ਰਾਹ ਅਖਤਿਆਰ ਕਰ ਕੇ ਤਾਨਾਸ਼ਾਹੀ ਰਸਤੇ 'ਤੇ ਅੱਗੇ ਵਧ ਰਹੀ ਹੈ। ਜਮਹੂਰੀਅਤ ਦੇ ਮੁੱਖ ਥੰਮ੍ਹ ਪਾਰਲੀਮੈਂਟ ਉੱਤੇ ਇਸ ਪਾਰਟੀ ਦਾ ਮੁਕੰਮਲ ਭਾਰੀ ਬਹੁਮਤ ਨਾਲ ਕਬਜ਼ਾ ਹੈ। ਇਸ ਪਾਰਟੀ ਦੇ ਕਈ ਲੀਡਰ ਅਤੇ ਐਨ.ਡੀ.ਏ. ਵਿਚ ਭਾਈਵਾਲ ਪਾਰਟੀਆਂ ਦੇ ਕਈ ਨੇਤਾ ਇਸ ਕਾਰਜ ਸ਼ੈਲੀ ਤੋਂ ਦੁਖੀ ਸੁਣਨ ਵਿਚ ਆਏ ਹਨ ਪਰ ਕੁਰਸੀ ਦੇ ਲਾਲਚ ਵੱਸ ਜਾਂ ਕਿਸੇ ਡਰ ਕਾਰਨ ਕਿਸੇ ਲੀਡਰ ਵਿਚ ਹਿੰਮਤ ਨਹੀਂ ਕਿ ਉਹ ਸ੍ਰੀ ਮੋਦੀ ਦੀ ਅੱਖ 'ਚ ਅੱਖ ਪਾ ਕੇ ਗੱਲ ਕਰ ਸਕੇ ਅਤੇ ਸਰਕਾਰ ਦੀ ਕਾਰਜਸ਼ੈਲੀ 'ਤੇ ਕਿੰਤੂ-ਪ੍ਰੰਤੂ ਕਰ ਸਕੇ। ਸ਼੍ਰੋਮਣੀ ਅਕਾਲੀ ਦਲ ਜਦ ਐਨ.ਡੀ.ਏ. ਵਿਚ ਸ਼ਾਮਿਲ ਸੀ ਤਾਂ ਉਸ ਸਮੇਂ ਵੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਬਾਦਲ ਦੀ ਇਹ ਹਿੰਮਤ ਨਹੀਂ ਸੀ ਕਿ ਉਹ ਭਾਜਪਾ ਦੀ ਕਾਰਜਸ਼ੈਲੀ ਦਾ ਵਿਰੋਧ ਕਰ ਸਕਣ। ਇਸੇ ਕਰਕੇ ਅਕਾਲੀ ਦਲ ਦੇ ਇਨ੍ਹਾਂ ਨੇਤਾਵਾਂ ਨੇ ਕਿਸਾਨੀ ਬਿੱਲਾਂ ਦੀ ਹਮਾਇਤ ਹੀ ਨਹੀਂ ਕੀਤੀ ਉਨ੍ਹਾਂ ਦਾ ਗੁਣਗਾਣ ਵੀ ਕੀਤਾ ਸੀ ਪਰ ਜਦ ਕਿਸਾਨਾਂ ਵੱਲੋਂ ਇਨ੍ਹਾਂ ਦਾ ਵਿਰੋਧ ਕੀਤਾ ਗਿਆ ਤਾਂ ਇਨ੍ਹਾਂ ਨੂੰ ਮਜਬੂਰੀ ਵੱਸ ਐਨ.ਡੀ.ਏ. ਛੱਡਣਾ ਪਿਆ। ਖੇਤੀ ਬਿੱਲਾਂ ਦੀ ਹਮਾਇਤ ਦੀਆਂ ਅਕਾਲੀ ਦਲ ਦੇ ਨੇਤਾਵਾਂ ਦੀਆਂ ਵੀਡੀਓ ਅੱਜ ਵੀ ਵੇਖੀਆਂ ਜਾ ਸਕਦੀਆਂ ਹਨ। ਭਾਰੀ ਬਹੁਸੰਮਤੀ ਦੇ ਦਬਦਬੇ ਕਰਕੇ ਭਾਜਪਾ ਸੰਸਦ ਵਿਚੋਂ ਆਪਣੇ ਮਨਮਰਜ਼ੀ ਦੇ ਫੈਸਲੇ ਕਰਵਾਉਂਦੀ ਰਹੀ ਹੈ। ਇਸ ਤਰ੍ਹਾਂ ਸਰਕਾਰੀ ਅਦਾਰੇ, ਹਵਾਈ ਅੱਡੇ, ਏਅਰ ਇੰਡੀਆ, ਰੇਲਵੇ, ਸਮੁੰਦਰੀ ਅੱਡੇ, ਪੈਟਰੋਲੀਅਮ ਅਦਾਰੇ, ਬੀਮਾ ਆਦਿ ਪ੍ਰਾਈਵੇਟ ਧਨਾਢਾਂ ਨੂੰ ਵੇਚੇ ਜਾ ਚੁੱਕੇ ਹਨ।

ਲੋਕ ਸਭਾ ਵਿਚ ਵੱਡੀ ਬਹੁਸੰਮਤੀ ਦਾ ਹੀ ਸਿੱਟਾ ਸੀ ਕਿ ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰ ਕੇ ਉਸਦੇ ਟੋਟੇ ਕਰ ਦਿੱਤੇ ਗਏ। ਇਸ ਮੰਤਵ ਲਈ ਪ੍ਰਧਾਨ ਮੰਤਰੀ ਨੇ ਦੂਸਰੀਆਂ ਸਥਾਨਕ ਪਾਰਟੀਆਂ ਦੇ ਉਨ੍ਹਾਂ ਨੇਤਾਵਾਂ ਨਾਲ ਵੀ ਸਲਾਹ ਮਸ਼ਵਰਾ ਨਾ ਕੀਤਾ ਜਿਨ੍ਹਾਂ ਨਾਲ ਰਲ ਕੇ ਇਹ ਜੰਮੂ ਕਸ਼ਮੀਰ ਵਿਚ ਸਰਕਾਰ ਚਲਾਉਂਦੇ ਰਹੇ ਸਨ। ਉਥੋਂ ਦੇ ਸਿਆਸੀ ਲੀਡਰਾਂ ਨੂੰ ਲੰਮਾ ਸਮਾਂ ਘਰਾਂ ਵਿਚ ਨਜ਼ਰਬੰਦ ਰੱਖਿਆ ਗਿਆ। ਟੈਲੀਫੋਨ, ਇੰਟਰਨੈਟ ਆਦਿ ਸਹੂਲਤਾਂ ਬੰਦ ਕਰਨ ਦੇ ਨਾਲ-ਨਾਲ ਕਰਫਿਊ ਲਗਾ ਦਿੱਤਾ ਗਿਆ। ਲੋਕਾਂ ਦੇ ਕਾਰੋਬਾਰ ਬੰਦ ਹੋਣ ਨਾਲ ਉਨ੍ਹਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ ਗਿਆ। ਇਹ ਕਦਮ ਚੁੱਕਣ ਤੋਂ ਪਹਿਲਾਂ ਦੇਸ਼ ਦੀਆਂ ਵਿਰੋਧੀ ਪਾਰਟੀਆਂ ਨਾਲ ਵੀ ਕੋਈ ਸਾਂਝੀ ਰਾਇ ਨਾ ਬਣਾਈ ਗਈ। ਲੋਕ ਸਭਾ ਵਿਚ ਭਾਰੀ ਬਹੁਸੰਮਤੀ ਹੋਣ ਕਾਰਨ ਸੰਵਿਧਾਨ ਵਿਚ ਹੋਰ ਵੀ ਆਪਣੀ ਮਨ ਮਰਜ਼ੀ ਦੀਆਂ ਸੋਧਾਂ ਕਰ ਲਈਆਂ ਗਈਆਂ ਹਨ। ਦੇਸ਼ ਦੇ ਰਾਜਾਂ ਵਿਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਪਰੇਸ਼ਾਨ ਕਰਨ ਅਤੇ ਡੇਗਣ ਦੇ ਯਤਨ ਕੀਤੇ ਜਾਂਦੇ ਰਹੇ ਹਨ ਅਤੇ ਉਨ੍ਹਾਂ ਯਤਨਾਂ ਵਿਚ ਭਾਜਪਾ ਨੂੰ ਕਈ ਜਗ੍ਹਾ ਕਾਮਯਾਬੀ ਵੀ ਮਿਲੀ ਹੈ। ਰਾਜਪਾਲਾਂ ਰਾਹੀਂ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਨੂੰ ਪਰੇਸ਼ਾਨ ਕਰਨ ਦੇ ਯਤਨ ਵੀ ਲਗਾਤਾਰ ਜਾਰੀ ਹਨ। ਕਾਨੂੰਨਾਂ ਵਿਚ ਸੋਧ ਕਰ ਕੇ ਦਿੱਲੀ ਦੀ ਚੁਣੀ ਹੋਈ ਸਰਕਾਰ ਨੂੰ ਨਿਹੱਥੀ ਕਰ ਕੇ ਬਹੁਤ ਸਾਰੀਆਂ ਸ਼ਕਤੀਆਂ ਲੈਫਟੀਨੈਂਟ ਗਵਰਨਰ ਨੂੰ ਦੇ ਦਿੱਤੀਆਂ ਗਈਆਂ ਹਨ। ਪੰਜਾਬ ਸਮੇਤ ਹੋਰ ਰਾਜਾਂ ਦੀਆਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਦੇ ਲੋੜੀਂਦੇ ਫੰਡ ਰੋਕ ਕੇ ਉਨ੍ਹਾਂ ਨੂੰ ਅਸਥਿਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਪਾਰਲੀਮੈਂਟ ਵਿਚ ਨਾਗਰਿਕਤਾ ਸੋਧ ਕਾਨੂੰਨ ਪਾਸ ਕੀਤਾ ਗਿਆ। ਇਸ ਮੰਤਵ ਲਈ ਗੁਆਂਢੀ ਦੇਸ਼ਾਂ ਵਿਚੋਂ ਹਿਜਰਤ ਕਰ ਕੇ ਭਾਰਤ ਆਉਣ ਵਾਲੇ ਲੋਕਾਂ ਨੂੰ ਨਾਗਰਿਕਤਾ ਦੇ ਮਾਮਲੇ ਵਿਚ ਮੁਸਲਮਾਨ ਭਾਈਚਾਰੇ ਨੂੰ ਬਾਹਰ ਰੱਖਿਆ ਗਿਆ। ਜਦ ਮੁਸਲਿਮ ਜਥੇਬੰਦੀਆਂ ਨੇ ਇਸ ਦੇ ਵਿਰੋਧ ਵਿਚ ਸ਼ਾਹੀਨ ਬਾਗ, ਦਿੱਲੀ ਵਿਚ ਲੰਮਾ ਸਮਾਂ ਧਰਨਾ ਲਾਈ ਰੱਖਿਆ ਤਾਂ ਭਾਜਪਾ ਦੇ ਲੋਕਾਂ ਨੇ ਜਿਵੇਂ ਗੁੰਡਾਗਰਦੀ, ਹਿੰਸਾ ਅਤੇ ਸਾੜ ਫੂਕ ਕੀਤੀ ਉਹ ਵੀ ਆਪਣੀ ਮਿਸਾਲ ਆਪ ਹੀ ਹੈ। ਦਿੱਲੀ ਪੁਲਿਸ

ਨੇ ਜਿਵੇਂ ਇਨ੍ਹਾਂ ਹੁੱਲੜਬਾਜ਼ਾਂ ਦਾ ਸਾਥ ਦਿੱਤਾ ਇਹ ਅਤਿ-ਨਿੰਦਣਯੋਗ ਤਾਂ ਹੈ ਹੀ ਸ਼ਰਮਨਾਕ ਵੀ ਸੀ। ਇਹ ਚਰਚਾ ਹੈ ਕਿ ਨਾਗਰਿਕਤਾ ਸੋਧ ਐਕਟ ਮੁਤਾਬਕ ਸਰਕਾਰ ਕਿਸੇ ਵੀ ਵਿਅਕਤੀ ਨੂੰ ਆਪਣਾ ਜਾਂ ਆਪਣੇ ਪਿਓ ਦਾਦੇ ਦਾ ਭਾਰਤ ਵਿਚ ਪੈਦਾ ਹੋਣ ਦਾ ਸਬੂਤ ਮੰਗ ਸਕਦੀ ਹੈ ਅਤੇ ਸਬੂਤ ਨਾ ਦੇ ਸਕਣ ਕਰਕੇ ਉਸ ਨੂੰ ਘੁਸਪੈਠੀਆ ਕਰਾਰ ਦੇ ਕੇ ਜੇਲ੍ਹ ਵਿਚ ਬੰਦ ਕੀਤਾ ਜਾ ਸਕਦਾ ਹੈ। ਇਹ ਕਾਨੂੰਨ ਵੀ ਇਸ ਪਾਰਟੀ ਦੇ ਤਾਨਾਸ਼ਾਹੀ ਰੁਝਾਨ ਵੱਲ ਇਸ਼ਾਰਾ ਕਰਦਾ ਹੈ। ਸੰਭਾਵਨਾ ਹੈ ਕਿ ਸਰਕਾਰ ਦੀ ਕਾਰਜਸ਼ੈਲੀ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਇਸ ਦਾ ਸ਼ਿਕਾਰ ਬਣਾਇਆ ਜਾਵੇਗਾ।

ਲੋਕਤੰਤਰੀ ਢਾਂਚੇ ਵਿਚ ਨਿਆਂਪਾਲਿਕਾ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਭਾਰਤ ਦੀ ਨਿਆਂਪਾਲਿਕਾ 'ਤੇ ਕਦੇ ਉਂਗਲ ਨਹੀਂ ਸੀ ਉੱਠੀ ਪਰ ਭਾਜਪਾ ਦੇ ਕਾਰਜ ਕਾਲ ਤੋਂ ਇੰਝ ਲੱਗਦਾ ਹੈ ਜਿਵੇਂ ਨਿਆਂਪਾਲਿਕਾ ਹੁਣ ਆਜ਼ਾਦ ਨਹੀਂ। ਪਿਛਲੇ ਸਮੇਂ 'ਚ ਆਏ ਕੁਝ ਮਹੱਤਵਪੂਰਨ ਫੈਸਲਿਆਂ 'ਤੇ ਲੋਕਾਂ ਨੇ ਉਂਗਲਾਂ ਉਠਾਈਆਂ ਹਨ। ਪਾਠਕਾਂ ਨੂੰ ਯਾਦ ਹੋਵੇਗਾ ਕਿ 18 ਫਰਵਰੀ 2018 ਨੂੰ ਭਾਰਤ ਦੀ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਪ੍ਰੈਸ ਕਾਨਫਰੰਸ ਕਰ ਕੇ ਕਿਹਾ ਸੀ ਕਿ ਭਾਰਤ ਦੀ ਜਮਹੂਰੀਅਤ ਨੂੰ ਖਤਰਾ ਹੈ। ਉਨ੍ਹਾਂ ਉਸ ਸਮੇਂ ਚੀਫ ਜਸਟਿਸ ਸ੍ਰੀ ਦੀਪਕ ਮਿਸ਼ਰਾ 'ਤੇ ਗੰਭੀਰ ਦੋਸ਼ ਲਾਏ ਸਨ। ਜਿਨ੍ਹਾਂ ਤੋਂ ਇਹ ਸੰਕੇਤ ਮਿਲਦਾ ਸੀ ਕਿ ਸਬੰਧਿਤ ਮਾਣਯੋਗ ਜੱਜ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ ਜਿਸ ਕਰਕੇ ਉਹ ਮਹੱਤਵਪੂਰਨ ਕੇਸ ਆਪ ਰੱਖਦਾ ਸੀ ਅਤੇ ਦੂਜੇ ਜੱਜਾਂ ਨੂੰ ਨਹੀਂ ਦਿੰਦਾ ਸੀ। ਜਾਪਦਾ ਹੈ ਕਿ ਉਹ ਖਤਰਾ ਅੱਜ ਵੀ ਦਰਪੇਸ਼ ਹੈ। ਪਿਛਲੇ ਸਮੇਂ ਵਿਚ ਜੱਜਾਂ ਦੀ ਨਿਯੁਕਤੀ ਲਈ ਕੇਂਦਰ ਸਰਕਾਰ ਅਤੇ ਕੌਲਜੀਅਮ ਵਿਚਕਾਰ ਵਿਵਾਦ ਪ੍ਰੈਸ ਵਿਚ ਸੁਰਖੀਆਂ ਬਣਦਾ ਰਿਹਾ ਹੈ ਜਿਸ ਦਾ ਪ੍ਰਭਾਵ ਇਹੀ ਸੀ ਕਿ ਸਰਕਾਰ ਚਾਹੁੰਦੀ ਹੈ ਕਿ ਜੱਜ ਵੀ ਆਪਣੀ ਮਰਜ਼ੀ ਦੇ ਲਾਏ ਜਾ ਸਕਣ ਤਾਂ ਕਿ ਆਪਣੀ ਮਰਜ਼ੀ ਦੇ ਫੈਸਲੇ ਕਰਵਾਏ ਜਾ ਸਕਣ।

ਆਪਹੁਦਰੇ ਢੰਗ ਨਾਲ ਚਾਰ ਕਿਸਾਨੀ ਬਿੱਲਾਂ ਨੂੰ ਪਾਸ ਕਰਨਾ, ਕਿਸਾਨਾਂ ਦੇ ਇਨ੍ਹਾਂ ਬਿੱਲਾਂ ਵਿਰੁੱਧ ਸੰਘਰਸ਼ ਨੂੰ ਜ਼ਾਲਮਾਨਾ ਢੰਗ ਨਾਲ ਪੇਸ਼ ਆਉਣਾ ਅਤੇ ਜਦ ਕਿਸਾਨਾਂ ਨੇ ਹਰ ਤਰ੍ਹਾਂ ਦੇ ਜ਼ੁਲਮ ਦਾ ਟਾਕਰਾ ਕਰਨ ਵਿਚ ਕਾਮਯਾਬੀ ਹਾਸਿਲ ਕੀਤੀ ਤਾਂ ਉਨ੍ਹਾਂ ਬਿੱਲਾਂ ਨੂੰ ਵਾਪਸ ਲੈ ਕੇ ਉਸ ਨੂੰ ਨੋਟੀਫਾਈ ਨਾ ਕਰਨਾ ਵੀ ਸਰਕਾਰ ਦੇ ਮਾੜੇ ਇਰਾਦਿਆਂ ਨੂੰ ਪੇਸ਼ ਕਰਦਾ ਹੈ। ਉਂਝ ਵੀ ਜਸਟਿਸ ਲੋਯਾ ਦੀ ਮੌਤ ਤੋਂ ਬਾਅਦ ਨਿਆਂਪਾਲਿਕਾ ਵਿਚ ਘਬਰਾਹਟ ਦੀਆਂ ਖਬਰਾਂ ਮਿਲਦੀਆਂ ਹਨ। ਜਸਟਿਸ ਲੋਯਾ ਇੱਕ ਕਥਿਤ ਝੂਠੇ ਪੁਲਿਸ ਮੁਕਾਬਲੇ ਦਾ ਕੇਸ ਸੁਣ ਰਿਹਾ ਸੀ। ਉਸ ਸਮੇਂ ਉਸ ਦਾ ਕਤਲ ਹੋ ਗਿਆ ਸੀ। ਸਮਝਿਆ ਇਹ ਜਾਂਦਾ ਸੀ ਕਿ ਉਸ ਕੇਸ ਵਿਚ ਮੁਲਜ਼ਮ ਬੜੇ ਸ਼ਕਤੀਸ਼ਾਲੀ ਸਨ ਜਿਨ੍ਹਾਂ ਉਤੇ ਉਸ ਜੱਜ ਦਾ ਕਤਲ ਕਰਾਏ ਜਾਣ ਦਾ ਸ਼ੱਕ ਸੀ। ਜਿਵੇਂ ਪਾਰਲੀਮੈਂਟ ਸਰਕਾਰ ਦੇ ਪੂਰਨ ਤੌਰ 'ਤੇ ਕਬਜ਼ੇ ਹੇਠ ਹੈ ਉਵੇਂ ਲੋਕਤੰਤਰ ਦਾ ਥੰਮ੍ਹ ਨਿਆਂਪਾਲਿਕਾ ਵੀ ਸਿਆਸੀ ਦਬਾਅ ਕਾਰਨ ਡੋਲਦਾ ਨਜ਼ਰ ਆਉਂਦਾ ਹੈ ਅਤੇ ਇੰਜ ਜਾਪਦਾ ਹੈ ਕਿ ਨਿਆਂਪਾਲਿਕਾ ਲੋਕਤੰਤਰ ਦਾ ਬੋਝ ਚੁੱਕਣ ਦੇ ਅਸਮਰੱਥ ਹੈ।

ਅੱਜ ਜਦ ਦੇਸ਼ ਦੀ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਤਾਂ ਦੇਸ਼ ਵਿਚ ਕੰਮ ਕਰਦੇ ਸੰਵਿਧਾਨਕ ਅਦਾਰੇ ਜਿਨ੍ਹਾਂ ਦੀ ਕਦੇ ਬੜੀ ਭਰੋਸੇ ਯੋਗਤਾ ਸੀ ਪੂਰੀ ਤਰ੍ਹਾਂ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਲਾਂਭੇ ਜਾ ਚੁੱਕੇ ਹਨ। ਐਨਫੋਰਸਮੈਂਟ ਡਾਇਰੈਕਟੋਰੇਟ, ਸੀ.ਬੀ.ਆਈ., ਐਨ.ਆਈ. ਏ. ਅਤੇ ਇਨਕਮ ਟੈਕਸ ਵਿਭਾਗ ਆਦਿ ਹੁਣ ਵਿਰੋਧੀਆਂ ਨੂੰ ਦਬਾਉਣ, ਡਰਾਉਣ, ਐਮ.ਪੀਜ਼. ਅਤੇ ਐਮ.ਐਲ.ਏਜ਼. ਨੂੰ ਦੂਜੀਆਂ ਪਾਰਟੀਆਂ ਵਿਚੋਂ ਤੋੜਨ ਅਤੇ ਖਰੀਦਣ ਲਈ ਵਰਤੇ ਜਾ ਰਹੇ ਲੱਗਦੇ ਹਨ। ਦਿੱਲੀ ਪੁਲਿਸ ਭਾਜਪਾ ਦੀ ਪੂਰੀ ਤਰ੍ਹਾਂ ਜੇਬੀ ਸੰਸਥਾ ਬਣ ਚੁੱਕੀ ਹੈ ਜੋ ਇਸ ਪਾਰਟੀ ਦੇ ਕੁਝ ਲੋਕਾਂ ਵੱਲੋਂ ਕੀਤੀ ਜਾਂਦੀ ਗੁੰਡਾਗਰਦੀ ਨੂੰ ਮੂਕ ਦਰਸ਼ਕ ਬਣ ਕੇ ਵੇਖਦੀ ਰਹਿੰਦੀ ਹੈ। ਜਦ ਕਿਸਾਨ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਸਨ ਤਾਂ ਭਾਜਪਾ ਦੇ ਕਾਰਕੁਨਾਂ ਨੇ ਜਿਸ ਢੰਗ ਨਾਲ ਕਿਸਾਨਾਂ ਉੱਤੇ ਪੱਥਰਬਾਜ਼ੀ ਅਤੇ ਗੁੰਡਾਗਰਦੀ ਕੀਤੀ ਤਾਂ ਦਿੱਲੀ ਪੁਲਿਸ ਮੂਕ ਦਰਸ਼ਕ ਬਣ ਕੇ ਖੜ੍ਹੀ ਰਹੀ। ਉਸ ਸਮੇਂ ਭਾਜਪਾਈ ਲੀਡਰਾਂ ਨੇ ਵੀ ਕਿਸਾਨਾਂ ਵਿਰੁੱਧ ਜੋ ਮੂੰਹ ਆਇਆ ਕਿਹਾ, ਵੱਧ ਤੋਂ ਵੱਧ ਭੜਕਾਊ ਸ਼ਬਦਾਵਲੀ ਦੀ ਵਰਤੋਂ ਕੀਤੀ। ਕਿਸਾਨ ਆਗੂਆਂ ਨੂੰ ਡਰਾਉਣ ਲਈ ਐਨ.ਆਈ.ਏ. (ਨੈਸ਼ਨਲ ਜਾਂਚ ਏਜੰਸੀ) ਨੇ ਕਿਸਾਨ ਨੇਤਾਵਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਲਈ ਨੋਟਿਸ ਭੇਜੇ ਸਨ ਅਤੇ ਕਿਸਾਨਾਂ ਦੀ ਹਮਾਇਤ ਕਰਨ ਵਾਲੇ ਆੜਤੀਆਂ 'ਤੇ ਇਨਕਮ ਟੈਕਸ ਵਿਭਾਗ ਤੋਂ ਰੇਡ ਕਰਵਾਏ ਗਏ ਸਨ। ਇਸ ਤਰ੍ਹਾਂ ਇਨ੍ਹਾਂ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਜੋ ਅੱਜ ਵੀ ਜਾਰੀ ਹੈ।

ਇੱਕ ਹੋਰ ਪ੍ਰਮੁੱਖ ਸੰਸਥਾ ਚੀਫ ਇਲੈਕਸ਼ਨ ਕਮਿਸ਼ਨ ਆਫ ਇੰਡੀਆ ਹੈ। ਟੀ.ਐਨ. ਸੇਸ਼ਨ ਸਮੇਂ ਤੋਂ ਇਸ ਕਮਿਸ਼ਨ ਦਾ ਸ਼ਲਾਘਾਯੋਗ ਰੋਲ ਰਿਹਾ ਹੈ ਪਰ ਹੁਣ ਇਸ ਕਮਿਸ਼ਨ ਦੀ ਵੀ ਉਹ ਕਾਰਜ ਸ਼ੈਲੀ ਨਹੀਂ ਰਹੀ ਜੋ ਟੀ ਐਨ ਸੈਸ਼ਨ ਨੇ ਕਾਇਮ ਕੀਤੀ ਸੀ। ਅੱਜ ਜਦ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਚੋਣ ਜ਼ਾਬਤਾ ਲਾਗੂ ਹੋ ਚੁੱਕਾ ਹੈ ਤਾਂ ਇਹ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਨੂੰ ਧਮਕੀਆਂ ਦੇਣ ਵਾਲਿਆਂ, ਨੇਤਾਵਾਂ ਨੂੰ ਜੇਲ੍ਹਾਂ ਵਿਚ ਬੰਦ ਕਰਨ ਅਤੇ ਚੋਣ ਮੈਦਾਨ 'ਚੋਂ ਲਾਂਭੇ ਕਰਨ ਲਈ ਨੋਟਿਸ ਭੇਜਣ ਵਾਲੇ ਵਿਭਾਗਾਂ ਖ਼ਿਲਾਫ ਕਾਰਵਾਈ ਕਰੇ। ਫਰ ਚੋਣ ਕਮਿਸ਼ਨ ਚੁੱਪ ਹੈ। ਕਾਨੂੰਨਾਂ ਵਿਚ ਸੋਧ ਕਰ ਕੇ ਚੋਣ ਕਮਿਸ਼ਨ ਦੀ ਨਿਯੁਕਤੀ ਵੀ ਸਰਕਾਰ ਆਪਣੀ ਮਰਜ਼ੀ ਨਾਲ ਕਰਨ ਦੇ ਅਧਿਕਾਰ ਰੱਖਦੀ ਹੈ। ਜਾਪਦਾ ਹੈ ਕਿ ਮੌਜੂਦਾ ਅਵਸਥਾ ਵਿਚ ਚੋਣ ਕਮਿਸ਼ਨ ਸਰਕਾਰ ਦੀ ਮਰਜ਼ੀ ਮੁਤਾਬਕ ਹੀ ਚੱਲੇਗਾ।

ਪਿਛਲੇ ਸਮੇਂ ਵਿਚ ਇਲੈਕਸ਼ਨ ਬਾਂਡ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੇ ਦੇਸ਼ ਦੀ ਰਾਜਨੀਤੀ ਹੇਠਾਂ ਚੱਲ ਰਹੀ ਚੋਣਾਂ ਦੇ ਨਾਂ 'ਤੇ ਰਿਸ਼ਵਤ ਨੂੰ ਬੇਪਰਦ ਕਰ ਦਿੱਤਾ ਹੈ। ਇਹ ਚੋਣ ਫੰਡ ਉਗਰਾਹੁਣ ਵਿਚ ਭਾਜਪਾ ਸਭ ਤੋਂ ਬਹੁਤ ਅੱਗੇ ਹੈ। ਮੇਰੀ ਜਾਣਕਾਰੀ ਮੁਤਾਬਕ ਕਮਿਊਨਿਸਟ ਪਾਰਟੀਆਂ ਤੋਂ ਬਿਨਾਂ ਨੈਸ਼ਨਲ ਲੈਵਲ ਦੀਆਂ ਲਗਭਗ ਸਾਰੀਆਂ ਪਾਰਟੀਆਂ ਨੇ ਹੀ ਥੋੜੇ ਜਾਂ ਬਹੁਤੇ ਚੋਣ ਬਾਂਡ ਰਾਹੀਂ ਪੈਸੇ ਪ੍ਰਾਪਤ ਕੀਤੇ ਹਨ। ਮੀਡੀਆ ਵਿਚ ਇਹ ਵੀ ਚਰਚਾ ਰਹੀ ਹੈ ਕਿ ਕੇਂਦਰ ਸਰਕਾਰ ਨੇ ਰਿਜ਼ਰਵ ਬੈਂਕ ਆਫ ਇੰਡੀਆ ਵਿਚ ਰਿਜ਼ਰਵ ਧਨ ਰਾਸ਼ੀ ਜੋ ਕਿਸੇ ਹੰਗਾਮੀ ਹਾਲਤ ਲਈ ਰੱਖੀ ਜਾਂਦੀ ਹੈ, ਉਸ ਦਾ ਵੀ ਵੱਡਾ ਹਿੱਸਾ ਵਰਤ ਲਿਆ ਹੈ ਜਿਸ ਕਰਕੇ ਇਸ ਵਕਾਰੀ ਬੈਂਕ ਨੂੰ ਢਾਹ ਲੱਗਣ ਦੀਆਂ ਖਬਰਾਂ ਹਨ। ਦੇਸ਼ ਵਿਚ ਗੰਭੀਰ ਆਰਥਿਕ ਸੰਕਟ ਹੈ। ਅੱਤ ਦੀ ਬੇਰੁਜ਼ਗਾਰੀ, ਮਹਿੰਗਾਈ, ਰਿਸ਼ਵਤਖੋਰੀ, ਗੁੰਡਾਗਰਦੀ ਆਦਿ ਹੈ ਅਤੇ ਵੱਖ-ਵੱਖ ਤਰ੍ਹਾਂ ਦੇ ਮਾਫੀਆ ਕੰਮ ਕਰ ਰਹੇ ਹਨ। ਲੋਕ ਅੱਤ ਦੇ ਦੁਖੀ ਹਨ ਪਰ ਸਰਕਾਰ ਮੀਡੀਆ ਨੂੰ ਖਰੀਦ ਕੇ ਜਾਂ ਡਰਾ ਕੇ ਉਸ ਰਾਹੀਂ ਆਪਣੀ ਫੋਕੀ ਵਾਹ-ਵਾਹ ਕਰਵਾ ਰਹੀ ਹੈ।

ਮੀਡੀਆ, ਵਿਸ਼ੇਸ਼ ਤੌਰ 'ਤੇ ਕਈ ਟੀ.ਵੀ. ਚੈਨਲ ਅਤੇ ਪ੍ਰਿੰਟ ਮੀਡੀਆ ਜਾਂ ਤਾਂ ਖਰੀਦਿਆ ਹੋਇਆ ਹੈ ਅਤੇ ਜਾਂ ਡਰਾਇਆ ਹੋਇਆ ਹੈ ਜੋ ਦਿਨ-ਰਾਤ ਸ੍ਰੀ ਮੋਦੀ ਦੇ ਗੁਣਗਾਣ ਕਰੀ ਜਾ ਰਿਹਾ ਹੈ। ਅਤੇ ਦੇਸ਼ ਦੀ ਅਸਲੀ ਹਾਲਤ ਲੋਕਾਂ ਸਾਹਮਣੇ ਨਹੀਂ ਰੱਖ ਰਿਹਾ। ਉਹ ਵਿਰੋਧੀ ਪਾਰਟੀਆਂ ਵਿਰੁੱਧ ਜ਼ਹਿਰ ਉਗਲ ਰਿਹਾ ਹੈ। ਦੇਸ਼ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਕਰਨਾ ਇਨ੍ਹਾਂ ਦੇ ਏਜੰਡੇ 'ਤੇ ਨਹੀਂ।

ਭਾਰਤ ਲੰਮਾ ਸਮਾਂ ਦੁਨੀਆਂ ਵਿਚ ਗੁੱਟ ਨਿਰਲੇਪ ਦੇਸ਼ਾਂ ਦਾ ਮੋਹਰੀ ਰਿਹਾ ਹੈ। ਦੁਨੀਆਂ ਪੱਧਰ 'ਤੇ ਭਾਰਤ ਦਾ ਇੱਕ ਵਿਸ਼ੇਸ਼ ਸਥਾਨ ਸੀ ਅਤੇ ਗੁਆਂਢੀ ਦੇਸ਼ਾਂ ਨਾਲ ਸਬੰਧ ਵੀ ਸੁਖਾਵੇਂ ਸਨ ਪਰ ਅੱਜ ਭਾਰਤ ਦੇ ਗੁਆਂਢੀ ਦੇਸ਼ਾਂ ਪਾਕਿਸਤਾਨ, ਚੀਨ, ਨੇਪਾਲ, ਬੰਗਲਾਦੇਸ਼, ਸ੍ਰੀ ਲੰਕਾ ਆਦਿ ਨਾਲ ਸਬੰਧ ਚੰਗੇ ਨਹੀਂ ਹਨ ਅਤੇ ਇਹ ਸਬੰਧ ਸੁਧਰਨ ਦੀ ਅਜੇ ਕੋਈ ਸੰਭਾਵਨਾ ਵੀ ਨਹੀਂ ਹੈ। ਦੇਸ਼ ਦਾ ਮੀਡੀਆ ਭਾਰਤ ਦੀ ਵਿਦੇਸ਼ ਨੀਤੀ ਦੀ ਅਸਫਲਤਾ 'ਤੇ ਟਿੱਪਣੀ ਨਹੀਂ ਕਰ ਰਿਹਾ। ਉਹ ਦੇਸ਼ ਦੀਆਂ ਸਮੱਸਿਆਵਾਂ ਲਈ ਜਾਂ ਤਾਂ ਵਿਰੋਧੀ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ ਜਾਂ ਪਾਕਿਸਤਾਨ ਅਤੇ ਚੀਨ ਨੂੰ। ਕਈ ਟੀ.ਵੀ. ਚੈਨਲ ਤਾਂ ਇੰਨੇ ਡਿੱਗ ਚੁੱਕੇ ਹਨ ਜਿਸ ਤੋਂ ਜਾਪਦਾ ਹੈ ਕਿ ਇਨ੍ਹਾਂ ਨੂੰ ਆਪਣੇ ਕਿੱਤੇ ਦੀ ਮਹੱਤਤਾ ਅਤੇ ਸਵੈਮਾਨ ਦਾ ਵੀ ਪਤਾ ਨਹੀਂ ਹੈ। ਇਨ੍ਹਾਂ ਦੀ ਰਿਪੋਰਟਿੰਗ ਸੁਣਨ ਵਾਲਾ ਵਿਅਕਤੀ ਤਾਂ ਹੈਰਾਨ ਹੋ ਜਾਂਦਾ ਹੈ ਪਰ ਰਿਪੋਰਟਰ ਝੂਠ ਬੋਲਦਾ ਸ਼ਰਮ ਮਹਿਸੂਸ ਨਹੀਂ ਕਰਦਾ।

ਹੈਰਾਨਗੀ ਦੀ ਗੱਲ ਹੈ ਕਿ ਦੇਸ਼ ਵਿਚ ਵਾਪਰਨ ਵਾਲੇ ਗੈਂਗ ਰੇਪ ਕਾਂਡਾਂ 'ਤੇ ਵੀ ਭਾਜਪਾ ਰਾਜਨੀਤੀ ਕਰਦੀ ਰਹੀ ਹੈ ਅਤੇ ਦੋਸ਼ੀਆਂ ਨੂੰ ਬਚਾਉਣ ਲਈ ਹਿੰਦੂਵਾਦ ਦਾ ਵਾਸਤਾ ਪਾਉਂਦੀ ਰਹੀ ਹੈ। ਕਠੂਆ ਗੈਂਗ ਰੇਪ ਉਪਰੰਤ ਲੜਕੀ ਦਾ ਕਤਲ ਕੇਸ ਹੋਵੇ ਜਾਂ ਹਾਥਰਸ ਜਬਰ ਜਨਾਹ ਕੇਸ (ਯੂ.ਪੀ) ਹੋਵੇ, ਦੋਸ਼ੀਆਂ ਨੂੰ ਬਚਾਉਣ ਲਈ ਭਾਜਪਾ ਆਗੂ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆਉਂਦੇ ਰਹੇ ਹਨ। 4 ਜੂਨ 2017 ਨੂੰ ਉਨਾਓ (ਯੂਪੀ) ਵਿਚ ਵਾਪਰੇ ਰੇਪ ਕਾਂਡ ਉਪਰੰਤ ਕਤਲ ਕੇਸ ਵਿਚ ਭਾਜਪਾ ਦੇ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਇਸ ਤੋਂ ਪਹਿਲਾਂ ਭਾਜਪਾ ਨੇ ਉਹਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਲੇਕਿਨ ਲੋਕਾਂ ਦੇ ਵਿਰੋਧ ਕਾਰਨ ਪੁਲਿਸ ਨੂੰ ਵਿਧਾਇਕ ਨੂੰ ਗ੍ਰਿਫਤਾਰ ਕਰਨਾ ਪਿਆ। 2014 ਵਿਚ ਐਨ.ਡੀ.ਏ. ਦੇ ਕੇਂਦਰ ਵਿਚ ਸਰਕਾਰ ਬਣਦਿਆਂ ਹੀ ਗਊ ਦੇ ਮੁੱਦੇ 'ਤੇ ਹਜੂਮੀ ਹਿੰਸਾ ਸ਼ੁਰੂ ਹੋ ਗਈ ਸੀ। ਇੱਕ ਰਿਪੋਰਟ ਦੇ ਮੁਤਾਬਕ ਇਸ ਹਿੰਸਾ ਵਿਚ ਕਤਲ ਦੇ 63 ਕੇਸ ਵਾਪਰੇ। ਬਹੁਤੇ ਕੇਸ 2014 ਤੋਂ 2017 ਦੇ ਸਮੇਂ ਦੌਰਾਨ ਵਾਪਰੇ। ਇਸ ਹਿੰਸਾ 'ਚ ਵੀ ਭਾਜਪਾ ਰਾਜਾਂ ਵਿਚ ਪੁਲਿਸ ਹਿੰਸਕ ਵਿਅਕਤੀਆਂ ਦੇ ਪੱਖਾਂ ਵਿਚ ਵੇਖੀ ਗਈ।

28 ਸਤੰਬਰ 2015 ਨੂੰ ਦਾਦਰ ਨੇੜੇ ਪਿੰਡ ਬਿਸਾਰਾ ਵਿਚ ਭੀੜ ਨੇ ਮੁਹੰਮਦ ਇਖਲਾਕ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਅਤੇ ਉਸਦੇ ਲੜਕੇ ਨੂੰ ਸਖਤ ਜ਼ਖਮੀ ਕਰ ਦਿੱਤਾ। ਇਸ ਕੇਸ ਦੀ ਜਾਂਚ ਕਰ ਰਹੇ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਨੂੰ ਵੀ ਬਾਅਦ ਵਿਚ ਭੀੜ ਨੇ ਮਾਰ ਦਿੱਤਾ। ਜੋ ਪੱਤਰਕਾਰ ਇਸ ਦੀ ਰਿਪੋਰਟਿੰਗ ਕਰ ਰਿਹਾ ਸੀ ਉਸ ਨੂੰ ਵੀ ਭੀੜ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ। 21 ਸਤੰਬਰ 2015 ਨੂੰ ਹੀ ਦਿੱਲੀ ਵਿਚ ਇੱਕ ਟਰੱਕ ਡਰਾਈਵਰ ਮੁਹੰਮਦ ਹਾਸ਼ਮ ਨੂੰ ਦਾੜੀ ਤੋਂ ਫੜ ਕੇ ਘਸੀਟਿਆ ਗਿਆ ਤੇ ਕੁੱਟ-ਕੁੱਟ ਕੇ ਬੇਹੋਸ਼ ਕਰ ਦਿੱਤਾ ਗਿਆ। ਭੀੜ ਨੇ ਦੋਸ਼ ਲਾਇਆ ਕਿ ਉਸ ਨੇ ਟਰੱਕ ਵਿਚ ਗਊਆਂ ਲੱਦੀਆਂ ਸਨ। ਜਦ ਟਰੱਕ ਦੀ ਸ਼ਾਣਬੀਨ ਕੀਤੀ ਗਈ ਤਾਂ ਟਰੱਕ ਵਿਚ ਫਰਿੱਜਾਂ ਪਾਈਆਂ ਗਈਆਂ। ਇਕ ਅਪ੍ਰੈਲ

(ਬਾਕੀ ਅਗਲੇ ਸਫੇ 'ਤੇ)

ਵਿਚਾਰਧਾਰਾ ਤੋਂ ਸੱਖਣੇ ਲੀਡਰਾਂ ਦੀ ਭਰਮਾਰ ਲੋਕਤੰਤਰ ਲਈ ਖ਼ਤਰਨਾਕ

ਗੁਰਪ੍ਰੀਤ ਸਿੰਘ ਬਿਲਿੰਗ
ਫੋਨ: 75086-98066

ਦੁਨੀਆ ਭਰ 'ਚ ਇੰਗਲੈਂਡ ਨੂੰ ਲੋਕਤੰਤਰ ਦੀ ਮਾਂ ਕਿਹਾ ਜਾਂਦਾ ਹੈ ਅਤੇ ਭਾਰਤ ਨੂੰ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਸੱਦਿਆ ਜਾਂਦਾ ਹੈ। ਅਬਰਾਹਿਮ ਲਿੰਕਨ ਦੇ ਸ਼ਬਦਾਂ ਵਿਚ ਲੋਕਤੰਤਰ ਲੋਕਾਂ ਦੀ, ਲੋਕਾਂ ਲਈ, ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੁੰਦੀ ਹੈ। ਹਰ ਪਾਸੇ ਤੋਂ ਲੋਕ ਹੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਕੁਝ ਵਿਧਾਰਧਾਰਾਵਾਂ ਨੂੰ ਲੈ ਕੇ ਸਰਕਾਰ ਚੁਣਦੇ ਅਤੇ ਚਲਾਉਂਦੇ ਹਨ। ਲੋਕਾਂ ਦੇ ਸਮੁੰਦਰ ਦਾ ਹਰ ਪ੍ਰਾਣੀ ਪੂਰਾ ਪੜ੍ਹਿਆ ਲਿਖਿਆ ਅਤੇ ਬੌਧਿਕ ਤੌਰ 'ਤੇ ਸਮਝਦਾਰ ਨਹੀਂ ਹੁੰਦਾ ਅਤੇ ਰੋਜ਼ਮਰਾ ਦੇ ਕੰਮਕਾਜਾਂ ਕਰਕੇ ਹਰ ਸਮੇਂ ਸਿਆਸਤ 'ਤੇ ਨਿਗਾਹ ਨਹੀਂ ਰੱਖ ਪਾਉਂਦਾ। ਉਹ ਵੋਟ ਦੇ ਕੇ ਇਹ ਸੋਚਦਾ ਹੋਇਆ ਸੁਰਖਰੂ ਮਹਿਸੂਸ ਕਰਦਾ ਹੈ ਕਿ ਉਸ ਵਲੋਂ ਚੁਣਿਆ ਗਿਆ ਵਿਅਕਤੀ ਉਸ ਦੇ ਕੰਮ, ਉਸ ਦੀ ਵਿਚਾਰਧਾਰਾ 'ਤੇ ਚੱਲਦਿਆਂ ਪੂਰੇ ਕਰੇਗਾ। ਇਸ ਕਰਕੇ ਕੁਝ ਚੁਣੇ ਗਏ ਵਿਅਕਤੀ ਕਈ ਵਾਰ ਮਨਮਰਜ਼ੀਆਂ ਵੀ ਕਰ ਜਾਂਦੇ ਹਨ। ਜਿਨ੍ਹਾਂ ਦਾ ਖਮਿਆਜ਼ਾ ਉਨ੍ਹਾਂ ਨੂੰ ਅਗਲੀਆਂ ਚੋਣਾਂ 'ਚ ਭੁਗਤਣਾ ਪੈਂਦਾ ਹੈ। ਕਈ ਸਿਆਸਤਦਾਨ ਐਨੇ ਚਲਾਕ ਹੁੰਦੇ ਹਨ ਕਿ ਉਹ ਕਈ ਕਈ ਸਾਲ ਚੋਣਾਂ 'ਚ ਲੋਕਾਂ ਕੋਲ ਮੁੱਦੇ ਘੜ-ਘੜ ਸੱਤਾ 'ਚ ਬਣੇ ਰਹਿੰਦੇ ਹਨ। ਉਹ ਤੇ ਉਸ ਦਾ ਪਰਿਵਾਰ ਇਕ ਰਾਜਸ਼ਾਹੀ ਪਰਿਵਾਰ ਦੀ ਤਰਾਂ ਵਿਚਰ ਕੇ ਰਹਿਣ ਲੱਗ ਜਾਂਦਾ ਹੈ। ਆਪਣੇ ਆਪ ਨੂੰ ਲੋਕਤੰਤਰ ਦਾ ਮਾਲਕ ਸਮਝਣ ਲੱਗ ਜਾਂਦਾ ਹੈ। ਅਜਿਹੇ ਸਿਆਸਤਦਾਨ ਸਿਆਸੀ ਘੱਟ ਹੁੰਦੇ ਹਨ ਅਤੇ ਮਾਫੀਆ ਵੱਧ। ਅਜਿਹੇ ਲੋਕਾਂ ਦੀ ਕੋਈ ਸਿਆਸੀ ਨਹੀਂ, ਸਗੋਂ ਵਪਾਰਕ ਵਿਚਾਰਧਾਰਾ ਹੁੰਦੀ ਹੈ। ਉਨ੍ਹਾਂ ਦਾ ਮਕਸਦ ਕੇਵਲ ਵਪਾਰ ਕਰਨਾ ਅਤੇ ਲੋਕਾਂ ਨੂੰ ਗੁਲਾਮੀ ਦੇਣਾ ਹੁੰਦਾ ਹੈ। ਅਜਿਹੇ ਲੋਕਾਂ ਦੇ ਸਿਰ 'ਤੇ ਭ੍ਰਿਸ਼ਟ ਸਰਕਾਰੀ ਲੋਕ, ਏਜੰਟ, ਮਤਲਬੀ ਤੇ ਚਲਾਕ ਚਮਚੇ ਜ਼ਿਆਦਾ ਬਾਂਦਰ ਟਪੂਸੀਆਂ ਮਾਰਦੇ ਹਨ। ਇਹ ਲੋਕਤੰਤਰ ਨੂੰ ਗੰਦਲਾ ਕਰਦੇ ਹਨ। ਕਿਧਰੇ ਨਾ ਕਿਧਰੇ ਅਜਿਹੇ ਲੋਕਾਂ ਦੀ ਵਜ੍ਹਾ ਨਾਲ ਲੋਕਤੰਤਰ ਆਪਣੇ ਜਨ ਕਲਿਆਣ ਵਾਲੇ ਆਖਰੀ ਟੀਚੇ 'ਤੇ ਨਹੀਂ ਪਹੁੰਚ ਪਾਉਂਦਾ।

ਭਾਰਤ 1947 'ਚ ਆਜ਼ਾਦ ਹੋਇਆ ਅਤੇ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਣ ਨਾਲ ਭਾਰਤ 'ਚ ਆਧੁਨਿਕ ਗਣਰਾਜ ਅਤੇ ਲੋਕਤੰਤਰ ਸਥਾਪਿਤ ਹੋ ਗਿਆ। ਭਾਰਤ 'ਚ ਪਹਿਲੀਆਂ ਲੋਕ ਸਭਾ ਚੋਣਾਂ 1951-52 ਦੌਰਾਨ ਕਰਵਾਈਆਂ ਗਈਆਂ। ਉਸ ਸਮੇਂ ਕਾਂਗਰਸ ਪਾਰਟੀ ਨੇ 45 ਪ੍ਰਤੀਸ਼ਤ ਵੋਟਾਂ ਨਾਲ 364 ਸੀਟਾਂ ਹਾਸਲ ਕਰੀਆਂ ਸਨ। ਉਸ ਤੋਂ ਬਾਅਦ ਭਾਰਤ 'ਚ ਕਾਫੀ ਲੰਬਾ ਸਮਾਂ ਕਾਂਗਰਸ ਦੀਆਂ ਸਰਕਾਰਾਂ ਬਣਦੀਆਂ ਰਹੀਆਂ। ਅੱਜ ਕੱਲ੍ਹ ਵੀ ਭਾਰਤ 'ਚ ਚੋਣਾਂ ਦਾ ਮਾਹੌਲ ਹੈ। ਹੁਣ ਭਾਰਤ 'ਚ 18ਵੀਂ ਲੋਕ ਸਭਾ ਚੁਣੀ ਜਾਣੀ ਹੈ। ਇਨ੍ਹਾਂ ਚੋਣਾਂ ਦੇ ਚਾਅ 'ਚ ਕਈ ਵਿਚਾਰਧਾਰਾ ਤੋਂ ਸੱਖਣੇ ਸਿਆਸਤਦਾਨ ਕੁਰਸੀ ਅਤੇ ਉੱਚਾ ਅਹੁਦਾ ਹਾਸਲ ਕਰਨ ਲਈ ਇਕ ਪਾਰਟੀ ਤੋਂ ਦੂਜੀ, ਦੂਜੀ ਤੋਂ ਤੀਜੀ ਪਾਰਟੀ 'ਚ ਜਾ ਰਹੇ ਹਨ। ਜਿਨ੍ਹਾਂ ਨੂੰ ਕਿਧਰੋਂ ਟਿਕਟ ਨਹੀਂ ਮਿਲ ਰਹੀ ਉਹ ਕਿਸੇ ਪ੍ਰਧਾਨਗੀ ਦੀ ਆਸ 'ਚ ਬੈਠੇ ਹਨ ਜਾਂ ਆਜ਼ਾਦ ਲੜਣ ਲਈ ਅੰਦਰਖਾਤੇ ਮਨ ਬਣਾ ਬੈਠੇ ਹਨ। ਅਜਿਹੇ ਖਾਸ ਲੋਕਾਂ ਨੂੰ ਦੇਖ ਕੇ ਆਮ ਲੋਕ ਅਕਸਰ ਕਹਿੰਦੇ ਹਨ ਕਿ ਇਨ੍ਹਾਂ ਦਾ ਕੋਈ ਦੀਨ ਈਮਾਨ ਨਹੀਂ, ਬਸ ਕੁਰਸੀ ਭਾਲਦੇ ਹਨ ਹਰ ਵੇਲੇ। ਇਹ ਸਿਆਸੀ ਆਵਾਗੌਣ ਦਲ ਬਦਲੀ ਕਹਾਉਂਦਾ ਹੈ। ਅੱਜ ਕੱਲ੍ਹ ਆਪਣੇ ਸਾਹਮਣੇ ਨਿੱਤ ਹੀ ਅਖ਼ਬਾਰਾਂ, ਰੇਡੀਓ, ਟੀਵੀ ਅਤੇ ਸੋਸ਼ਲ ਮੀਡੀਆ 'ਤੇ ਖਬਰਾਂ ਆ ਰਹੀਆਂ ਹਨ ਕਿ ਫਲਾਣਾ ਪਾਰਟੀ ਤੋਂ ਫਲਾਣਾ ਲੀਡਰ, ਐਨੇ ਵਰਕਰ ਫਲਾਣੀ ਪਾਰਟੀ 'ਚ ਸ਼ਾਮਿਲ ਹੋ ਗਏ ਹਨ। ਇਹ ਖ਼ਬਰਾਂ ਜ਼ਿਆਦਾਤਰ ਸੱਤਾਧਾਰੀ ਪਾਰਟੀ ਦੇ ਹੱਕ ਦੀਆਂ ਹੁੰਦੀਆਂ ਹਨ, ਪਰ ਜ਼ਮੀਨੀ ਪੱਧਰ 'ਤੇ ਹਰ ਪਾਰਟੀ 'ਚੋਂ ਹਰ ਪਾਰਟੀ 'ਚ ਦਲ ਬਦਲੀ ਹੋ ਰਹੀ ਹੈ। ਕਾਰਨ ਤਾਂ ਸਾਫ ਹੈ ਕਿ ਹਰ ਸਿਆਸਤਦਾਨ ਆਪਣੀ ਕੁਰਸੀ ਨਹੀਂ ਗੁਆਉਣਾ ਚਾਹੁੰਦਾ। ਇਹ ਦਲ ਬਦਲੀ ਇਕ ਸਵਾਲ ਪੈਦਾ ਕਰਦੀ ਹੈ ਕਿ ਕੀ ਇਹ ਲੀਡਰ ਅਤੇ ਵਰਕਰ ਕੋਈ ਵਿਚਾਰਧਾਰਾ ਰੱਖਦੇ ਹਨ ਕਿ ਨਹੀਂ? ਜਵਾਬ ਨਿਕਲਦਾ ਹੈ ਨਹੀਂ। ਕਿਉਂਕਿ ਲੰਬਾ ਵਕਤ ਇਕ ਵਿਚਾਰਧਾਰਾ ਦੀ ਪੈਰਵੀ ਕਰਦੇ ਰਹਿੰਦੇ ਹਨ ਅਤੇ ਅਚਾਨਕ ਹੀ ਇਕਦਮ ਉਸੇ ਵਿਚਾਰਧਾਰਾ ਦੀ ਵਿਰੋਧੀ ਵਿਚਾਰਧਾਰਾ ਦੇ ਵਕੀਲ ਬਣ ਜਾਂਦੇ ਹਨ। ਇਹ ਗੈਰ ਵਿਚਾਰਧਾਰਕ ਪ੍ਰਵਿਰਤੀ ਹੈ। ਇਸ ਵਿਚ ਜਨ ਕਲਿਆਣ ਕਿਧਰੇ ਨਹੀਂ ਹੁੰਦਾ। ਜੋ ਲੋਕਤੰਤਰ ਦਾ ਅੰਤਿਮ ਸਿੱਟਾ ਹੈ। ਇਹ ਪ੍ਰਵਿਰਤੀ ਕੁਰਸੀ ਦਾ ਮੋਹ ਹੈ। ਅਜਿਹਾ ਨਹੀਂ ਕਿ ਸਾਰੇ ਹੀ ਇਕ ਤਰ੍ਹਾਂ ਦੇ ਹੁੰਦੇ ਹਨ। ਕੁਝ ਲੋਕ ਜਜ਼ਬਾਤਾਂ ਦੇ ਉਲਾਰ 'ਚ ਕਦੇ ਕਦਾਈਂ ਗਲਤ ਪਾਰਟੀ 'ਚ ਚਲੇ ਜਾਂਦੇ ਹਨ। ਉਨ੍ਹਾਂ ਲਈ ਦਲ ਬਦਲੀ ਸਹੀ ਕਹੀ ਜਾ ਸਕਦੀ ਹੈ, ਪਰ ਇਸ ਅਦਲਾ-ਬਦਲੀ ਦੇ ਮਾਪਦੰਡ ਕੀ ਹੋਣ। ਕੌਣ ਤੈਅ ਕਰੇਗਾ। ਇਕ ਦਲ ਬਦਲੀ ਦਾ ਕਾਰਨ ਅੰਦਰਖਾਤੇ ਹੋਏ ਪਾਰਟੀਆਂ ਦੇ ਸਮਝੌਤੇ ਵੀ ਹੁੰਦੇ ਹਨ, ਜਿਸ ਤਹਿਤ ਇਕ ਪ੍ਰਭਾਵਸ਼ਾਲੀ ਤਾਕਤਵਰ ਲੀਡਰ ਨੂੰ ਦਲ ਬਦਲ ਕੇ ਦੂਜੀ ਪ੍ਰਭਾਵਸ਼ਾਲੀ ਪਾਰਟੀ ਤੋਂ ਉਮੀਦਵਾਰ ਬਣਾ ਦਿੱਤਾ ਜਾਂਦਾ ਹੈ। ਇੱਦਾਂ ਹੀ ਕਲਾ ਨਾਲ ਜੁੜੇ ਬੰਦਿਆਂ ਨੂੰ ਉਮੀਦਵਾਰ ਬਣਾ ਦਿੱਤਾ ਜਾਂਦਾ ਹੈ। ਅਜਿਹੇ ਉਮੀਦਵਾਰ ਵੀ ਪੈਰਾਸ਼ੂਟ ਉਮੀਦਵਾਰ ਹੁੰਦੇ ਹਨ, ਜੋ ਕਿਸੇ ਪਾਰਟੀ ਦੇ ਕਿਸੇ ਮਿਹਨਤੀ ਵਰਕਰ ਦੀ ਕਿਸਮਤ ਤੱਕ ਹੜਪ ਜਾਂਦੇ ਹਨ। ਇਹ ਵਰਤਾਰੇ ਇਸ ਵਾਰ ਵੀ ਦੇਖਣ ਨੂੰ ਮਿਲ ਰਹੇ ਹਨ।

ਵਿਚਾਰਧਾਰਾ ਤੋਂ ਸੱਖਣੇ ਸਿਆਸਤਦਾਨ ਲੋਕਤੰਤਰਕ ਪ੍ਰੰਪਰਾਵਾਂ ਦਾ ਖ਼ਿਆਲ ਨਹੀਂ ਰੱਖ ਸਕਦੇ। ਮੁਸੀਬਤ ਸਮੇਂ ਸਹੀਂ ਫੈਸਲਾ ਨਹੀਂ ਲੈ ਸਕਦੇ, ਕਿਉਂਕਿ ਕਿਸੇ ਸਮੱਸਿਆ ਨੂੰ ਸੱਤਾ ਧਿਰ ਦੀ ਵਿਚਾਰਧਾਰਾ ਨਾਲ ਕਿਵੇਂ ਹੱਲ ਕਰਨਾ ਹੈ, ਉਨ੍ਹਾਂ ਕੋਲ ਗਿਆਨ ਨਹੀਂ ਹੁੰਦਾ। ਵੈਸੇ ਤਾਂ ਹਰ ਜਿੱਤੀ ਪਾਰਟੀ ਦਲ ਬਦਲੂ ਨੂੰ ਵੱਡਾ ਸੰਵਿਧਾਨਕ ਅਹੁਦਾ ਦੇਣੋਂ ਵੀ ਬਚਦੀ ਹੈ। ਉਹ ਸਿਰਫ਼ ਪ੍ਰਚੰਡ ਬਹੁਮਤ ਹਾਸਲ ਕਰਨ ਲਈ ਨਾਲ ਬੈਠਾਏ ਗਏ ਹੁੰਦੇ ਹਨ। ਇਸ ਗੱਲ ਦਾ ਕਦੇ ਸੰਬੰਧਤ ਸਿਆਸਤਦਾਨ ਨੂੰ ਕੋਈ ਦੁੱਖ ਨਹੀਂ ਹੁੰਦਾ। ਉਹ ਕੁਰਸੀ ਮੋਹ 'ਚ ਰਾਜ ਮੋਹ ਭੁੱਲਿਆ ਹੁੰਦਾ ਹੈ।

ਦੁਨੀਆ ਭਰ ਵਿਚ ਮੁੱਖ ਤੌਰ 'ਤੇ ਸੱਜੇ ਪੱਖੀ, ਖੱਬੇ ਪੱਖੀ, ਧਰਮ ਪੱਖੀ, ਕੱਟੜ ਰਾਸ਼ਟਰ ਪੱਖੀ ਆਦਿ ਵਿਚਾਰਧਾਰਾਵਾਂ ਚੱਲ ਰਹੀਆਂ ਹਨ। ਭਾਰਤ 'ਚ ਹੁਣ ਤੱਕ ਸੱਜੇ ਅਤੇ ਖੱਬੇ ਪੱਖੀ ਵਿਚਾਰਧਾਰਾ ਦਾ ਬੋਲਬਾਲਾ ਰਿਹਾ ਹੈ। ਪਰ ਪਿਛਲੇ ਚਾਰ ਕੁ ਦਹਾਕਿਆ ਤੋਂ ਧਾਰਮਿਕ ਵਿਚਾਰਧਾਰਾ ਵੀ ਉਭਰੀ ਹੈ। ਰਾਜਨੀਤਕ ਖੇਤਰ 'ਚ ਇਸ ਵਿਚਾਰਧਾਰਾ ਨੂੰ ਲੋਕਤੰਤਰ ਲਈ ਖਤਰਾ ਮੰਨਿਆ ਗਿਆ ਹੈ। ਸਾਡੇ ਦੇਸ਼ 'ਚ ਸੱਜੇ ਪੱਖੀ ਵਿਚਾਰਧਾਰਾ ਦਾ ਆਧਾਰ ਮਜ਼ਬੂਤ ਹੋਇਆ ਹੈ ਅਤੇ ਖੱਬੇ ਪੱਖੀ ਵਿਚਾਰਧਾਰਾ ਹਾਸ਼ੀਏ ਦੇ ਵੀ ਹਾਸ਼ੀਏ 'ਤੇ ਚਲੇ ਗਈ ਹੈ। ਇਨ੍ਹਾਂ ਦੀਆਂ ਪਾਰਟੀਆਂ ਦੀ ਆਪਸੀ ਫੁੱਟ ਕਾਰਨ ਜਿੱਥੇ ਇਨ੍ਹਾਂ ਦਾ ਆਧਾਰ ਖਿਸਕਿਆ, ਉਥੇ ਹੀ ਵਰਕਰ ਵੀ ਦੂਜੀਆਂ ਪਾਰਟੀਆਂ 'ਚ ਚਲੇ ਗਏ ਹਨ। ਕੁਝ ਧਾਰਮਿਕ ਤੇ ਰਾਸ਼ਟਰਵਾਦੀ ਹੋ ਗਏ ਹਨ। ਇਸ ਸਬੰਧੀ ਲਾਲ ਵਿੰਗ ਨੂੰ ਸੋਚਣਾ ਪਵੇਗਾ। ਹਰ ਪਾਰਟੀ ਦੀ ਆਪਣੀ ਵਿਚਾਰਧਾਰਾ ਅਤੇ ਸੰਵਿਧਾਨ ਹੁੰਦਾ ਹੈ। ਦੂਜੀ ਦਾ ਅਲੱਗ। ਫਿਰ ਦਲ ਬਦਲੀ ਕਰਨ ਸਮੇਂ ਕੀ ਅਜਿਹਾ ਘੋਲ ਕੇ ਦੋਵੇਂ ਕੰਨਾਂ ਦੇ ਵਿਚਕਾਰ ਪਾਇਆ ਜਾਂਦਾ ਹੈ ਕਿ ਲੀਡਰ ਅਤੇ ਵਰਕਰ ਇਕਦਮ ਚਿੱਟੇ ਤੋਂ ਲਾਲ, ਲਾਲ ਤੋਂ ਭਗਵੇਂ ਹੋ ਜਾਂਦੇ ਹਨ। ਅਜਿਹਾ ਵੀ ਨਹੀਂ ਕਿ ਹਰ ਵਿਅਕਤੀ ਅਜਿਹੇ ਕੁਝ ਕੁ ਵਿਅਕਤੀਆਂ ਵਰਗਾ ਹੁੰਦਾ ਹੈ। ਅਜਿਹਾ ਵੀ ਦੇਖਣ ਨੂੰ ਅਕਸਰ ਮਿਲਦਾ ਹੈ ਕਿ ਕੁਝ ਅਜਿਹੇ ਵੀ ਵਿਅਕਤੀ, ਲੀਡਰ, ਵਰਕਰ ਹੁੰਦੇ ਹਨ, ਜੋ ਜਨਮ ਤੋਂ ਮਰਨ ਤੱਕ ਇਕ ਪਾਰਟੀ, ਇਕ ਵਿਚਾਰਧਾਰਾ ਦੇ ਹੋ ਕੇ ਰਹਿੰਦੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਦਲ ਬਦਲੀ ਕਰਨੀ ਗਲਤ ਹੈ। ਗਲਤ ਨਹੀਂ, ਪਰ ਵੱਡੀ ਪ੍ਰਵਿਰਤੀ 'ਚ ਹੋਣਾ ਜਾਂ ਕਰਨਾ ਗਲਤ ਹੈ। ਅਜਿਹਾ ਰੋਕਣ ਲਈ ਭਾਰਤ 'ਚ ਦਲ ਵਿਰੋਧੀ ਕਾਨੂੰਨ ਬਣਿਆ ਹੋਇਆ ਹੈ। ਜਿਸ ਦੀਆਂ ਆਪਣੀਆਂ ਸ਼ਰਤਾਂ, ਕਮੀਆਂ, ਵਿਸ਼ੇਸ਼ਤਾਵਾਂ, ਚੋਰ ਮੋਰੀਆਂ ਹਨ। ਜਿਸ 'ਚ ਹਾਲੇ ਹੋਰ ਸੁਧਾਰ ਹੋਣ ਦੀ ਲੋੜ ਹੈ। ਅਜਿਹਾ ਵੀ ਹੈ ਕਿ ਕਈ ਵਾਰ ਕੁਝ ਪ੍ਰਭਾਵੀ, ਮਿਹਨਤੀ ਵਰਕਰ ਕਿਸੀ ਸਮਾਜਿਕ ਜਾਂ ਮਨੋਵਿਗਿਆਨਕ ਉਲਾਰ ਕਾਰਨ ਕਿਸੇ ਵੇਲੇ ਕਿਸੇ ਅਜਿਹੀ ਪਾਰਟੀ 'ਚ ਚਲੇ ਜਾਂਦੇ ਹਨ, ਜੋ ਉਨ੍ਹਾਂ ਦੇ ਵਿਚਾਰਾਂ ਨਾਲ ਮੇਲ ਨਹੀਂ ਖਾਦੀ ਹੁੰਦੀ। ਉਸ ਸਮੇਂ ਦਲ ਬਦਲਣਾ ਜ਼ਰੂਰੀ ਹੋ ਜਾਂਦਾ ਹੈ, ਪਰ ਜਦੋਂ ਕਿਸੇ ਲਾਲਚ ਵਸ ਪਾਰਟੀ ਬਦਲੀ ਜਾਂ ਬਦਲਾਈ ਜਾਂਦੀ ਹੈ ਤਾਂ ਉਹ ਵਿਚਾਰਧਾਰਾ ਤੋਂ ਸੱਖਣੇ ਵਾਲੀ ਕਿਸਮ 'ਚ ਆ ਜਾਂਦੀ ਹੈ। ਇਸ ਬਾਰੇ ਪਬਲਿਕ ਸਭ ਜਾਣਦੀ ਹੁੰਦੀ ਹੈ। ਅੱਜ ਕੱਲ੍ਹ ਵੀ ਸੱਥਾਂ ਅਤੇ ਬਾਜ਼ਾਰਾਂ, ਦੁਕਾਨਾਂ 'ਚ ਅਜਿਹੇ ਲੀਡਰਾਂ, ਵਰਕਰਾਂ ਬਾਰੇ ਗੱਲਾਂ ਹੋ ਰਹੀਆਂ ਹਨ। ਕੌਣ ਸਹੀ 'ਚ ਦਲ ਬਦਲ ਰਿਹਾ ਹੈ, ਕੌਣ ਕਿਸੇ ਲਾਲਚਵਸ। ਇਸ ਬਾਰੇ ਯੇ ਜੋ ਪਬਲਿਕ ਹੈ, ਯੇਹ ਸਬ ਜਾਨਤੀ ਹੈ। ਕੇਵਲ ਦਲ ਬਦਲੀ ਕਰਨ ਵਾਲੇ ਕੁਝ ਕੁ ਲਾਲਚ ਨਹੀਂ ਕਰਦੇ ਕੁਰਸੀ ਦਾ, ਸਗੋਂ ਕਈ ਅਜਿਹੇ ਵੀ ਹੁੰਦੇ ਹਨ ਜੋ ਆਜ਼ਾਦ ਖੜ ਕੇ ਹੀ ਆਪਣੀ ਪਾਰਟੀ ਦੀਆਂ ਵੋਟਾਂ ਤੋੜ ਜਾਂਦੇ ਹਨ। ਇਨ੍ਹਾਂ ਵਿਚੋਂ ਵੀ ਕਈ ਅਜਿਹੇ ਹੁੰਦੇ ਹਨ, ਜੋ ਜ਼ਮੀਨੀ ਪੱਧਰ 'ਤੇ ਵਿਚਾਰਧਾਰਾ ਤੋਂ ਸੱਖਣੇ ਹੁੰਦੇ ਹਨ। ਦਲਬਦਲੀ ਵਾਲੇ ਅਜਿਹੇ ਕੁਝ ਕੁ ਲੀਡਰ ਲੋਕਾਂ ਦੇ ਕੰਮ ਕਰਵਾਉਣ ਕਾਰਨ ਜਿੱਤ ਵੀ ਜਾਂਦੇ ਹਨ, ਜਿਸ 'ਚ ਨਵੀਂ ਪਾਰਟੀ ਦੀ ਵਿਚਾਰਧਾਰਕ ਵੋਟ ਅਤੇ ਸਬੰਧਤ ਲੀਡਰ ਦੀ ਆਪਣੀ ਵੋਟ ਸਹਾਈ ਹੁੰਦੀ ਹੈ। ਭਾਰਤ 'ਚ ਲੋਕਾਂ ਨੂੰ ਵਿਚਾਰਧਾਰਾਂ ਤੋਂ ਵਧ ਕੇ ਆਪਣੇ ਸਰਕਾਰੀ

ਗੱਲਾਂ 'ਚੋਂ ਗੱਲ

ਅਤੇ ਨਿੱਜੀ ਕੰਮ ਕਰਾਉਣ ਤੱਕ ਵੀ ਮਤਲਬ ਹੁੰਦਾ ਹੈ।

ਵਿਚਾਰਧਾਰਾ ਤੋਂ ਸੱਖਣੇ ਲੀਡਰ ਅਤੇ ਵਰਕਰ ਜਿੱਥੇ ਲੋਕਤੰਤਰ ਲਈ ਖਤਰਾ ਹੋ ਸਕਦੇ ਹਨ, ਉਥੇ ਹੀ ਅਰਥਚਾਰੇ ਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ। ਵੋਟਰ ਤੋਂ ਲੈ ਕੇ ਲੀਡਰ ਤੱਕ ਦੀ ਵਿਚਾਰਹੀਣਤਾ ਰਾਜਨੀਤਕ ਅਸਥਿਰਤਾ ਪੈਦਾ ਕਰਨ 'ਚ ਸਹਾਈ ਹੋਣ ਲੱਗ ਜਾਂਦੀ ਹੈ। ਜਿਵੇਂ ਦੋ ਘੋੜਿਆਂ ਦਾ ਸਵਾਰ ਆਪਣੀ ਜਾਨ ਤਾਂ ਖਤਰੇ 'ਚ ਪਾਉਂਦਾ ਹੀ ਪਾਉਂਦਾ ਹੈ, ਉਥੇ ਹੀ ਨਾਲ ਦੇ ਘੋੜ ਸਵਾਰਾਂ ਨੂੰ ਵੀ ਦੌੜ 'ਚ ਆਪਣੇ ਹੋਏ ਬੇਕਾਬੂ ਘੋੜਿਆਂ ਨਾਲ ਲੀਹੋਂ ਲਾਹ ਕੇ ਖਤਰਨਾਕ ਰਾਹਾਂ ਵੱਲ ਮੋੜ ਸਕਦਾ ਹੈ। ਮੰਨ ਲਵੋ ਜੇ ਨਰੇਂਦਰ ਮੋਦੀ, ਇੰਦਰਾ ਗਾਂਧੀ, ਪ੍ਰਕਾਸ਼ ਸਿੰਘ ਬਾਦਲ ਆਦਿ ਵਿਚਾਰਹੀਣ ਹੁੰਦੇ। ਕੀ ਉਹ ਅੱਜ ਇਸ ਮੁਕਾਮ 'ਤੇ ਹੁੰਦੇ। ਜੇ ਨਿੱਕੀ-ਨਿੱਕੀ ਗੱਲ 'ਤੇ ਦਲ ਬਦਲੀ ਕਰੀ ਜਾਂਦੇ। ਕੀ ਇਸ ਮੁਕਾਮ 'ਤੇ ਹੁੰਦੇ। ਬਹੁਤ ਅਜਿਹੇ ਨਾਮ ਹਨ। ਪਰ ਅੱਜ ਦੀ ਦੌੜ ਵਿਚ ਹਰ ਕਾਹਲਾ ਹੈ ਟੀਸੀ ਵਾਲੇ ਬੇਰ 'ਤੇ ਨਿਸ਼ਾਨਾ ਲਾਉਣ ਲਈ। ਲੋਕਾਂ ਨੇ ਨੋਟ ਕੀਤਾ ਹੈ ਕਿ ਵਿਚਾਰਹੀਣ ਅਤੇ ਦਲਬਦਲੀ ਵਾਲੇ ਲੀਡਰਾਂ ਅਤੇ ਵਰਕਰਾਂ ਵਿਚੋਂ ਜ਼ਿਆਦਾਤਰ ਕੁਝ ਕੁ ਹੀ ਚੋਣਾਂ ਤੋਂ ਬਾਅਦ ਹੀ ਹਾਸ਼ੀਏ 'ਤੇ ਚਲੇ ਜਾਂਦੇ ਹਨ। ਨਾ ਘਰ ਦੇ ਨਾ ਘਾਟ ਦੇ ਰਹਿੰਦੇ ਹਨ। ਬਸ ਇੱਕਾ-ਦੁੱਕਾ ਹੀ ਮੁਕਾਮ ਬਣਾਈ ਰੱਖ ਪਾਉਂਦੇ ਹਨ। ਪਬਲਿਕ ਦੀ ਯਾਦਦਾਸ਼ਤ ਐਨੀ ਵੀ ਕਮਜ਼ੋਰ ਨਹੀਂ, ਜਿੰਨੀ ਸਿਆਸੀ ਹਲਕੇ ਸੋਚਦੇ ਹਨ। ਨਾ ਹੀ ਹਰ ਬੰਦੇ ਨੇ ਅੱਖਾਂ 'ਤੇ ਪੱਟੀ ਬੰਨ੍ਹੀ ਹੁੰਦੀ ਹੈ। ਦਲਬਦਲੀ ਅਤੇ ਵਿਚਾਰਹੀਣਤਾ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਦਲ ਬਦਲੀ ਹਰ ਪੰਜ ਸਾਲ ਬਾਅਦ ਕੀਤੀ ਜਾਇਜ਼ ਨਹੀਂ ਠਹਿਰਾਈ ਜਾ ਸਕਦੀ। ਰਹੀ ਗੱਲ ਸਿਆਸੀ ਵਿਚਾਰਹੀਣਤਾ ਦੀ। ਇਹ ਨਾ ਹੀ ਲੀਡਰ ਦੇ ਪੱਖ ਦੀ ਹੋ ਸਕਦੀ ਹੈ, ਨਾ ਹੀ ਵਰਕਰਾਂ ਦੇ। ਵੋਟਰ ਤਾਂ ਇਸ ਬਿਨਾਂ ਸਿਰਫ ਪਲਾਸਟਿਕ ਦੀ ਮੋਹਰ ਹੈ, ਜਿਸ ਨੂੰ ਵਰਗਲਾ ਕੇ ਕਿੱਥੇ ਮਰਜ਼ੀ ਛਾਪ ਦੋ। ਅੱਜ ਕੱਲ੍ਹ ਤਾਂ ਕੋਈ ਮੁਸ਼ਕਿਲ ਵੀ ਨਹੀਂ ਹੈ। ਹਰ ਵਿਚਾਰਧਾਰਾ ਦੀ ਇਕ ਆਪਣੀ ਵੱਖਰੀ ਪਾਰਟੀ ਹੈ। ਹਰ ਪਾਰਟੀ ਅੱਜ ਕੱਲ੍ਹ ਚੋਣਾਂ 'ਚ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਭਾਗ ਲੈਂਦੀ ਹੈ। ਹਰ ਲੀਡਰ, ਵਰਕਰ ਅਤੇ ਵੋਟਰ ਕੋਲ ਚੋਣ ਕਰਨ ਦਾ ਆਧਾਰ ਹੈ। ਬਹੁਤ ਸਾਰੀਆਂ ਆਪਸ਼ਨਾਂ ਹਨ। ਸੋ ਵਿਚਾਰਾਂ ਤੋਂ ਸੱਖਣੇ ਲੀਡਰ, ਵਰਕਰ ਅਤੇ ਵੋਟਰ ਲੋਕਤੰਤਰ ਲਈ ਲਾਭਦਾਇਕ ਨਹੀਂ ਹਨ। ਲੋਕਤੰਤਰ ਤਾਂ ਵਿਚਾਰਾਂ ਦਾ ਸਤਿਕਾਰ ਹੈ ਅਤੇ ਉਸ ਵਲੋਂ ਚੁਣੀ ਸਰਕਾਰ ਹੈ।

ਦਲ ਬਦਲੀਆਂ ਦਾ ਮੰਦਭਾਗਾ ਵਰਤਾਰਾ: ਭਾਰਤੀ ਲੋਕਤੰਤਰ ਲਈ ਖਤਰੇ ਦੀ ਘੰਟੀ

(ਪਿਛਲੇ ਸਫੇ ਦੀ ਬਾਕੀ)

2017 ਨੂੰ ਹਰਿਆਣਾ ਵਿਚ ਪਹਿਲੂ ਖਾਨ ਨੂੰ ਜੋ ਇਕ ਡੇਅਰੀ ਚਲਾਉਂਦਾ ਸੀ, ਇਸ ਕਰਕੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਕਿ ਉਹ ਰਾਜਸਥਾਨ ਦੇ ਪਸ਼ੂ ਮੇਲੇ 'ਚੋਂ ਦੋ ਗਊਆਂ ਖਰੀਦ ਕੇ ਲਿਆਇਆ ਸੀ।

ਹਿਊਮਨ ਰਾਈਟਸ ਰਿਪੋਰਟ ਮੁਤਾਬਕ ਮਈ 2015 ਤੋਂ ਦਸੰਬਰ 2018 ਤੱਕ ਧਾਰਮਿਕ ਜਨੂੰਨੀਆਂ ਦੇ ਹਮਲਿਆਂ ਵਿਚ 44 ਵਿਅਕਤੀ ਮਾਰੇ ਗਏ ਤੇ 100 ਤੋਂ ਵੱਧ ਜ਼ਖਮੀ ਹੋਏ। ਅਪ੍ਰੈਲ 2019 ਵਿਚ ਯੂਨਾਇਟਡ ਸਟੇਟ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜਸ ਫਰੀਡਮ ਨੇ ਭਾਰਤ ਸਰਕਾਰ ਦੀ ਘੱਟ ਗਿਣਤੀ ਲੋਕਾਂ 'ਤੇ ਹਮਲਿਆਂ ਨੂੰ ਉਤਸ਼ਾਹਿਤ ਕਰਨ ਦੀ ਨਿਖੇਧੀ ਕੀਤੀ ਸੀ। ਇਸ ਪਾਰਟੀ ਦਾ ਕੇਵਲ ਮੁਸਲਮਾਨਾਂ ਹੀ ਨਹੀਂ ਦੇਸ਼ ਵਿਚ ਵੱਸਦੇ ਸਾਰੇ ਘੱਟ-ਗਿਣਤੀ ਲੋਕਾਂ ਵਿਰੋਧੀ ਚਿਹਰਾ ਦੁਨੀਆ ਭਰ ਵਿਚ ਨੰਗਾ ਹੋ ਚੁੱਕਾ ਹੈ। ਬਹੁ ਗਿਣਤੀ ਫਿਰਕੇ ਵੱਲੋਂ ਘੱਟ ਗਿਣਤੀ ਲੋਕਾਂ 'ਤੇ ਹਮਲੇ ਕਰਾਉਣਾ ਵੀ ਤਾਨਾਸ਼ਾਹੀ ਰਸਤੇ ਦਾ ਹੀ ਇੱਕ ਹਿੱਸਾ ਕਿਹਾ ਜਾ ਸਕਦਾ ਹੈ। ਲੋਕਤੰਤਰ ਦੇ ਨਾਂ ਹੇਠ ਤਾਨਾਸ਼ਾਹੀ ਨੂੰ ਸਥਾਪਿਤ ਕਰਨ ਲਈ ਸੰਵਿਧਾਨਕ ਢਾਂਚਾ ਖਤਮ ਕਰ ਕੇ, ਹਜੂਮੀ ਹਿੰਸਾ ਦੀ ਪੁਸ਼ਤ-ਪਨਾਹੀ ਕਰ ਕੇ, ਹਿੰਦੂਤਵ ਦਾ ਪੱਤਾ ਖੇਡ ਕੇ, ਅਤੇ ਦੇਸ਼ ਦੇ ਜਨਤਕ ਅਦਾਰੇ ਪੂੰਜੀਪਤੀਆਂ ਕੋਲ ਵੇਚ ਕੇ ਭਾਜਪਾ ਲੋਕਾਂ ਨੂੰ ਰਾਸ਼ਟਰਵਾਦ ਦੀ ਸਿੱਖਿਆ ਦੇਣ ਦਾ ਖੇਖਣ ਕਰਦੀ ਹੈ। ਦੇਸ਼ ਦੇ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਨੀਤੀਆਂ ਵਿਚ ਹਿੰਦੂ ਧਰਮ ਵਾਲਿਆਂ ਨੂੰ ਵੀ ਕੋਈ ਲਾਭ ਨਹੀਂ ਹੈ। ਉਹ ਵੀ ਦੇਸ਼ ਦੀਆਂ ਸਮੱਸਿਆਵਾਂ ਨਾਲ ਉਨੇ ਹੀ ਪੀੜਿਤ ਹਨ ਜਿੰਨੇ ਘੱਟ-ਗਿਣਤੀ ਲੋਕ ਪੀੜਤ ਹਨ।

ਧਰਮ, ਜਾਤ-ਪਾਤ ਦਾ ਹਥਿਆਰ ਵਰਤ ਕੇ ਦੇਸ਼ ਵਿਚ ਅਸਹਿਣਸ਼ੀਲਤਾ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ਹਿੰਦੂ ਵਿਰੋਧੀ ਗਰਦਾਨਿਆ ਜਾ ਰਿਹਾ ਹੈ। ਵਿਕਾਊ ਮੀਡੀਆ ਭੜਕਾਊ ਪ੍ਰਚਾਰ ਕਰ ਕੇ ਦੇਸ਼ ਵਿਚ ਅਫਰਾ-ਤਫਰੀ ਦਾ ਮਾਹੌਲ ਪੈਦਾ ਕਰ ਰਿਹਾ ਹੈ। ਜਦ ਸਰਕਾਰ ਲੋਕਤੰਤਰ ਦੇ ਸਾਰੇ ਥੰਮ੍ਹ ਹਿਲਾ ਦੇਵੇ ਅਤੇ ਰਾਸ਼ਟਰਵਾਦ ਦੇ ਨਾਂ 'ਤੇ ਦੇਸ਼ ਵਿਚ ਫਿਰਕੂ ਮਾਹੌਲ ਪੈਦਾ ਕਰੀ ਜਾਵੇ ਤਾਂ ਲੋਕਾਂ ਨੂੰ ਲਾਮਬੰਦ ਹੋ ਕੇ ਇਸ ਦਾ ਮੁਕਾਬਲਾ ਕਰਨਾ ਪਵੇਗਾ। ਪਿਛਲੇ ਦਸ ਸਾਲਾਂ ਦੇ ਘਟਨਾਕ੍ਰਮ ਤੋਂ ਏਹੀ ਕਿਹਾ ਜਾ ਸਕਦਾ ਹੈ ਕਿ ਇਹ ਤਾਨਾਸ਼ਾਹੀ ਰੁਝਾਨ ਭਾਰਤੀ ਲੋਕਤੰਤਰ ਲਈ ਖਤਰੇ ਦੀ ਘੰਟੀ ਹੈ।

ਨਸ਼ਿਆਂ ਖ਼ਿਲਾਫ ਆਵਾਜ਼ ਬੁਲੰਦ ਕਰਨ ਵਾਲਾ 'ਗੁਰਜੋਤ ਕਲੇਰ'

ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਗੁਰਜੋਤ ਕਲੇਰ ਕਿਸੇ ਰਸਮੀ ਜਾਣ-ਪਹਿਚਾਣ ਦੇ ਮੁਥਾਜ ਨਹੀਂ ਰਹੇ। ਪੰਜਾਬ ਦੇ ਸੀਨੀਅਰ ਪੁਲਿਸ ਅਧਿਕਾਰੀ, ਲੇਖਕ, ਪਰਬਤਾਰੋਹੀ ਤੇ ਸਮਾਜ ਸੇਵੀ ਗੁਰਜੋਤ ਕਲੇਰ ਹੁਣ ਬਤੌਰ ਗਾਇਕ ਵੀ ਆਪਣੀ ਕਲਾ ਦਾ ਮੁਜ਼ਾਹਰਾ ਕਰ ਰਹੇ ਹਨ। ਉਨ੍ਹਾਂ ਨੇ ਗਾਇਕੀ ਦਾ ਪੱਲਾ ਪੇਸ਼ੇਵਰ ਗਾਇਕ ਵਜੋਂ ਨਹੀਂ ਬਲਕਿ ਸਮਾਜ ਵਿਚਲੀਆਂ ਅਲਾਮਤਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਫੜਿਆ ਹੈ।

ਕੁਝ ਦਿਨ ਪਹਿਲਾਂ ਆਇਆ ਉਨ੍ਹਾਂ ਦਾ ਗੀਤ "ਦਿ ਐਂਟੀ ਡਰੱਗ ਐਂਥਮ" ਹਰ ਪਾਸੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਗੀਤ ਵਿਚ ਉਨ੍ਹਾਂ ਦਾ ਸਾਥ ਕਰਮਜੀਤ ਅਨਮੋਲ ਨੇ ਦਿੱਤਾ ਹੈ। ਰਾਜ ਫਤਿਹਪੁਰੀਆ ਤੇ ਮਨ ਮਨਦੀਪ ਵੱਲੋਂ ਲਿਖੇ ਇਸ ਨਸ਼ਾ ਵਿਰੋਧੀ ਗੀਤ ਨੂੰ ਅਦਬੀ ਹਲਕਿਆਂ ਵਿਚ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਗੁਰਜੋਤ ਕਲੇਰ ਮੁਤਾਬਕ ਸੰਗੀਤ ਤੇ ਸਿਨੇਮਾ ਅਜਿਹਾ ਸਾਧਨ ਹਨ ਜਿਨ੍ਹਾਂ ਜ਼ਰੀਏ ਕੋਈ ਵੀ ਵੱਡੀ ਤੋਂ ਵੱਡੀ ਗੱਲ ਆਸਾਨੀ ਨਾਲ ਲੋਕਾਂ ਤੱਕ ਪਹੁੰਚਾਈ ਜਾ ਸਕਦੀ ਹੈ। ਇਸ ਲਈ ਉਨ੍ਹਾਂ ਨਸ਼ਿਆਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਸੰਗੀਤ ਦਾ ਇਹ ਰਾਹ ਚੁਣਿਆ ਹੈ। ਗੀਤ ਦੇ ਵੀਡੀਓਜ਼ ਵਿਚ ਵੀ ਉਚੇਚੇ ਤੌਰ 'ਤੇ ਇਹੀ ਦਿਖਾਇਆ ਗਿਆ ਹੈ ਕਿ ਨਸ਼ੇ ਦੀ ਦਲਦਲ ਵਿਚ ਨੌਜਵਾਨਾਂ ਦੀ ਹਾਲਤ ਕੀ ਹੁੰਦੀ ਹੈ?

ਗੁਰਜੋਤ ਕਲੇਰ ਮੁਤਾਬਕ ਸਮਾਜ ਵਿਚ ਵਿਚਰਦਿਆਂ ਉਨ੍ਹਾਂ ਨੂੰ ਨਸ਼ਿਆਂ ਬਾਬਤ ਬਹੁਤ ਕੁਝ

ਸੁਣਨ, ਦੇਖਣ ਨੂੰ ਮਿਲਦਾ ਹੈ। ਉਹ ਹਮੇਸ਼ਾ ਇਸ ਨੂੰ ਲੈ ਕੇ ਫ਼ਿਰਕਮੰਦ ਰਹਿੰਦੇ ਹਨ। ਉਹ ਆਪਣੇ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਕਾਫੀ ਸਮੇਂ ਤੋਂ ਕੰਮ ਵੀ ਕਰ ਰਹੇ ਹਨ। ਹੁਣ ਉਨ੍ਹਾਂ ਨਸ਼ਿਆਂ ਖ਼ਿਲਾਫ਼ ਆਪਣੀ ਲੜਾਈ ਹੋਰ ਤੇਜ਼ ਕੀਤੀ ਹੈ। ਇਹ ਗੀਤ ਉਸੇ ਮੁਹਿੰਮ ਦਾ ਹਿੱਸਾ ਹੈ। ਇਸ ਗੀਤ ਨੂੰ ਦੇਖਣ, ਸੁਣਨ ਤੋਂ ਬਾਅਦ ਜੇ ਕੁਝ ਨੌਜਵਾਨਾਂ ਨੇ ਵੀ ਆਪਣੀ ਜ਼ਿੰਦਗੀ ਦਾ ਆਤਮ ਚਿੰਤਨ ਕਰ ਲਿਆ ਤਾਂ ਉਨ੍ਹਾਂ ਦਾ ਇਹ ਗੀਤ ਬਣਾਉਣਾ ਸਫ਼ਲ ਹੋ ਜਾਵੇਗਾ। 'ਵਾਈਟ ਹਿੱਲ ਮਿਊਜ਼ਿਕ' ਵੱਲੋਂ ਰਿਲੀਜ਼ ਕੀਤੇ ਗਏ ਇਸ ਗੀਤ ਨੂੰ ਵੱਖ-ਵੱਖ ਮਾਧਿਅਮਾਂ ਜ਼ਰੀਏ ਹਰ ਨੌਜਵਾਨ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਕਿਸੇ ਪੁਲਿਸ ਅਫ਼ਸਰ ਵੱਲੋਂ ਸਮਾਜ ਪ੍ਰਤੀ ਅਜਿਹੀ ਭੂਮਿਕਾ ਨਿਭਾਉਣਾ ਪ੍ਰਸ਼ੰਸਾਯੋਗ ਹੈ। ਗੁਰਜੋਤ ਕਲੇਰ ਦੀ ਕਿਤਾਬ "ਨਿਊ ਇੰਡੀਆ, ਰਿਆਲਟੀ ਰੀਲੋਡਡ" ਵੀ ਅਜੋਕੀ ਸੂਚਨਾ ਕਾਂਤੀ ਤੇ ਸਾਈਬਰ ਕ੍ਰਾਈਮ ਪ੍ਰਤੀ ਜਾਗਰੂਕ ਕਰਦੀ ਹੈ। ਚੰਡੀਗੜ੍ਹ ਦੇ ਜੰਮਪਲ ਗੁਰਜੋਤ ਕਲੇਰ ਆਪਣੀਆਂ ਸ਼ਾਨਦਾਰ ਸੇਵਾਵਾਂ ਬਦਲੇ ਮੁੱਖ ਮੰਤਰੀ ਮੈਡਲ ਸਮੇਤ ਦਰਜਨਾਂ ਐਵਾਰਡ ਤੇ ਪ੍ਰਸ਼ੰਸਾ ਪੱਤਰ ਹਾਸਲ ਕਰ ਚੁੱਕੇ ਹਨ। ਇਸ ਨੌਜਵਾਨ ਪੁਲਿਸ ਅਫਸਰ ਦੀ ਪੰਜਾਬ, ਪੰਜਾਬੀਅਤ ਤੇ ਨੌਜਵਾਨਾਂ ਪ੍ਰਤੀ ਸਮਰਪਣ ਦੀ ਭਾਵਨਾ ਸਭ ਲਈ ਪ੍ਰੇਰਣਾਦਾਇਕ ਹੈ।

-ਸੁਰਜੀਤ ਜੱਸਲ
ਫੋਨ: 98146-07737

ਪੰਜਾਬ ਦੀ ਉੱਚ-ਸਿੱਖਿਆ ਡੁੱਬਣ ਕਿਨਾਰੇ

ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਤਰਸਯੋਗ ਆਰਥਿਕ ਹਾਲਤ, ਪੱਕੇ ਅਧਿਆਪਕਾਂ ਦੀ ਬਹੁਤ ਜ਼ਿਆਦਾ ਘਾਟ, ਇਨ੍ਹਾਂ ਵਿਚ ਡਿੱਗ ਰਹੇ ਸਿੱਖਿਆ ਦੇ ਮਿਆਰ ਅਤੇ ਸਰਕਾਰਾਂ ਵੱਲੋਂ ਇਨ੍ਹਾਂ ਅਦਾਰਿਆਂ ਨੂੰ ਨਜ਼ਰ-ਅੰਦਾਜ਼ ਕਰਨ ਤੋਂ ਅਸੀਂ ਸਾਰੇ ਵਾਕਫ਼ ਹਾਂ। ਇਸ ਗਿਰਾਵਟ ਦੇ ਕੁਝ ਕਾਰਨ ਇਸ ਲੇਖ ਵਿਚ ਦੱਸੇ ਗਏ ਹਨ।

ਪ੍ਰੋ. ਡਾ. ਜੈ ਰੂਪ ਸਿੰਘ
ਫੋਨ: +91-98769-55155

ਯੂ.ਜੀ.ਸੀ. ਦੇ ਰਿਕਾਰਡ ਮੁਤਾਬਕ, ਪੰਜਾਬ ਵਿਚ ਪਹਿਲਾ ਕਾਲਜ, ਰਣਧੀਰ ਕਾਲਜ 1856 ਵਿਚ ਕਪੂਰਥਲੇ ਵਿਚ ਬਣਿਆ ਸੀ। ਹੁਣ ਇਸ ਦਾ ਨਾਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਹੈ। ਆਜ਼ਾਦੀ ਵੇਲੇ ਸਮੁੱਚੇ ਪੰਜਾਬ ਵਿਚ ਸਿਰਫ਼ ਇਕ ਯੂਨੀਵਰਸਿਟੀ ਸੀ ਤੇ 1947 ਤਕ ਅਣਵੰਡੇ ਪੰਜਾਬ ਵਿਚ 37 ਕਾਲਜ ਸਨ। ਹੁਣ 31 ਮਾਰਚ 2023 ਨੂੰ ਅੱਜ ਵਾਲੇ ਪੰਜਾਬ ਵਿਚ 35 ਯੂਨੀਵਰਸਿਟੀਆਂ ਹਨ। ਇਨ੍ਹਾਂ ਵਿਚੋਂ ਇਕ ਕੇਂਦਰੀ ਯੂਨੀਵਰਸਿਟੀ, 14 ਸਰਕਾਰੀ ਯੂਨੀਵਰਸਿਟੀਆਂ, 18 ਨਿੱਜੀ ਯੂਨੀਵਰਸਿਟੀਆਂ ਤੇ ਦੋ ਡੀਮਡ ਯੂਨੀਵਰਸਿਟੀਆਂ। ਸਰਕਾਰੀ ਅੰਕੜਿਆਂ ਮੁਤਾਬਕ ਸੰਨ 2021 ਵਿਚ ਪੰਜਾਬ ਵਿਚ 1039 ਕਾਲਜ ਸਨ। ਪੰਜਾਬ ਵਿਚ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਵਾਧਾ ਕਿਵੇਂ ਤੇ ਕਦੋਂ ਹੋਇਆ ਇਹ ਪੰਜਾਬ ਸਰਕਾਰ ਦੇ ਇਸ ਸਾਲ (2023-24) ਦੇ ਬਜਟ ਵਿਚ ਦਿੱਤੇ ਹੇਠ ਦਰਸਾਈ ਸਾਰਣੀ ਤੋਂ ਜ਼ਾਹਰ ਹੋ ਜਾਂਦਾ ਹੈ।

ਸਾਲ	ਯੂਨੀਵਰਸਿਟੀਆਂ	ਆਰਟ ਤੇ ਸਾਇੰਸ ਕਾਲਜ	ਇੰਜੀਨੀਅਰਿੰਗ ਕਾਲਜ	ਮੈਡੀਕਲ ਕਾਲਜ	ਬੀ.ਐੱਡ. ਕਾਲਜ
1980	3	162	3	5	18
1990	3	171	3	5	18
2000	5	204	16	6	22
2010	6	234	84	8	
2020	32	474	103	5	157

ਇਸ ਸਾਰਣੀ 'ਤੇ ਨਜ਼ਰ ਮਾਰਿਆਂ ਕਾਫ਼ੀ ਹੱਦ ਤਕ ਇਹ ਸਮਝ ਆ ਜਾਂਦੀ ਹੈ ਕਿ ਪਿਛਲੇ 10-15 ਸਾਲਾਂ ਦੌਰਾਨ ਪੰਜਾਬ ਦੀ ਪੜ੍ਹਾਈ ਵਿਚ ਮਿਆਰੀ ਗਿਰਾਵਟ ਕਿਉਂ ਆਈ ਹੈ। ਬਿਨਾਂ ਯੋਗ-ਅਧਿਆਪਕਾਂ ਦੀ ਹੋਂਦ ਤੋਂ, ਬਿਨਾਂ ਯੋਗ ਸਹੂਲਤਾਂ ਤੋਂ, ਬਿਨਾਂ ਲੋੜੀਂਦੇ ਸਾਜ-ਸਾਮਾਨ ਤੋਂ ਤੇ ਬਿਨਾਂ ਲੋੜ ਤੋਂ ਸਿਰਫ਼ ਸਿਆਸੀ ਲਾਭ ਲੈਣ ਲਈ ਤੇ ਨਿੱਜੀ ਸੰਸਥਾਵਾਂ ਨੂੰ, ਅੰਞਾਣ ਤੇ ਅਭੋਲ ਵਿਦਿਆਰਥੀਆਂ ਨੂੰ ਲੁੱਟਣ ਦੀ ਖੁੱਲ੍ਹ ਦੇਣ ਲਈ ਧੜਾ-ਧੜ ਕਾਲਜ ਤੇ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ। ਜੇ ਇਕੱਲੇ-ਇਕੱਲੇ ਸਾਲ ਦਾ ਖ਼ਾਸ ਕਰ 2000 ਤੋਂ 2022 ਤਕ ਦੇ ਅੰਕੜਿਆਂ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਖੁੱਲ੍ਹ ਕੇ ਸਾਹਮਣੇ ਆ ਜਾਵੇਗਾ ਕਿ ਪੰਜਾਬ ਦੀ ਉੱਚ-ਵਿੱਦਿਆ ਦੇ ਪੱਧਰ ਨੂੰ ਡੇਗਣ ਲਈ ਕਿਨ੍ਹਾਂ ਸਿਆਸੀ ਪਾਰਟੀਆਂ ਨੇ ਵਧੇਰੇ ਯੋਗਦਾਨ ਪਾਇਆ ਹੈ।

ਇੰਡੀਅਨ ਐਕਸਪ੍ਰੈਸ ਵਿਚ 26 ਅਕਤੂਬਰ 2023 ਨੂੰ ਛਪੀ ਖ਼ਬਰ ਮੁਤਾਬਕ ਪੰਜਾਬ ਵਿਚ 64 ਆਮ ਸਰਕਾਰੀ ਕਾਲਜ ਹਨ ਜਿਨ੍ਹਾਂ ਵਿਚ ਅਧਿਆਪਕਾਂ ਦੀਆਂ 2353 ਮਨਜ਼ੂਰਸ਼ੁਦਾ ਅਸਾਮੀਆਂ ਹਨ। ਇਨ੍ਹਾਂ ਵਿਚੋਂ ਸਿਰਫ਼ 250 ਦੇ ਕਰੀਬ ਅਧਿਆਪਕ ਪੂਰੀ ਤਨਖ਼ਾਹ ਵਾਲੇ ਹਨ। ਨਿੱਜੀ ਅਦਾਰਿਆਂ ਵਾਲੇ ਕਾਲਜਾਂ ਵਿਚ ਕੀ ਅਵਸਥਾ ਹੋਵੇਗੀ ਉਸ ਬਾਰੇ ਇਸੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪੜ੍ਹਨ ਵਾਲੇ ਕਿੰਨਾ ਕੁ ਗਿਆਨ ਹਾਸਲ ਕਰ ਕੇ ਨਿਕਲਣਗੇ ਯੂਨੀਵਰਸਿਟੀਆਂ ਦਾ ਹਾਲ ਵੀ ਅਜਿਹਾ ਹੀ ਹੈ।

ਘਟੀਆ ਮਿਆਰ ਵਾਲੇ ਬਿਨਾਂ ਯੋਗ ਸਹੂਲਤਾਂ ਤੇ ਬਿਨਾਂ ਯੋਗ ਅਧਿਆਪਕਾਂ ਤੋਂ ਅੰਧਾ-ਧੁੰਦ ਖੋਲ੍ਹੇ ਗਏ ਕਾਲਜਾਂ ਦਾ ਇਕ ਨਤੀਜਾ ਇਹ ਵੀ ਹੋਇਆ ਕਿ ਕਈ ਕਾਲਜ, ਖ਼ਾਸ ਕਰਕੇ ਇੰਜੀਨੀਅਰਿੰਗ ਤੇ ਬੀ.ਐੱਡ., ਘੱਟ ਬੱਚੇ ਹੋਣ ਕਰਕੇ ਬੰਦ ਹੋਣ ਦੀ ਕਗਾਰ 'ਤੇ ਵੀ ਪਹੁੰਚ ਗਏ। ਹਿੰਦੁਸਤਾਨ ਟਾਈਮਜ਼ ਅਖ਼ਬਾਰ ਦੀ 21 ਜਨਵਰੀ 2021 ਦੀ ਰਿਪੋਰਟ ਮੁਤਾਬਕ ਸੰਨ 2020-21 ਵਿਚ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕਾਲਜਾਂ ਵਿਚ 46 ਫ਼ੀਸਦੀ ਸੀਟਾਂ ਖ਼ਾਲੀ ਸਨ। 7 ਅਕਤੂਬਰ 2023 ਦੀ ਟ੍ਰਿਬਿਊਨ ਅਖ਼ਬਾਰ ਮੁਤਾਬਕ 2022 ਵਿਚ ਪੰਜਾਬ ਦੇ ਟੈਕਨੀਕਲ ਕਾਲਜਾਂ ਵਿਚ 45 ਫ਼ੀਸਦੀ ਸੀਟਾਂ ਖ਼ਾਲੀ ਰਹੀਆਂ ਤੇ ਸੰਨ 2023 ਵਿਚ 55 ਫ਼ੀਸਦੀ ਸੀਟਾਂ ਖ਼ਾਲੀ ਹਨ। ਜਿਹੜੀਆਂ ਭਰੀਆਂ ਵੀ ਗਈਆਂ ਹਨ, ਉਨ੍ਹਾਂ ਵਿਚ ਸਿਰਫ਼ 25 ਫ਼ੀਸਦੀ ਬੱਚੇ ਪੰਜਾਬ ਤੋਂ ਹਨ।

24 ਸਤੰਬਰ 2019 ਦੀ 'ਹਿੰਦੁਸਤਾਨ ਟਾਈਮਜ਼' ਦੇ ਅਨੁਸਾਰ ਉਸ ਸਾਲ ਪੰਜਾਬ ਵਿਚ ਬੀ.ਐੱਡ. ਦੀਆਂ 21,000 ਸੀਟਾਂ ਵਿਚੋਂ 9000 ਸੀਟਾਂ (43 ਫ਼ੀਸਦੀ) ਖ਼ਾਲੀ ਰਹੀਆਂ। 'ਟਾਈਮਜ਼ ਆਫ ਇੰਡੀਆ' (20 ਜਨਵਰੀ 2021) ਮੁਤਾਬਕ 2021 ਵਿਚ ਬੀ.ਐੱਡ. ਦੀਆਂ 21,088 ਸੀਟਾਂ ਵਿਚੋਂ ਸਿਰਫ਼ 11,113 ਸੀਟਾਂ ਭਰੀਆਂ ਗਈਆਂ ਤੇ 47.3 ਫ਼ੀਸਦੀ ਖ਼ਾਲੀ ਰਹੀਆਂ। 2022-23 ਦੇ ਢੁਕਵੇਂ ਅੰਕੜੇ ਨਹੀਂ ਮਿਲੇ ਪਰ ਉਹ ਇਨ੍ਹਾਂ ਤੋਂ ਬਦਤਰ ਹੀ ਹੋਣਗੇ। ਨਰਸਿੰਗ ਕਾਲਜਾਂ ਦਾ ਵੀ ਅਜਿਹਾ ਹਾਲ ਹੈ। 2019 ਵਿਚ 'ਟ੍ਰਿਬਿਊਨ' ਦੀ 2 ਜਨਵਰੀ ਦੀ ਰਿਪੋਰਟ ਮੁਤਾਬਕ ਪੰਜਾਬ ਦੇ 109 ਨਰਸਿੰਗ ਕਾਲਜਾਂ ਵਿਚ 5700 ਸੀਟਾਂ ਖ਼ਾਲੀ ਰਹੀਆਂ। 'ਟਾਈਮਜ਼ ਆਫ ਇੰਡੀਆ' ਦੀ 3 ਅਕਤੂਬਰ 2023 ਦੀ ਖ਼ਬਰ ਮੁਤਾਬਕ ਪੰਜਾਬ ਦੇ ਨਰਸਿੰਗ ਕਾਲਜਾਂ ਵਿਚ 40 ਫ਼ੀਸਦੀ ਸੀਟਾਂ ਲਈ ਵਿਦਿਆਰਥੀ ਨਹੀਂ ਹਨ।

ਇਹ ਉੱਚ-ਸਿੱਖਿਆ ਦੀ ਦੁਰਗਤੀ ਸਿਰਫ਼ ਇੰਜੀਨੀਅਰਿੰਗ, ਬੀ.ਐੱਡ., ਫਾਰਮੇਸੀ ਤੇ ਨਰਸਿੰਗ ਕਾਲਜਾਂ ਦੀ ਨਹੀਂ ਬਲਕਿ ਡਾਕਟਰੀ ਦੀ ਵਿਸ਼ੇਸ਼ਗਤਾ-ਸਿੱਖਿਆ ਦਾ ਵੀ ਅਜਿਹਾ ਹਾਲ ਹੀ ਹੈ। 13 ਜਨਵਰੀ 2023 ਦੀ 'ਹਿੰਦੁਸਤਾਨ ਟਾਈਮਜ਼' ਵਿਚ ਛਪੀ ਖ਼ਬਰ ਅਨੁਸਾਰ ਪੰਜਾਬ ਵਿਚ ਐੱਮ.ਡੀ. ਐੱਮ.ਐੱਸ ਵਿਚ ਦਾਖ਼ਲਾ-ਟੈਸਟ ਵਿਚੋਂ ਪਾਸ ਹੋਣ ਲਈ ਘੱਟੋ-ਘੱਟ ਨੰਬਰ ਲੈਣ ਦੀ ਪੱਧਰ ਨੂੰ ਦੋ ਵਾਰ ਘਟਾਉਣ ਤੋਂ ਬਾਅਦ ਵੀ 80 ਸੀਟਾਂ ਖ਼ਾਲੀ ਰਹਿ ਗਈਆਂ। ਬਾਕੀ ਦੇ ਮੁਲਕ ਵਾਂਗ, ਇਨ੍ਹਾਂ ਵਿਸ਼ੇਸ਼ਗਤਾ ਕੋਰਸਾਂ ਵਿਚ 'ਜ਼ੀਰੋ ਪ੍ਰਤੀਸ਼ਤ' ਨੰਬਰ ਹਾਸਲ ਕੀਤੇ ਸਨ ਉਹ ਵੀ ਦਾਖ਼ਲੇ ਦੇ ਕਾਬਲ ਕਰਾਰ ਕਰ ਦਿੱਤੇ ਗਏ। ਇਸ ਤੋਂ ਬਾਅਦ ਵੀ, ਟ੍ਰਿਬਿਊਨ ਅਖਬਾਰ ਦੀ 5 ਨਵੰਬਰ 2023 ਦੀ ਖ਼ਬਰ ਅਨੁਸਾਰ 70 ਸੀਟਾਂ ਫੇਰ ਵੀ ਖ਼ਾਲੀ ਰਹਿ ਗਈਆਂ। ਇਨ੍ਹਾਂ ਤੋਂ ਇਲਾਵਾ ਪੰਜਾਬ ਵਿਚ 228 ਸੀਟਾਂ ਬੀ.ਡੀ.ਐੱਸ. ਦੀਆਂ ਵੀ ਖ਼ਾਲੀ ਰਹੀਆਂ (ਟ੍ਰਿਬਿਊਨ, 16 ਨਵੰਬਰ 2023)।

ਉਚੇਰੀ-ਸਿੱਖਿਆ ਨੂੰ ਉੱਚਾ ਕਰਨ ਦੇ ਯਤਨ ਤੇ ਪੰਜਾਬ

ਭਾਰਤ ਵਿਚ ਉਚੇਰੀ ਸਿੱਖਿਆ ਦੇ ਮਿਆਰ ਨੂੰ ਉੱਪਰ ਚੁੱਕਣ ਲਈ, ਸਿੱਖਿਆ ਸੰਸਥਾਵਾਂ ਵਿਚ ਚੰਗੀ ਪੜ੍ਹਾਈ ਤੇ ਵਧੀਆ ਖੋਜ ਵਾਸਤੇ ਸਹੂਲਤਾਂ ਮੁਹੱਈਆ ਕਰਵਾਉਣ ਲਈ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੇਂਦਰੀ ਸਰਕਾਰ ਤੇ ਸੂਬਾਈ ਸਰਕਾਰਾਂ ਵੱਲੋਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਅਤੇ ਕਈ ਯਤਨ ਕੀਤੇ ਗਏ। ਇਨ੍ਹਾਂ ਸਾਰੀਆਂ ਬਾਰੇ ਇਸ ਲੇਖ ਵਿਚ ਜ਼ਿਕਰ ਨਹੀਂ ਹੈ। ਸਿਰਫ਼ ਪਿਛਲੇ ਦਸ ਸਾਲਾਂ ਵਿਚ ਕੀਤੇ ਗਏ ਦੋ-ਤਿੰਨ ਸਿਰਕੱਢ ਯਤਨਾਂ ਬਾਰੇ ਤੇ ਉਨ੍ਹਾਂ ਦੇ ਮਿਆਰੀ ਪ੍ਰਮੁੱਖ ਨਤੀਜਿਆਂ ਬਾਰੇ ਨਜ਼ਰ ਪਾਵਾਂਗੇ। ਇਨ੍ਹਾਂ ਵਿੱਚੋਂ ਇਕ ਵਿਉਂਤ ਸੀ ਵਿਦੇਸ਼ੀ ਯੂਨੀਵਰਸਿਟੀਆਂ ਦਾ ਭਾਰਤ ਵਿਚ ਨਿਵੇਸ਼ ਨੂੰ ਆਸਾਨ ਬਣਾਉਣਾ ਤੇ ਇਸ ਲਈ ਅਨੇਕਾਂ ਤਰ੍ਹਾਂ ਦੀਆਂ ਵਿਸ਼ੇਸ਼ ਸਹੂਲਤਾਂ ਦੇਣਾ। ਇਸ ਬਾਰੇ ਵਿਸਥਾਰ ਨਾਲ ਪਹਿਲਾਂ ਇਕ-ਦੋ ਲੇਖਾਂ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ। (ਅੰਗਰੇਜ਼ੀ ਟ੍ਰਿਬਿਊਨ: 19.12.2022; ਪੰਜਾਬੀ ਜਾਗਰਣ: 29.1.2023)। ਸੋ ਇੱਥੇ ਬਾਕੀ ਦੀਆਂ ਸਕੀਮਾਂ ਬਾਰੇ ਵਿਚਾਰ ਕਰਾਂਗੇ।

ਉਚੇਰੀ ਸਿੱਖਿਆ ਨੂੰ ਉੱਚਾ ਕਰਨ ਦੇ ਯਤਨਾਂ ਹੇਠ ਕੇਂਦਰੀ ਸਰਕਾਰ ਵੱਲੋਂ 2013 ਵਿਚ ਇਕ ਸਕੀਮ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਨਾਂ ਸੀ 'ਰੂਸਾ' 'ਰਾਸ਼ਟਰੀ ਉਚੇਰੀ ਸਿੱਖਿਆ ਅਭਿਆਨ'। ਇਹ ਬਹੁਤ ਵਧੀਆ ਯਤਨ ਸੀ ਜਿਸ ਹੇਠਾਂ ਸੂਬਿਆਂ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਦੇ ਅਕਾਦਮਿਕ ਪੱਧਰ ਉੱਚਾ ਕਰਨ ਲਈ, ਵਿਦਿਆਰਥੀਆਂ ਲਈ ਮਿਆਰੀ ਪੜ੍ਹਾਈ, ਖੇਡਾਂ ਤੇ ਪ੍ਰਯੋਗਸ਼ਾਲਾਵਾਂ ਲਈ ਵਧੀਆ ਸਹੂਲਤਾਂ ਦੇਣ ਲਈ ਅਤੇ ਸੰਸਥਾਵਾਂ ਦੀਆਂ ਪੜ੍ਹਾਈ ਸਬੰਧੀ ਸਭ ਸਹੂਲਤਾਂ ਲਈ, ਵਿੱਤੀ ਸਹਾਇਤਾ ਦੇਣ ਵਾਸਤੇ ਯੋਗ ਅਰਥ ਵਿਵਸਥਾ ਕੀਤੀ ਗਈ ਸੀ। ਸਿੱਖਿਆ ਖੇਤਰ ਵਿਚਲੇ ਵਿੱਤੀ ਵਾਧੇ ਅਫਸਰਾਂ ਦੀਆਂ ਨਜ਼ਰਾਂ ਤੋਂ ਕਿਵੇਂ ਓਹਲੇ ਰਹਿ ਸਕਦੇ ਸਨ। ਸੋ 'ਰੂਸਾ' ਦਾ ਕੰਟਰੋਲ ਯੂ.ਜੀ.ਸੀ. ਤੇ ਹੋਰ ਅਕਾਦਮਿਕ ਸੰਸਥਾਵਾਂ ਕੋਲੋਂ ਨਿਕਲ ਕੇ ਬਾਕੀ ਸਰਕਾਰੀ ਮਹਿਕਮਿਆਂ ਵਾਂਗ ਅਫ਼ਸਰਸ਼ਾਹੀ ਦੇ ਹਦੂਦ ਅੰਦਰ ਆ ਗਿਆ। ਅਫ਼ਸਰਸ਼ਾਹੀ ਭਾਰੀ ਹੋ ਗਈ ਤੇ ਵਿੱਦਿਆ ਵਿਚਾਰੀ ਬੇਚਾਰੀ ਹੋ ਗਈ।

ਉੱਚ-ਸਿੱਖਿਆ ਸੰਸਥਾਵਾਂ ਨੂੰ ਕੇਂਦਰ ਸਰਕਾਰ ਵੱਲੋਂ ਮਿਲਣ ਵਾਲੀ ਵਿੱਤੀ ਸਹਾਇਤਾ ਨੂੰ 'ਰੂਸਾ' ਦੇ ਮਾਰਫ਼ਤ ਮਾਧਿਅਮ ਬਣਾ ਦਿੱਤਾ ਗਿਆ। ਇਸ ਤਰੀਕੇ ਕੇਂਦਰ ਸਰਕਾਰ ਨੇ ਸਿੱਧੇ-ਅਸਿੱਧੇ ਤੌਰ 'ਤੇ ਉੱਚ-ਵਿੱਦਿਆ ਦੇ ਖੇਤਰ ਉੱਪਰ ਆਪਣਾ ਕਬਜ਼ਾ ਹੋਰ ਪੱਕਾ ਕਰ ਲਿਆ। 'ਰੂਸਾ' ਹੇਠ ਸੂਬਿਆਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਉੱਪਰ ਇਹ ਸ਼ਰਤ ਲਗਦੀ ਸੀ ਕਿ ਸੂਬਾ ਸਰਕਾਰਾਂ (ਕੁਝ ਸੂਬਿਆਂ ਨੂੰ ਛੱਡ ਕੇ ਬਾਕੀ ਸਾਰੀਆਂ) ਨੂੰ 40 ਫ਼ੀਸਦੀ ਹਿੱਸਾ ਆਪਣੇ ਵੱਲੋਂ ਯੋਗਦਾਨ ਵਾਂਗ ਦੇਣਾ ਪਵੇਗਾ। ਬਹੁਤੀਆਂ ਸੂਬਾਈ ਸਰਕਾਰਾਂ ਅਜਿਹੀ ਵਿੱਤੀ ਯੋਗਦਾਨ ਦੇਣ ਤੋਂ ਅਸਮਰੱਥ ਹੁੰਦੀਆਂ ਸਨ-ਸੋ ਉਸ ਸੂਬੇ ਦੇ ਵਿਦਿਅਕ ਅਦਾਰੇ ਕੇਂਦਰੀ ਵਿੱਤੀ ਸਹਾਇਤਾ ਤੋਂ ਵੀ ਵਾਂਝੇ ਰਹਿ ਜਾਂਦੇ ਸਨ।

'ਰੂਸਾ-1' ਤੋਂ ਬਾਅਦ ਸੰਨ 2018 ਤੋਂ 'ਰੂਸਾ-2' ਸ਼ੁਰੂ ਹੋ ਗਿਆ। ਸ਼ਰਤਾਂ ਤਕਰੀਬਨ ਪਹਿਲਾਂ ਵਾਲੀਆਂ ਹੀ ਹੋਣ ਕਰਕੇ ਇਸ ਦਾ ਹਸ਼ਰ ਵੀ 'ਰੂਸਾ-1' ਵਰਗਾ ਹੀ ਸੀ। 'ਰੂਸਾ-1' ਤੇ 'ਰੂਸਾ-2' ਅੰਦਰ ਅਸਲ ਅਖਤਿਆਰ ਤਾਂ ਭਾਵੇਂ ਕੇਂਦਰ ਸਰਕਾਰ ਕੋਲ ਸੀ ਪਰ ਸਿੱਧਾ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਨਹੀਂ ਸੀ। ਇਸ ਘਾਟ ਨੂੰ ਪੂਰਾ ਕਰਨ ਲਈ 2023 ਵਿਚ 'ਰੂਸਾ' ਨੂੰ ਨਵਾਂ ਜਾਮਾ ਪਹਿਨਾ ਦਿੱਤਾ ਗਿਆ ਤੇ ਇਹ 'ਰਾਸ਼ਟਰੀ ਉਚੇਰੀ ਸਿਖਿਆ ਅਭਿਆਨ' (ਰੂਸਾ) ਤੋਂ 'ਪ੍ਰਧਾਨ ਮੰਤਰੀ ਉਚੇਰੀ ਸਿੱਖਿਆ ਅਭਿਆਨ' (ਪੀ.ਐੱਮ.ਊਸ਼ਾ) ਬਣ ਗਈ।

'ਪੀ.ਐੱਮ. ਊਸ਼ਾ' ਹੇਠਾਂ ਵਿੱਦਿਆ ਨੂੰ ਵਧੀਆ ਬਣਾਉਣ ਲਈ 12,926 ਕਰੋੜ ਰੁਪਏ ਦੀ ਵਿਵਸਥਾ ਤਿੰਨ ਸਾਲਾਂ (2023-24, 24-25, 25-26) ਲਈ ਕੀਤੀ ਗਈ ਪਰ ਸਾਲ 2023-24 ਲਈ ਬਣਦੇ ਤੀਸਰੇ ਹਿੱਸੇ, ਤਕਰੀਬਨ 4309 ਕਰੋੜ ਰੁਪਏ ਦੀ ਥਾਂ ਸਿਰਫ਼ 1500 ਕਰੋੜ ਰੁਪਏ ਰੱਖੇ ਗਏ। ਇਹ ਪੁਰਾਣੀ 'ਰੂਸਾ' ਸਕੀਮ ਅੰਦਰ ਸਾਲ 2023-24 ਲਈ ਵਿੱਤੀ ਵਿਵਸਥਾ ਨਾਲੋਂ ਵੀ 542 ਕਰੋੜ ਰੁਪਏ ਘੱਟ ਹਨ। ਸੋ ਅਸਲੀਅਤ ਵਿਚ ਉਚੇਰੀ ਸਿੱਖਿਆ ਲਈ, ਇਸ ਸਕੀਮ ਅੰਦਰ, ਪੈਸੇ ਘਟਾ ਦਿੱਤੇ ਗਏ।

'ਪੀ.ਐੱਮ.ਊਸ਼ਾ' ਅਧੀਨ 35 ਯੂਨੀਵਰਸਿਟੀਆਂ ਨੂੰ 100-100 ਕਰੋੜ, 73 ਯੂਨੀਵਰਸਿਟੀਆਂ ਨੂੰ 20-20 ਕਰੋੜ, 401 ਕਾਲਜਾਂ ਨੂੰ 5-5 ਕਰੋੜ, 40 ਨਵੇਂ ਮਾਡਲ ਡਿਗਰੀ ਕਾਲਜਾਂ ਨੂੰ 15-15 ਕਰੋੜ ਰੁਪਏ ਦੇਣ ਦੀ ਤਜਵੀਜ਼ ਹੈ। ਕੁਝ ਸੂਬਿਆਂ ਨੂੰ ਛੱਡ ਕੇ ਬਾਕੀ ਸਾਰੇ ਸੂਬਿਆਂ ਵਿਚ ਜਿਸ ਨੇ ਵੀ ਇਸ ਸਕੀਮ ਅੰਦਰ ਪੈਸਾ ਲੈਣਾ ਹੈ, ਉਨ੍ਹਾਂ ਨੂੰ 'ਰੂਸਾ' ਸਕੀਮ ਵਾਂਗ ਹੀ, 40 ਫ਼ੀਸਦੀ ਹਿੱਸਾ ਆਪ ਪਾਉਣਾ ਪਵੇਗਾ। ਜਿਨ੍ਹਾਂ ਨੂੰ ਪੈਸਾ ਮਿਲੇਗਾ, ਉਨ੍ਹਾਂ ਦੀ ਸ਼ਾਸਕੀ ਨਿਗਰਾਨੀ ਕਰਨ ਲਈ ਕੇਂਦਰੀ ਪੱਧਰ ਉੱਪਰ ਚਾਰ ਸ਼ਾਸਨੀ ਕਮੇਟੀਆਂ ਹੋਣਗੀਆਂ, ਤਿੰਨ ਅਜਿਹੀਆਂ ਹੀ ਕਮੇਟੀਆਂ ਸੂਬਾਈ ਪੱਧਰ ਉੱਪਰ ਅਤੇ ਦੋ ਹੋਰ ਅਧਿਕਾਰੀ ਕਮੇਟੀਆਂ ਵਿਦਿਅਕ ਅਦਾਰੇ ਦੀ ਪੱਧਰ ਉੱਪਰ। ਜੋ ਅਫ਼ਸਰਸ਼ਾਹੀ ਦਾ ਬੋਲਬਾਲਾ ਹੋਵੇਗਾ ਤੇ ਕਾਗ਼ਜ਼ੀ ਕਾਰਵਾਈ ਦੀ ਬਹੁਤੀ ਮਹੱਤਤਾ ਹੋਵੇਗੀ।

ਇਨ੍ਹਾਂ ਨਿਗਰਾਨੀ ਕਮੇਟੀਆਂ ਤੋਂ ਇਲਾਵਾ, ਜਦੋਂ 'ਪੀ.ਐੱਮ.ਊਸ਼ਾ' ਦੀਆਂ ਸ਼ਰਤਾਂ ਦੀਆਂ ਵਿਵਸਥਾਵਾਂ ਨੂੰ ਵਿਸਥਾਰ ਨਾਲ ਵੇਖਿਆ ਜਾਵੇ ਤਾਂ ਕੁਝ ਰੋਚਕ, ਦਿਲਚਸਪ ਤੇ ਹੈਰਾਨ ਕਰਨ ਵਾਲੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ। ਸਕੀਮ ਦੇ ਅਖੀਰ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਦੇ ਪੈਸੇ ਕਿਨ੍ਹਾਂ-ਕਿਨ੍ਹਾਂ ਚੀਜ਼ਾਂ ਤੇ ਮੱਦਾਂ ਉੱਪਰ ਖ਼ਰਚ ਨਹੀਂ ਕੀਤੇ ਜਾ ਸਕਦੇ। ਇਹ ਹਨ :

1. ਤਨਖ਼ਾਹ, ਪੈਨਸ਼ਨ, ਆਦਿ ਦੇਣ ਲਈ;
2. ਵਿਦਿਆਰਥੀਆਂ ਦੇ ਵਜੀਫ਼ੇ, ਭੱਤਾ, ਜਾਂ ਕਿਸੇ ਕਿਸਮ ਦੀ ਮਾਲੀ ਸਹਾਇਤਾ ਦੇਣ ਲਈ;
3. ਕਿਸੇ ਵੀ ਪ੍ਰੋਜੈਕਟ ਦੇ ਆਵਰਤੀ ਨਾਂ-ਆਵਰਤੀ ਖ਼ਰਚਿਆਂ ਲਈ;
4. ਅਧਿਆਪਕਾਂ ਦੇ ਕਿਸੇ ਵੀ ਅਕਾਦਮਿਕ, ਖੋਜ ਨਾਲ ਸਬੰਧਤ ਸਫ਼ਰ ਉੱਪਰ;
5. ਕਾਲਜਾਂ ਦੇ ਸਾਲਾਨਾ ਦਿਵਸ ਜਾਂ ਕੋਈ ਹੋਰ ਕਾਲਜ ਦੇ ਉਤਸਵ ਮਨਾਉਣ ਲਈ ਕਿਸੇ ਤਰ੍ਹਾਂ ਦਾ ਵੀ ਖ਼ਰਚਾ।

ਸੋ ਤੁਸੀਂ 'ਪੀ.ਐੱਮ.ਊਸ਼ਾ' ਸਕੀਮ ਅਧੀਨ ਕਿਸੇ ਨੂੰ ਨੌਕਰੀ ਨਹੀਂ ਦੇ ਸਕਦੇ, ਅਧਿਆਪਕਾਂ ਦੀ ਕਿਸੇ ਤਰ੍ਹਾਂ ਦੀ ਖੋਜ ਜਾਂ ਵਿਦਿਅਤਾ ਨੂੰ ਉੱਨਤ ਕਰਨ ਲਈ ਸਹਾਈ ਨਹੀਂ ਹੋ ਸਕਦੇ, ਵਿਦਿਆਰਥੀਆਂ ਨੂੰ ਕਿਸੇ ਤਰ੍ਹਾਂ ਦੀ ਮਾਲੀ ਸਹਾਇਤਾ ਨਹੀਂ ਦੇ ਸਕਦੇ। ਬਾਕੀ ਮੇਰੀ ਸੋਚ ਮੁਤਾਬਕ ਸਿਰਫ਼ ਇਮਾਰਤਾਂ ਹੀ ਬਚੀਆਂ ਹਨ ਜਿਨ੍ਹਾਂ ਉੱਪਰ ਇਹ ਪੈਸੇ ਖ਼ਰਚ ਹੋ ਸਕਣਗੇ।

ਇਕ ਝਲਕ 'ਰੂਸਾ' ਹੇਠ ਹੋਏ ਖ਼ਰਚਿਆਂ ਉੱਪਰ, ਜੋ ਇਹ ਜ਼ਾਹਰ ਕਰਦੀ ਹੈ ਕਿ ਪੜ੍ਹਾਈ ਨੂੰ ਉੱਚ-ਪੱਧਰ ਉਪਰ ਲਿਜਾਣ ਲਈ ਅਸਲੀਅਤ ਵਿਚ ਕਿੰਨਾ ਖ਼ਰਚ ਹੋ ਰਿਹਾ ਹੈ। 2021-22 ਵਿਚ ਸਾਰੇ ਮੁਲਕ ਲਈ 'ਰੂਸਾ' ਹੇਠ 3000 ਕਰੋੜ ਰੁਪਏ ਰੱਖੇ ਗਏ ਸਨ-ਪਰ ਇਸ ਵਿਚ ਖ਼ਰਚਣ ਦੀ ਪ੍ਰਵਾਨਗੀ ਸਿਰਫ਼ 249 ਕਰੋੜ 14 ਲੱਖ ਰੁਪਏ ਦੀ ਦਿੱਤੀ ਗਈ -ਜੋ ਕੇਵਲ 8.3 ਫ਼ੀਸਦੀ ਬਣਦੀ ਹੈ। ਪੰਜਾਬ ਨੂੰ ਇਸ 'ਰੂਸਾ' ਸਕੀਮ ਤੋਂ ਪਿਛਲੇ ਕੁਝ ਸਾਲਾਂ ਵਿਚ ਕਿੰਨੀ ਵਿੱਤੀ ਸਹਾਇਤਾ ਮਿਲੀ ਹੈ, ਉਹ ਹੇਠ ਦਿੱਤੇ ਅੰਕੜਿਆਂ ਤੋਂ ਜ਼ਾਹਰ ਹੋ ਜਾਂਦੀ ਹੈ। ਇਹ ਅੰਕੜੇ 29 ਸਤੰਬਰ 2023 ਦੇ ਹਨ।

ਸਾਲ	ਵਿੱਤੀ ਸਹਾਇਤਾ ਪੰਜਾਬ ਨੂੰ
2019-20	22.75 ਕਰੋੜ
2020-21	ਕੁਝ ਨਹੀਂ
2021-22	14.64 ਕਰੋੜ
2022-23	ਕੁਝ ਨਹੀਂ (1 ਨਵੰਬਰ 2022 ਤੱਕ)

ਸੰਨ 2020-21 ਵਿਚ ਭਾਰਤ ਵਿਚ ਵਿੱਦਿਆ ਉੱਪਰ ਸਮੁੱਚਾ ਖਰਚਾ 8 ਲੱਖ 87 ਹਜ਼ਾਰ 563 ਕਰੋੜ ਹੋਇਆ ਸੀ। ਇਸ ਵਿੱਚੋਂ ਭਾਰਤ ਸਰਕਾਰ ਨੇ 2,19,516 ਕਰੋੜ ਖ਼ਰਚੇ ਤੇ ਸੂਬਿਆਂ ਅਤੇ ਯੂਨੀਅਨ ਟੈਰੀਟਰੀਆਂ ਨੇ 6,68,047 ਕਰੋੜ ਖ਼ਰਚੇ। ਜਿਸ ਦਾ ਮਤਲਬ ਹੈ ਕਿ ਕੇਂਦਰੀ ਸਰਕਾਰ ਨੇ ਸਿਰਫ਼ 24.27 ਫ਼ੀਸਦੀ ਖ਼ਰਚ ਕੀਤਾ ਤੇ ਬਾਕੀ ਸੂਬਿਆਂ ਨੇ 75.73 ਫ਼ੀਸਦੀ ਖ਼ਰਚ ਕੀਤਾ। ਚੌਥਾਈ ਹਿੱਸੇ ਤੋਂ ਵੀ ਘੱਟ ਖ਼ਰਚ ਕਰਨ ਵਾਲੀ ਕੇਂਦਰੀ ਸਰਕਾਰ, ਨਵੀਂ ਸਿੱਖਿਆ ਨੀਤੀ ਅਧੀਨ, ਵਿਦਿਆ ਖੇਤਰ ਉੱਪਰ ਸੌ ਫ਼ੀਸਦੀ ਕਬਜ਼ਾ ਕਰਨਾ ਚਾਹੁੰਦੀ ਹੈ। ਕੋਈ ਅਚੰਭੇ ਵਾਲੀ ਗੱਲ ਨਹੀਂ ਕਿ ਕੇਰਲ, ਤਾਮਿਲਨਾਡੂ ਤੇ ਪੱਛਮੀ ਬੰਗਾਲ ਨੇ ਨਵੀਂ ਸਿੱਖਿਆ ਨੀਤੀ 2020 ਦੇ ਸਮਝੌਤੇ ਉੱਪਰ ਦਸਤਖ਼ਤ ਨਹੀਂ ਕੀਤੇ ਹਨ। ਪੰਜਾਬ ਨੂੰ ਵੀ ਇਸ ਬਾਰੇ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ, ਆਪਣੇ ਹੱਥ ਵਢਾਉਣ ਤੋਂ ਪਹਿਲਾਂ।

-ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ

ਮਿੰਨੀ ਕਹਾਣੀ *ਆਨ-ਡਿਊਟੀ*

ਪਿਛਲੇ ਕਈ ਦਿਨਾਂ ਤੋਂ ਪੇਪਰਾਂ ਦੇ ਚੈਕਿੰਗ ਸੈਂਟਰ 'ਚ ਟੇਬਲ ਮਾਰਕਿੰਗ ਚੱਲ ਰਹੀ ਸੀ ਤੇ ਵੱਖ ਵੱਖ ਅਧਿਆਪਕ ਤੇ ਅਧਿਆਪਕਾਵਾਂ ਆਪੋ ਆਪਣੇ ਸਕੂਲਾਂ 'ਚੋਂ ਫਾਰਗ ਹੋ ਕੇ ਪੇਪਰਾਂ ਦੀ ਚੈਕਿੰਗ ਲਈ ਸੈਂਟਰ 'ਚ ਆਨ-ਡਿਊਟੀ ਸਨ। ਇਸੇ ਸਿਲਸਿਲੇ ਵਿਚ ਪਿਛਲੇ ਇੱਕ ਹਫਤੇ ਤੋਂ ਹਿੰਦੀ ਵਿਸ਼ੇ ਦੇ ਮੈਡਮ ਨੀਲਮ ਰਾਣੀ ਵੀ ਸੈਂਟਰ ਡਿਊਟੀ 'ਤੇ ਆ ਰਹੇ ਸਨ। ਅੱਜ ਇੱਕ ਹਫਤਾ ਲੰਘਣ ਉਪਰੰਤ ਉਨ੍ਹਾਂ ਨੇ ਆਪਣੇ ਨਾਂ 'ਤੇ ਇਸ਼ੂ ਹੋਇਆ ਪੇਪਰਾਂ ਦੇ ਬੈਗ ਦੀ ਚੈਕਿੰਗ ਦਾ ਕੰਮ ਮੁਕੰਮਲ ਕਰ ਲਿਆ ਸੀ। ਇਸ ਉਪਰੰਤ ਉਨ੍ਹਾਂ ਨੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਨੂੰ ਵੀ ਆਨ ਲਾਈਨ ਕਰ ਦਿੱਤਾ ਸੀ ਤੇ ਇਸ ਦੇ ਨਾਲ ਹੀ ਉਨ੍ਹਾਂ ਆਨ ਲਾਈਨ ਚੜ੍ਹਾਏ ਨੰਬਰਾਂ ਨਾਲ ਇੱਕ ਪੇਪਰਾਂ 'ਤੇ ਦਰਜ ਕੀਤੇ ਨੰਬਰਾਂ ਨਾਲ ਟੈਲੀ ਕੀਤਾ ਤੇ ਫਾਈਨਲ ਸਬਮੀਸ਼ਨ ਕਰਵਾਉਣ ਉਪਰੰਤ ਉਸ ਦਾ ਪ੍ਰਿੰਟ ਆਊਟ ਲੈ ਲਿਆ ਸੀ। ਇਸ ਪਰਚੇ 'ਤੇ ਦਸਤਖਤ ਕਰਨ ਉਪਰੰਤ ਇਸ ਪਰਚੇ ਤੇ ਪੇਪਰਾਂ ਵਾਲੇ ਬੈਗ ਨੂੰ ਨਾਲ ਲੈ ਕੇ ਚੈਕਿੰਗ ਸੈਂਟਰ ਦੇ ਕੋਆਰਡੀਨੇਟਰ ਦੇ ਸਹਾਇਕ ਹਰਕੇਸ਼ ਪਾਸ ਜਮ੍ਹਾਂ ਕਰਵਾਉਣ ਲਈ ਜਾ ਖੜ੍ਹੀ ਹੋਈ। ਨੀਲਮ ਨੇ ਫਾਈਨਲ ਸਬਮੀਸ਼ਨ ਵਾਲਾ ਪਰਚਾ ਹਰਕੇਸ਼ ਨੂੰ ਫੜਾਉਂਦਿਆਂ ਕਿਹਾ''ਆਹ ਲਵੋ ਜੀ ਮੈਂ ਆਪਣੇ ਦੁਆਰਾ ਚੈੱਕ ਪੇਪਰਾਂ ਦੇ ਅੰਕਾਂ ਦੀ ਫਾਈਨਲ ਸਬਮੀਸ਼ਨ ਕਰ ਦਿੱਤੀ ਹੈ।''

ਹਰਕੇਸ਼ ਨੇ ਨੀਲਮ ਪਾਸੋਂ ਫਾਈਨਲ ਸਬਮੀਸ਼ਨ ਵਾਲਾ ਪਰਚਾ ਫੜਿਆ ਤੇ ਉਸ ਨੂੰ ਆਪਣੀ ਫਾਈਲ 'ਚ ਰੱਖ ਕੇ ਤੇ ਨਾਲ ਹੀ ਮੈਡਮ ਨੀਲਮ ਦੁਆਰਾ ਚੈੱਕ ਕੀਤੇ ਪੇਪਰਾਂ ਦਾ ਬੰਡਲ ਲਿਆ ਤੇ ਥੈਲੇ 'ਚੋਂ ਪੇਪਰਾਂ ਨੂੰ ਬਾਹਰ ਕੱਢਣ ਉਪਰੰਤ ਉਨ੍ਹਾਂ ਦੀ ਗਿਣਤੀ ਕਰਨ ਲੱਗਾ ਜੋ ਕਿ ਪੂਰੇ ਸਨ। ਇਸ ਉਪਰੰਤ ਹਰਕੇਸ਼ ਨੇ ਇੱਕ ਹੋਰ ਫਾਈਲ 'ਚੋਂ ਫਾਰਗੀ ਰਿਪੋਰਟ ਦਾ ਖਾਲੀ ਪ੍ਰੋਫਾਰਮਾ ਕੱਢਿਆ ਤੇ ਉਸ ਉੱਤੇ ਨੀਲਮ ਰਾਣੀ ਦਾ ਨਾਮ ਆਦਿ ਭਰਨ ਉਪਰੰਤ ਉਨ੍ਹਾਂ ਨੇ ਸੈਂਟਰ 'ਚ ਕਿੰਨੇ ਤੋਂ ਕਿੰਨੀ ਤਾਰੀਖ ਤੱਕ ਡਿਊਟੀ ਦਿੱਤੀ ਹੈ ਲਿਖ ਕੇ ਫਾਰਗੀ ਰਿਪੋਰਟ ਨੀਲਮ ਦੇ ਹਵਾਲੇ ਕਰਦਿਆਂ ਜਿਵੇਂ ਖੁਸ਼ੀ ਭਰੇ ਲਹਿਜ਼ੇ ਚ ਕਿਹਾ ''ਮੈਡਮ ਜੀ! ਆਹ ਲਵੋ ਤੁਹਾਡੀ ਫਾਰਗੀ ਰਿਪੋਰਟ! ... ਜਾਓ ਆਰਾਮ ਕਰੋ... ਹੁਣ ਤੁਸੀਂ ਕੰਮ ਤੋਂ ਵਿਹਲੇ ਹੋ।''

ਨੀਲਮ ਹਰਕੇਸ਼ ਤੋਂ ਫਾਰਗੀ ਰਿਪੋਰਟ ਫੜ ਕੇ ਆਪਣੇ ਪਰਸ ਪਾਉਂਦਿਆਂ ਇੱਕ ਬਣਾਉਟੀ ਜਿਹੀ ਮੁਸਕਰਾਹਟ ਤੇ ਸ਼ਿਕਵੇ ਭਰੇ ਲਹਿਜ਼ੇ ਨਾਲ ਬੋਲੀ ''ਸਰ! ਜਨਾਨੀਆਂ ਨੂੰ ਵਿਹਲ ਕਿੱਥੇ..? ਇੱਥੋਂ ਜਾਂਦੇ ਸਾਰ ਘਰ ਦੇ ਕੰਮਕਾਜ 'ਚ ਲੱਗ ਜਾਣੈ .. ਵਿਹਲੀ ਨਾ ਕਹੋ! ਇੰਝ ਸਮਝੋ ਕਿ ਇੱਕ ਕੰਮ ਤੋਂ ਦੂਜੇ ਕੰਮ 'ਤੇ ਚੱਲੀ ਹਾਂ...'' ਇੰਨਾ ਕਹਿ ਕੇ ਨੀਲਮ ਰਾਣੀ ਕਮਰੇ 'ਚੋਂ ਬਾਹਰ ਚਲੀ ਗਈ ਤੇ ਬਾਹਰ ਬਰਾਮਦੇ 'ਚ ਖੜ੍ਹੀ ਆਪਣੀ ਐਕਟਿਵਾ ਅੱਗੇ ਆਪਣਾ ਬੈਗ ਟੰਗਿਆ ਤੇ ਚਾਬੀ ਲਾ ਐਕਟਿਵਾ ਸਟਾਰਟ ਕਰ ਸੈਂਟਰ 'ਚੋਂ ਬਾਹਰ ਚਲੀ ਗਈ।

ਇਧਰ ਹਰਕੇਸ਼ ਨੀਲਮ ਦੁਆਰਾ ਜਮ੍ਹਾਂ ਕਰਵਾਏ ਬੰਡਲ ਨੂੰ ਦੂਜੇ ਬੰਡਲਾਂ ਵਿਚ ਟਿਕਾ ਰਿਹਾ ਸੀ ਤੇ ਉਸ ਦੇ ਦਿਮਾਗ ਵਿਚ ਕੁੱਝ ਸਮਾਂ ਪਹਿਲਾਂ ਨੀਲਮ ਦੁਆਰਾ ਆਖੇ ਸ਼ਬਦ ''ਇੱਕ ਕੰਮ ਤੋਂ ਦੂਜੇ ਕੰਮ 'ਤੇ ਚੱਲੀ ਹਾਂ...'' ਜਿਵੇਂ ਵਾਰ ਵਾਰ ਗੂੰਜ ਰਹੇ ਸਨ। ਉਹ ਇਹੋ ਸੋਚ ਰਿਹਾ ਸੀ ਕਿ ਵਾਕਈ ਵਧੇਰੇ ਔਰਤਾਂ ਜੀਵਨ ਭਰ ਆਨ-ਡਿਊਟੀ ਰਹਿੰਦੀਆਂ ਹਨ। ਇਸ ਸਮੇਂ ਉਸ ਦੇ ਮਨ ਵਿਚ ਔਰਤਾਂ ਪ੍ਰਤੀ ਜੋ ਸਤਿਕਾਰ ਦੀ ਭਾਵਨਾ ਪੈਦਾ ਹੋਈ ਸੀ ਉਸ ਦਾ ਅਨੁਭਵ ਸ਼ਾਇਦ ਪਹਿਲਾਂ ਕਦੀ ਨਹੀਂ ਸੀ ਹੋਇਆ ।

-ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ

ਵਿਸਾਖੀ ਸ਼ਬਦ 'ਵਿਸਾਖ' ਤੋਂ ਬਣਿਆ ਹੈ, ਜੋ ਨਾਨਕਸ਼ਾਹੀ ਸੰਮਤ ਦਾ ਦੂਜਾ ਮਹੀਨਾ ਹੈ। ਇਹ ਮਹੀਨਾ ਗਰਮੀਆਂ ਦੇ ਆਰੰਭ ਅਤੇ ਕਣਕ ਦੀ ਵਾਢੀ ਵੱਲ ਸੰਕੇਤ ਕਰਦਾ ਹੈ। ਵਿਸਾਖੀ ਦਾ ਤਿਓਹਾਰ ਪੁਰਾਤਨ ਕਾਲ ਤੋਂ ਹੀ ਮਨਾਇਆ ਜਾਂਦਾ ਹੈ, ਪਰ ਸਮੇਂ ਦੇ ਬਦਲਣ ਨਾਲ ਇਸ ਵਿਚ ਪਰਿਵਰਤਨ ਹੁੰਦਾ ਗਿਆ, ਜਿਸ ਵਿਚ ਕਈ ਧਾਰਮਿਕ ਤੇ ਇਤਿਹਾਸਕ ਕਥਾਵਾਂ ਵੀ ਜੁੜਦੀਆਂ ਗਈਆਂ। 17ਵੀਂ ਸਦੀ ਦੇ ਅੰਤ (1699 ਈ.) ਵਿਚ ਖਾਲਸਾ ਪੰਥ ਦੀ ਸਾਜਨਾ ਹੋਈ ਅਤੇ ਵੀਹਵੀਂ ਸਦੀ ਦੇ ਮੁੱਢ (1919 ਈ.) ਵਿਚ ਜੱਲਿਆਂ ਵਾਲਾ ਬਾਗ਼ ਦਾ ਸਾਕਾ ਵਾਪਰਿਆ।

1699 ਈ. ਦੀ ਵਿਸਾਖੀ ਇਸ ਤਿਓਹਾਰ ਨੂੰ ਨਵਾਂ ਰੂਪ ਪ੍ਰਦਾਨ ਕਰਦੀ ਹੈ। ਇਸ ਦਿਨ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ

ਪ੍ਰੋ. ਨਵ ਸੰਗੀਤ ਸਿੰਘ
ਫੋਨ: 94176-92015

ਨੇ ਇੱਕ ਨਿਆਰੇ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਦੁੱਤੀ ਬਲੀਦਾਨ (1675 ਈ.) ਨਾਲ਼ ਠੱਲ ਨਹੀਂ ਪਾਈ ਜਾ ਸਕੀ। ਇਸ ਲਈ ਅਜਿਹੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਦੁਸ਼ਟ ਦਮਨ ਸਤਿਗੁਰੂ ਨੇ ਸਿਰਲੱਥ ਅਤੇ ਸਰਫ਼ਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਤੇ ਸਰਦਾਰ ਖ਼ਾਲਸਾ ਕੌਮ ਨੂੰ ਪੈਦਾ ਕੀਤਾ, ਜਿਸਨੇ ਦੇਸ਼, ਧਰਮ ਅਤੇ ਕੌਮ ਦੀ ਖ਼ਾਤਰ ਜਾਨਾਂ ਵਾਰਨਾ ਆਪਣਾ ਮੁਖ ਉਦੇਸ਼ ਪ੍ਰਵਾਨ ਕਰ ਲਿਆ।

ਬੜੀ ਡੂੰਘੀ ਸੋਚ-ਵਿਚਾਰ ਪਿੱਛੋਂ ਸਰਬੰਸਦਾਨੀ ਗੁਰੂ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਸਿੱਖਾਂ ਨੂੰ ਹਥਿਆਰਬੰਦ ਹੋਣ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਲੜਨ-ਮਰਨ ਵਾਸਤੇ ਤੱਤਪਰ ਹੋਣ ਦੀ ਜ਼ਰੂਰਤ ਹੈ। 1699 ਈ. ਦੀ ਵਿਸਾਖੀ ਤੋਂ ਕਈ ਮਹੀਨੇ ਪਹਿਲਾਂ ਗੁਰੂ ਜੀ ਨੇ ਸਮੁੱਚੇ ਦੇਸ਼-ਵਾਸੀਆਂ ਨੂੰ ਸੰਦੇਸ਼ ਭੇਜਿਆ ਕਿ ਉਹ ਵਿਸਾਖੀ ਵਾਲ਼ੇ ਦਿਨ (30 ਮਾਰਚ) ਆਪੋ-ਆਪਣੇ ਘੋੜਿਆਂ ਅਤੇ ਸ਼ਸਤਰਾਂ ਨਾਲ ਸੁਸੱਜਿਤ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਉਣ।

ਇੱਕ ਇਤਿਹਾਸਕ ਅਤੇ ਪ੍ਰਮਾਣਿਕ ਦਸਤਾਵੇਜ਼ ਮੁਤਾਬਕ ਉਸ ਵਿਸਾਖੀ ਤੇ ਅੱਸੀ ਹਜ਼ਾਰ ਤੋਂ ਵੀ ਵੱਧ ਲੋਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਏ। ਧਾਰਮਿਕ ਇਕੱਠ ਪੂਰੇ ਜੋਬਨ 'ਤੇ ਸੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥ ਵਿਚ ਨੰਗੀ ਤਲਵਾਰ ਲੈ ਕੇ ਮੰਚ ਉੱਤੇ ਹਾਜ਼ਰ ਹੋਏ। ਉਨ੍ਹਾਂ ਨੇ ਰੋਹਬਦਾਰ ਚਿਹਰੇ ਨਾਲ ਸੰਗਤਾਂ ਦੇ ਇਕੱਠ ਉੱਤੇ ਨਜ਼ਰ ਮਾਰੀ ਅਤੇ ਕੜਕਵੀਂ ਆਵਾਜ਼ ਵਿਚ ਕਿਹਾ ਕਿ ਉਨ੍ਹਾਂ ਨੂੰ ਇੱਕ ਸੀਸ ਦੀ ਲੋੜ ਹੈ। ਜੋ ਵਿਅਕਤੀ ਨੇਕ ਕਾਰਜ ਲਈ ਆਪਣੀ ਜਾਨ ਕੁਰਬਾਨ ਕਰ ਸਕਦਾ ਹੋਵੇ, ਉਹ ਸਾਹਮਣੇ ਆ ਜਾਵੇ! ਕੇਸਗੜ੍ਹ ਦੀ ਉੱਚੀ ਪਹਾੜੀ ਤੋਂ ਨੰਗੀ ਤਲਵਾਰ ਨਾਲ ਸੀਸ ਭੇਟ ਮੰਗ ਰਿਹਾ ਗੁਰੂ ਮੌਤ ਤੋਂ ਜੀਵਨ ਦੇਣ ਦਾ ਅਨੋਖਾ ਨੁਸਖਾ ਦੱਸ ਰਿਹਾ ਸੀ। ਉਨ੍ਹਾਂ ਨੇ ਐਲਾਨ ਕੀਤਾ:

ਜਿਨਕੀ ਜ਼ਾਤ ਔਰ ਕੁਲ ਮਾਹੀਂ,
ਸਰਦਾਰੀ ਨਹਿੰ ਭਈ ਕਦਾਹੀਂ
ਉਨਹੀਂ ਕੌ ਸਰਦਾਰ ਬਣਾਵੌਂ,
ਤਬੈ ਗੋਬਿੰਦ ਸਿੰਘ ਨਾਮ ਸਦਾਵੌਂ।

ਅਚਾਨਕ ਅਜਿਹੀ ਅਪੀਲ ਕਾਰਨ ਸੰਗਤ ਵਿਚ ਸੰਨਾਟਾ ਜਿਹਾ ਛਾ ਗਿਆ। ਪਰ ਫਿਰ ਹੌਸਲਾ ਕਰਕੇ ਲਾਹੌਰ ਦਾ ਇੱਕ ਯੁਵਕ ਦਯਾ ਰਾਮ ਖੜਾ ਹੋਇਆ ਅਤੇ ਉਸਨੇ ਲਾਸਾਨੀ ਸ਼ਹੀਦੀ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਨੂੰ ਉਸਨੂੰ ਮੰਚ ਦੇ ਪਿੱਛੇ ਬਣੇ ਇੱਕ ਤੰਬੂ ਵਿਚ ਲੈ ਗਏ। ਬਾਹਰ ਬੈਠੀ ਸੰਗਤ ਨੇ ਤਲਵਾਰ ਦੇ ਵਾਰ ਨੂੰ ਸੁਣਿਆ ਤਾਂ ਉਹ ਵੀ ਭੈਅਭੀਤ ਹੋ ਗਈ।

ਲਹੂ ਭਿੱਜੀ ਤਲਵਾਰ ਲੈ ਕੇ ਗੁਰੂ ਜੀ ਮੰਚ 'ਤੇ ਆਏ ਅਤੇ ਉਨ੍ਹਾਂ ਨੇ ਦੁਬਾਰਾ ਇਕ ਹੋਰ ਸਿਰ ਦੀ ਮੰਗ ਕੀਤੀ। ਇਸ ਸਮੇਂ ਹਸਤਨਾਪੁਰ (ਦਿੱਲੀ) ਦੇ ਧਰਮਦਾਸ ਨੇ ਖੁਦ ਨੂੰ ਪੇਸ਼ ਕੀਤਾ। ਗੁਰੂ ਜੀ ਨੇ ਇਸ ਵਾਰ ਵੀ ਪਹਿਲਾਂ ਵਾਲਾ ਢੰਗ ਅਪਣਾਇਆ ਅਤੇ ਤੰਬੂ ਤੋਂ ਬਾਹਰ ਆ ਕੇ ਤੀਜੇ ਸੀਸ ਦੀ ਮੰਗ ਕੀਤੀ। ਸੰਗਤਾਂ ਸਹਿਮ ਅਤੇ ਦਹਿਸ਼ਤ ਕਰਕੇ ਖਿਸਕਣ ਲੱਗ ਪਈਆਂ ਅਤੇ ਕਈਆਂ ਨੇ ਮਾਤਾ ਗੁਜਰੀ ਜੀ ਕੋਲ ਜਾ ਕੇ ਗੁਰੂ ਜੀ ਦੀ ਸ਼ਿਕਾਇਤ ਵੀ ਕੀਤੀ। ਤੀਜੀ ਵਾਰ ਜਗਨਨਾਥਪੁਰੀ ਦੇ ਹਿੰਮਤ ਰਾਏ ਨੇ ਹਿੰਮਤ ਕੀਤੀ। ਫਿਰ ਚੌਥੀ ਅਤੇ ਪੰਜਵੀਂ ਵਾਰ ਕ੍ਰਮਵਾਰ ਦੁਆਰਕਾ ਦਾ ਮੋਹਕਮ ਚੰਦ ਅਤੇ ਬਿਦਰ ਦੇ ਸਾਹਿਬ ਚੰਦ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਸਮੁੱਚੇ ਵਰਤਾਰੇ ਨੂੰ ਪੰਜਾਬੀ ਦੇ ਪ੍ਰਤੀਨਿਧ ਕਵੀ ਡਾ. ਹਰਿਭਜਨ ਸਿੰਘ ਨੇ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਕਵਿਤਾ ਵਿਚ ਵਿਸਥਾਰ ਸਹਿਤ ਪ੍ਰਸਤੁਤ ਕੀਤਾ ਹੈ। ਇਸ 'ਚੋਂ ਕੁਝ ਪੰਕਤੀਆਂ ਪੇਸ਼ ਹਨ:

ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ ਨਹੀਂ ਹੁੰਦੇ
ਚਮਤਕਾਰੀ ਨੇ ਆਪਣਾ ਸੀਸ
ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
ਜਿਵੇਂ ਅੰਬਰ ਦੇ ਪੈਰੀਂ
ਨਿੱਤ ਸਵੇਰਾ ਆਪਣਾ
ਸੂਰਜ ਬਾਲ ਧਰਦਾ ਹੈ।

ਜਿਉਂ ਇਹ ਪ੍ਰਕਿਰਿਆ ਸਮਾਪਤ ਹੋਈ, ਦਸਮ ਪਾਤਸ਼ਾਹ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਜੀਵਤ ਰੂਪ ਵਿਚ ਸਟੇਜ ਤੇ ਲੈ ਕੇ ਪੇਸ਼ ਹੋਏ। ਹੁਣ ਸੰਗਤ ਹੋਰ ਵੀ ਹੈਰਾਨ ਸੀ ਤੇ ਮਹਿਸੂਸ ਕਰ ਰਹੀ ਸੀ ਕਿ ਜੇ ਗੁਰੂ ਨੇ ਇਨ੍ਹਾਂ ਨੂੰ ਮਾਰਨ ਤੋਂ ਬਾਅਦ ਜ਼ਿੰਦਾ ਹੀ ਕਰ ਦੇਣਾ ਸੀ, ਤਾਂ ਅਸੀਂ ਕਿਉਂ ਨਾ ਪਹਿਲ ਕੀਤੀ! ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਹੁਣ ਇਹ ਵਿਅਕਤੀ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਬਣ ਚੁੱਕੇ ਸਨ। ਇਨ੍ਹਾਂ ਨੂੰ "ਪੰਜ ਪਿਆਰੇ" ਕਿਹਾ ਗਿਆ। ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਉਨ੍ਹਾਂ ਵਿਚੋਂ ਜਾਤਪਾਤ, ਛੂਤਛਾਤ, ਭੇਦਭਾਵ, ਰੰਗ-ਨਸਲ ਨੂੰ ਮਿਟਾ ਦਿੱਤਾ ਗਿਆ। ਇੱਕੋ ਬਾਟੇ ਵਿਚੋਂ ਸਦੀਵੀ ਜੀਵਨ ਦੇਣ ਵਾਲੇ ਅੰਮ੍ਰਿਤ ਨੂੰ ਛਕ ਕੇ 'ਰੰਘਰੇਟੇ' ਸੱਚਮੁੱਚ 'ਗੁਰੂ ਕੇ ਬੇਟੇ' ਬਣ ਗਏ। ਹੁਣ ਉਨ੍ਹਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਆਨੰਦਪੁਰ ਸਾਹਿਬ ਹੋ ਚੁੱਕਾ ਸੀ। ਇਸ ਆਬੇ-ਹਯਾਤ ਨੇ ਚਿੜੀਆਂ ਤੋਂ ਬਾਜ਼ ਤੁੜਵਾਉਣ ਅਤੇ ਗਿੱਦੜਾਂ ਤੋਂ ਸ਼ੇਰ ਮਰਵਾਉਣ ਦੀ ਅਨੋਖੀ ਕਰਾਮਾਤ ਕਰ ਵਿਖਾਈ। ਬਕੌਲ ਸੰਤੋਖ ਸਿੰਘ ਧੀਰ:

ਪਿਆਰੀਓ ਚਿੜੀਓ! ਹੁਣ ਤੁਸੀਂ ਉਹ ਨਹੀਂ
ਖ਼ਾਲਸਾ ਮੇਰੋ ਰੂਪ ਹੈ ਖਾਸ
ਖ਼ਾਲਸੇ ਮਹਿ ਹਉ ਕਰੋਂ ਨਿਵਾਸ।
ਜਾਓ, ਬਾਜ਼ਾਂ ਦੇ ਖੰਭ ਤੋੜੋ।

ਜਦੋਂ ਕੌਮ-ਨਿਰਮਾਤਾ ਆਪਣੇ ਹੀ ਚੇਲਿਆਂ ਸਾਹਵੇਂ ਅੰਮ੍ਰਿਤ-ਅਭਿਲਾਖੀ ਹੋਣ ਲਈ ਬੇਨਤੀ ਕਰ ਰਿਹਾ ਸੀ, ਤਾਂ ਲੋਕਾਈ ਅਸ਼ ਅਸ਼ ਕਰ ਉੱਠੀ ਅਤੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਧੁਨੀ ਨਾਲ ਧਰਤੀ-ਆਕਾਸ਼ ਗੂੰਜ ਉੱਠੇ।

ਵੱਖ-ਵੱਖ ਜਾਤੀਆਂ ਅਤੇ ਦੇਸ਼ ਦੇ ਵਿਭਿੰਨ ਖਿੱਤਿਆਂ ਤੋਂ ਆਏ ਇਹ ਪੰਜ ਪਿਆਰੇ ਹੁਣ ਸਭ ਵਹਿਮਾਂ-ਭਰਮਾਂ ਅਤੇ ਮੱਤ-ਮਤਾਂਤਰਾਂ ਤੋਂ ਸ਼ੁੱਧ ਹੋ ਚੁੱਕੇ ਸਨ। ਹੁਣ ਉਹ ਇੱਕ ਨਵੇਂ ਭਾਈਚਾਰੇ 'ਖ਼ਾਲਸਾ ਪੰਥ' ਵਿਚ ਦਾਖ਼ਲ ਹੋ ਚੁੱਕੇ ਸਨ, ਜੋ ਮਨੁੱਖੀ ਭਾਈਚਾਰੇ, ਸਮਾਜਿਕ, ਧਾਰਮਿਕ ਤੇ ਅਧਿਆਤਮਕ ਬਰਾਬਰੀ ਉੱਤੇ ਆਧਾਰਿਤ ਸੀ। ਇਨ੍ਹਾਂ ਪੰਜ ਪਿਆਰਿਆਂ ਨੂੰ ਪੰਜ ਕਕਾਰ (ਕਛਹਿਰਾ, ਕੜਾ, ਕਿਰਪਾਨ, ਕੰਘਾ, ਕੇਸ) ਧਾਰਨ ਕਰਨ ਦਾ ਆਦੇਸ਼ ਦਿੱਤਾ ਗਿਆ। ਨਵੇਂ ਪੰਥ ਵਿਚ ਪ੍ਰਵੇਸ਼ ਕਰਨ ਵਾਲੇ ਸਾਰੇ ਸਿੱਖਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' (ਕ੍ਰਮਵਾਰ ਆਦਮੀ ਅਤੇ ਔਰਤਾਂ) ਸ਼ਬਦਾਂ ਦੀ ਵਰਤੋਂ ਕਰਨ ਅਤੇ ਸਦਾਚਾਰਕ ਤੇ ਨੈਤਿਕ ਮਾਨਤਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ, ਜਿਸ ਨੂੰ ਰਹਿਤ- ਮਰਿਆਦਾ ਦਾ ਨਾਂ ਦਿੱਤਾ ਗਿਆ। ਉਨ੍ਹਾਂ ਨੂੰ ਸੰਤ-ਸਿਪਾਹੀ ਦੀ ਜ਼ਿੰਦਗੀ ਬਿਤਾਉਣ ਲਈ ਕਿਹਾ ਗਿਆ। ਉਨ੍ਹਾਂ ਨੂੰ ਇਹ ਵੀ ਦ੍ਰਿੜ ਕਰਵਾਇਆ ਗਿਆ ਕਿ ਉਹ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ। ਫ਼ਾਰਸੀ ਦਾ ਇਕ ਸਮਕਾਲੀ ਇਤਿਹਾਸਕਾਰ ਗੁਲਾਮ ਮੁਹੱਈਉਦੀਨ ਲਿਖਦਾ ਹੈ ਕਿ 1699 ਈ. ਦੀ ਵਿਸਾਖੀ 'ਤੇ ਲਗਪਗ ਵੀਹ ਹਜ਼ਾਰ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਸੀ।

ਇਸ ਤੋਂ ਬਾਅਦ ਗੁਰੂ ਜੀ ਦਾ ਵਧੇਰੇ ਸਮਾਂ ਜੰਗਾਂ-ਯੁੱਧਾਂ ਵਿਚ ਬਤੀਤ ਹੋਇਆ। ਆਖ਼ਰ 1705 ਈ. ਵਿਚ ਆਪ ਚੌਧਰੀ ਡੱਲੇ ਦੀ ਤਲਵੰਡੀ ਆ ਬਿਰਾਜੇ। ਜਿਸ ਨੂੰ ਅੱਜਕੱਲ੍ਹ ਸਾਬੋ ਕੀ ਤਲਵੰਡੀ, ਤਲਵੰਡੀ ਸਾਬੋ ਜਾਂ ਦਮਦਮਾ ਸਾਹਿਬ ਜਿਹੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਅਸਥਾਨ ਭਾਵੇਂ ਰੇਲਵੇ ਸਟੇਸ਼ਨ ਨਾਲ ਜੁੜਿਆ ਹੋਇਆ ਨਹੀਂ, ਪਰ ਤਾਂ ਵੀ ਇੱਥੇ ਸੰਗਤਾਂ ਦੀ ਆਮਦ ਹਮੇਸ਼ਾ ਬਣੀ ਰਹਿੰਦੀ ਹੈ। ਕਸਬਾ ਬਠਿੰਡਾ ਸ਼ਹਿਰ ਤੋਂ ਅਠਾਈ ਕਿਲੋਮੀਟਰ ਅਤੇ ਰਾਮਾ ਤੋਂ ਤੇਰਾਂ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਜਿੱਥੇ ਬੱਸਾਂ ਰਾਹੀਂ ਸੌਖੇ ਢੰਗ ਨਾਲ ਆਇਆ-ਜਾਇਆ ਜਾ ਸਕਦਾ ਹੈ। ਇੱਥੇ ਗੁਰੂ ਜੀ ਨੇ ਕਰੀਬ ਇਕ ਸਾਲ ਦਾ ਸਮਾਂ ਬਿਤਾਇਆ। ਇਹ ਅਸਥਾਨ ਹੁਣ ਸਿੱਖ ਧਰਮ ਦੇ 'ਚੌਥੇ ਤਖ਼ਤ' ਵਜੋਂ ਪੂਰੀ ਦੁਨੀਆਂ ਵਿਚ ਵਿਖਿਆਤ ਹੈ। ਅੰਗਰੇਜ਼ ਲੇਖਕ ਡਾ. ਟਰੰਪ ਦੇ ਕਥਨ ਮੁਤਾਬਕ ਇੱਥੇ 1706 ਈ. ਵਿਚ ਗੁਰੂ ਜੀ ਨੇ ਕਰੀਬ ਸਵਾ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ। ਇਸੇ ਲਈ ਵਿਸਾਖੀ ਦਾ ਤਿਓਹਾਰ ਆਨੰਦਪੁਰ ਸਾਹਿਬ ਦੇ ਨਾਲ-ਨਾਲ ਦਮਦਮਾ ਸਾਹਿਬ ਵਿਖੇ ਪੂਰੇ ਖ਼ਾਲਸਾਈ ਜਾਹੋ-ਜੱਲਾਲ ਅਤੇ ਧਾਰਮਿਕ ਰਵਾਇਤਾਂ ਅਨੁਸਾਰ ਮਨਾਇਆ ਜਾਂਦਾ ਹੈ। ਦਸਮੇਸ਼ ਪਿਤਾ ਦੀ ਨਿਰਾਲੀ ਵਿਸਾਖੀ ਬਾਰੇ ਇਹ ਕਾਵਿ-ਪੰਕਤੀਆਂ ਕਿੰਨੀਆਂ ਪ੍ਰਾਸੰਗਿਕ ਹਨ:

ਪਟਨਾ ਛੱਡ ਅਨੰਦਪੁਰ ਆਉਣਾ,
ਪੰਜਾਬ ਦੀ ਧਰਤੀ ਨੂੰ ਭਾਗ ਲਾਉਣਾ।
ਬਵੰਜਾ ਕਵੀਆਂ ਨਾਲ ਬੈਠ,
ਓਸ ਅਕਾਲ ਪੁਰਖ ਦੇ ਗੀਤ ਗਾਉਣਾ।
ਅੰਮ੍ਰਿਤ ਦੀ ਦਿਬ ਬੂੰਦ ਪਿਆ ਕੇ,
ਚਿੜੀਆਂ ਨੂੰ ਬਾਜ਼ਾਂ ਨਾਲ ਲੜਾਉਣਾ।
ਤੇਰਾ ਅਜੀਬ ਜਲੌਅ ਹੈ,
ਤੇਰਾ ਅਜੀਬ ਫ਼ਬੌਅ ਹੈ।
ਤੇਰਾ ਅਜੀਬ ਸੁਭਾਓ ਹੈ,
ਤੂੰ ਵੱਖਰਾ ਹੈਂ ਸਭ ਤੋਂ!
ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ!

ਮਰਹੂਮ ਪੰਜਾਬੀ ਕਵੀ ਤੇ ਲੇਖਕ ਡਾ. ਹਰਨੇਕ ਸਿੰਘ ਕੋਮਲ (1943- 2021) ਨੇ ਦਸ਼ਮੇਸ਼ ਪਿਤਾ ਦੀ ਓਸ ਵਿਸਾਖੀ ਨੂੰ ਯਾਦ ਕਰਦਿਆਂ ਆਪਣੀ ਭਾਵਨਾ ਇਉਂ ਪ੍ਰਗਟਾਈ ਹੈ:

ਵਿਰਸੇ ਦਾ ਕੁਝ ਗੌਰਵ ਵੀ ਹੈ
ਵਰਤਮਾਨ ਦਾ ਝੋਰਾ ਵੀ ਹੈ
ਕਿੰਨੇ ਸਾਰੇ ਰੰਗ ਦਿਖਾਵੇ।
ਖੰਡੇ-ਬਾਟੇ ਦੇ ਅੰਮ੍ਰਿਤ 'ਚੋਂ
ਪ੍ਰਗਟ ਹੋਇਆ ਜਦੋਂ ਖ਼ਾਲਸਾ
ਉਹ ਵਿਸਾਖੀ ਚੇਤੇ ਆਵੇ।
ਦਸਮ ਪਿਤਾ ਨੇ ਸਾਜਿਆ ਸੀ ਜੋ
ਕਿੱਥੇ ਹੈ ਉਹ ਪੰਥ-ਖ਼ਾਲਸਾ?
ਮਿਲੇ ਤਾਂ, ਕਹਿਣਾ, ਘਰ ਆ ਜਾਵੇ।

ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ

ਤਲਵੰਡੀ ਸਾਬੋ ਦੀ ਵਿਸਾਖੀ

ਆਈ ਹੈ ਵਿਸਾਖੀ ਤਲਵੰਡੀ ਚੱਲੀਏ
ਦੋਸਤਾਂ, ਯਾਰਾਂ ਨੂੰ ਵੀ ਸੁਨੇਹੇ ਘੱਲੀਏ।

ਏਥੇ ਆਏ ਸਨ ਸਾਡੇ ਦਸਮ ਪਿਤਾ
ਗੁਰੂ ਗ੍ਰੰਥ ਸਾਰਾ ਉਨ੍ਹਾਂ ਦਿੱਤਾ ਸੀ ਲਿਖਾ।

ਬਚੀ ਹੋਈ ਸਿਆਹੀ ਨਾਲ਼ੇ ਸਭ ਕਲਮਾਂ
ਪਾਣੀ ਵਿੱਚ ਸਾਰਾ ਕੁਝ ਦਿੱਤਾ ਸੀ ਵਹਾਅ।

'ਗੁਰੂ ਕਾਸ਼ੀ' ਬਣੂੰ ਇਹ ਦਿੱਤਾ ਵਰਦਾਨ
ਬਣਨਗੇ ਕਵੀ ਨਾਲ਼ੇ ਲੇਖਕ ਮਹਾਨ।

ਸ਼ਰਧਾ ਦੇ ਨਾਲ ਜਿਹੜਾ ਗੁਰੂ ਨੂੰ ਧਿਆਵੇ
ਮਨਮੰਗੀਆਂ ਮੁਰਾਦਾਂ ਸਾਰੀਆਂ ਉਹ ਪਾਵੇ।

ਹਰ ਸਾਲ ਏਥੇ ਮੇਲਾ ਲੱਗਦਾ ਹੈ ਭਾਰੀ
ਦੂਰੋਂ-ਦੂਰੋਂ ਆਉਂਦੇ ਲੋਕੀਂ ਖਿੱਚ ਕੇ ਤਿਆਰੀ।

ਮੇਲੇ ਵਿੱਚ ਛੋਟੇ-ਵੱਡੇ ਝੂਟਦੇ ਚੰਡੋਲਾਂ
ਹੱਸਦੇ ਤੇ ਗਾਉਂਦੇ, ਨਾਲ਼ੇ ਕਰਦੇ ਕਲੋਲਾਂ।

ਕਈ ਥਾਈਂ ਮੇਲੇ ਵਿੱਚ ਲੱਗਣ ਨੁਮਾਇਸ਼ਾਂ
ਬੱਚੇ ਕਰਦੇ ਨੇ ਅੱਡ-ਅੱਡ ਫਰਮਾਇਸ਼ਾਂ।

ਅੱਡੋ-ਅੱਡ 'ਕੱਠ ਕਰੇ ਹਰ ਪਾਰਟੀ
ਕਹਿਣ ਦੂਜੇ ਤਾਈਂ ਥੋਨੂੰ ਜਾਣਦੇ ਅਸੀਂ।

ਦੂਰ ਪਰ੍ਹੇ ਇੱਕ ਪਾਸੇ ਢੋਲ ਵੱਜਿਆ
ਜਾਪਦਾ ਹੈ ਸਾਰਾ ਮੇਲਾ ਓਥੇ ਲੱਗਿਆ।

ਵਿਕਦੇ ਪਕੌੜੇ ਵਿਚ ਬਣੇ ਤੇਲ ਦੇ
'ਰੂਹੀ' ਖਾਵੇ ਮਜ਼ੇ ਨਾਲ ਕਈ ਮੇਲ ਦੇ।

ਆਖਦੀ 'ਰਮਨ' ਮੈਂ ਲੰਗਰ ਛਕਣਾ
ਭੁੱਖੇ ਢਿੱਡ ਰਹਿ ਕੇ ਨਹੀਓਂ ਮੇਲਾ ਵੇਖਣਾ।

ਹੁਣ ਹਰ ਸਾਲ ਤਲਵੰਡੀ ਜਾਵਾਂਗੇ
'ਨਵ-ਦੀਪ' ਨਾਲ ਹੀ ਮੇਲਾ ਮਨਾਵਾਂਗੇ।

ਹਰ ਵੇਲੇ ਪ੍ਰਭੂ ਆਪਣਾ ਧਿਆਈਏ ਜੀ
ਮੇਲਿਆਂ ਨੂੰ ਨਾਲ਼ ਸ਼ਰਧਾ ਮਨਾਈਏ ਜੀ।

-ਪ੍ਰੋ. ਨਵ ਸੰਗੀਤ ਸਿੰਘ
ਫੋਨ: 94176-92015

ਵਿਸਾਖੀ

ਸੋਲਾਂ ਸੌ ਨੜਿੰਨਵੇਂ ਦੀ ਵਿਸਾਖੀ ਨੂੰ,
ਕਾਇਮ ਕੀਤੀ ਸੀ ਇੱਕ ਮਿਸਾਲ।

ਆਪੇ ਗੁਰ ਤੇ ਆਪੇ ਚੇਲਾ ਵਾਲੀ,
ਨੀਂਹ ਰੱਖ ਕੇ ਸੀ ਕੀਤੀ ਕਮਾਲ।

ਉੱਤੇ ਸਿੱਖੀ ਦਾ ਮਹਿਲ ਉਸਾਰਿਆ,
ਤੱਕ ਹੋਇਆ ਸੀ ਆਪ ਨਿਹਾਲ।

ਸਿਰ ਮੰਗ ਪਰਖੇ ਸਨ ਪੰਜ ਪਿਆਰੇ,
ਕਿੰਝ ਬਣੇ ਸੀ ਉਹ ਗੁਰੂ ਦੇ ਲਾਲ।

ਦੇਸ਼, ਕੌਮ, ਧਰਮ ਤੋਂ ਆਪਾ ਵਾਰੀਏ,
ਕਿੰਝ ਸਦਾ ਨਿਭੀਏ ਗੁਰੂ ਦੇ ਨਾਲ।

ਆਚਰਣ ਦੇ ਸੁੱਚੇ ਕਥਨੀ ਦੇ ਪੂਰੇ,
ਕਿੰਝ ਲੜੀਏ ਜ਼ਾਲਿਮਾਂ ਦੇ ਨਾਲ।

ਦੀਨ-ਮਜ਼ਲੂਮਾਂ ਦੇ ਹੱਕ 'ਚ ਖੜ੍ਹੀਏ,
ਕਿੰਝ ਕਰੀਏ ਦੁਸ਼ਮਨ ਨੂੰ ਸਵਾਲ।

ਪਹਿਲਾਂ ਵਾਰ ਵੈਰੀ 'ਤੇ ਨਾ ਕਰੀਏ,
ਵਾਰ ਕਰੀਏ ਤਾਂ ਡਿੱਗੇ ਨਿਢਾਲ।

ਜ਼ੁਲਮ ਦੀ ਅੱਤ ਕਦੇ ਨਾ ਸਹੀਏ,
ਧਰਮ ਲਈ ਬਣੀਏ ਸਦਾ ਢਾਲ।

-ਸੇਵਾ ਸਿੰਘ ਨੂਰਪੁਰੀ

ਉਸ ਪੰਥ ਸਜਾਇਆ ਏ...

ਉਸ ਪੰਥ ਸਜਾਇਆ ਏ, 'ਤੇਗਾਂ ਦੀਆਂ ਧਾਰਾਂ 'ਤੇ।
ਰੰਗ ਨਵਾਂ ਚੜ੍ਹਾਂ ਦਿੱਤਾ, ਬੁਜ਼ਦਿਲਾਂ ਲਾਚਾਰਾਂ 'ਤੇ।
ਅੱਜ ਭਰੇ ਦੀਵਾਨ ਅੰਦਰ, ਇੱਕ ਪਰਚਾ ਪਾਇਆ ਏ।
ਅੱਜ ਆਪਣੇ ਸਿੱਖਾਂ ਦਾ, ਸਿਦਕ ਅਜ਼ਮਾਇਆ ਏ।
ਪੰਜ ਸਾਜੇ ਪਿਆਰੇ ਨੇ, ਸਿਰ ਲੈ ਤਲਵਾਰਾਂ 'ਤੇ
ਉਸ 'ਤੇਗਾਂ ਦੀਆਂ ਧਾਰਾਂ 'ਤੇ।
ਭਗਤੀ 'ਤੇ ਸ਼ਕਤੀ ਦਾ, ਉਸ ਬੂਟਾ ਲਾਇਆ ਏ।
ਇਹਨੂੰ ਹਰਿਆ ਰੱਖਣ ਲਈ, ਸਰਬੰਸ ਲੁਟਾਇਆ ਏ।
ਸਿੱਖੀ ਨਵਿਆ ਦਿੱਤੀ, ਉਸ ਪੰਜ ਕਕਾਰਾਂ 'ਤੇ
ਉਸ 'ਤੇਗਾਂ ਦੀਆਂ ਧਾਰਾਂ 'ਤੇ।
ਸੂਲਾਂ 'ਤੇ ਸੁੱਤਾ ਏ, ਪੁੱਤਰਾਂ ਦਾ ਦਾਨੀ ਉਹ।
ਚਿੜੀਆਂ ਤੋਂ ਬਾਜ਼ ਤੁੜਾਏ, ਸੂਰਾ ਲਾਸਾਨੀ ਉਹ।
ਪੱਤਝੜ ਗੁਲਾਮੀ ਦੀ, ਨਾ ਆਏ ਬਹਾਰਾਂ 'ਤੇ
ਉਸ 'ਤੇਗਾਂ ਦੀਆਂ ਧਾਰਾਂ 'ਤੇ।
ਇੱਕ ਕੌਮ ਬਣਾ ਦਿੱਤੀ, ਪਟਨੇ ਦੇ ਮਾਹੀ ਨੇ।
ਇੱਕ ਯੁੱਗ ਪਲਟਾ ਦਿੱਤਾ, ਉਸ ਸੰਤ ਸਿਪਾਹੀ ਨੇ।
ਉਸ ਜਿਉਣਾ ਦੱਸਿਆ ਏ, ਆਜ਼ਾਦ ਵਿਚਾਰਾਂ 'ਤੇ
ਉਸ 'ਤੇਗਾਂ ਦੀਆਂ ਧਾਰਾਂ 'ਤੇ।
ਉਸ ਜ਼ਾਲਿਮ ਹਾਕਮ ਨੂੰ, ਕਹਿ ਸੱਚ ਸੁਣਾਇਆ ਏ।
ਡੁਬਦੇ ਬੇੜੇ ਹਿੰਦ ਨੂੰ, ਉਸ ਬੰਨੇ ਲਾਇਆ ਏ।
ਧੰਨ ਧੰਨ ਗੁਰਦੀਸ਼ ਕਰੇ, ਉਸ ਦੇ ਉਪਕਾਰਾਂ 'ਤੇ
ਉਸ 'ਤੇਗਾਂ ਦੀਆਂ ਧਾਰਾਂ 'ਤੇ।

-ਗੁਰਦੀਸ਼ ਕੌਰ ਗਰੇਵਾਲ- ਕੈਲਗਰੀ
ਫੋਨ: +1 403 404 1450

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ

'ਪੰਜਾਬ ਟਾਈਮਜ਼ ਨਾਈਟ'

18 ਮਈ 2024 ਸ਼ਨਿਚਰਵਾਰ ਸ਼ਾਮੀ 6:00 ਵਜੇ

Atlantis Banquets
1273 N. Rand Road,
Arlington Heights, IL 60004

ਗੈਸਟ ਆਫ ਆਨਰ


ਮੇਜਰ ਗੁਰਚਰਨ ਸਿੰਘ ਝੱਜ

ਡਾ. ਵਿਕਰਮ ਸਿੰਘ ਗਿੱਲ

ਯਾਦ ਸਲਾਮਤ ਰਹੇ...

ਸ. ਅਮੋਲਕ ਸਿੰਘ ਜੰਮੂ

ਗੈਸਟ ਆਫ ਆਨਰ

ਏ ਜੇ ਸੰਧੂ

ਹਰਮਨ ਥਿੰਦ

ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਦਰਸ਼ਨ ਸਿੰਘ ਗਰੇਵਾਲ

ਡਾ. ਹਰਗੁਰਮੁਖਪਾਲ ਸਿੰਘ

ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ

ਜਗਦੀਸ਼ਰ ਸਿੰਘ ਕਲੇਰ

ਗੁਰਚਰਨ ਸਿੰਘ ਗਰੇਵਾਲ

ਹਰਜੀਤ ਸਿੰਘ ਸਾਹੀ

ਦਰਸ਼ਨ ਸਿੰਘ ਦਰੜ

ਮਨਦੀਪ ਸਿੰਘ ਭੁਰਾ

ਜੈਦੇਵ ਸਿੰਘ ਭੱਠਲ

ਪਰਮਿੰਦਰ ਸਿੰਘ ਵਾਲੀਆ

ਅਮਰੀਕ ਸਿੰਘ

ਜਸਕਰਨ ਸਿੰਘ ਧਾਲੀਵਾਲ

ਡਾ. ਤੇਜਿੰਦਰ ਸਿੰਘ ਮੰਡੇਰ

ਅਵਤਾਰ ਸਿੰਘ ਸਪਰਿੰਗਫੀਲਡ

ਗੁਲਜ਼ਾਰ ਸਿੰਘ ਮੁਲਤਾਨੀ

ਰਾਜਿੰਦਰ ਸਿੰਘ ਬੈਂਸ

ਗੁਰਵੀਰ ਸਿੰਘ ਗਿੱਲ

ਗੁਰਦੇਵ ਸਿੰਘ ਜੋੜਾ

ਜਸਵੀਰ ਕੌਰ ਢਿਲੋਂ

ਡਾ. ਇਨਕਲਾਬੀ ਥਾਂਦੀ

ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ

ਅੰਮ੍ਰਿਤਪਾਲ ਸਿੰਘ ਸੰਘਾ

ਭੁਪਿੰਦਰ ਸਿੰਘ ਧਾਲੀਵਾਲ

ਰਘਬੀਰ ਸਿੰਘ ਘੁੰਨ

ਸਰਵਣ ਸਿੰਘ ਟਿਵਾਣਾ


ਅਮੋਲਕ ਸਿੰਘ ਗਾਖਲ

ਜੱਸੀ ਗਿੱਲ

PUNJAB TIMES NIGHT 2024

ਵਿਸ਼ੇਸ਼ ਮਹਿਮਾਨ

ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)

ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)

ਸੁਰਿੰਦਰ ਸਿੰਘ ਸੁੰਨੜ
(ਚੀਫ਼ ਗੈਸਟ)


ਸੁੱਖੀ ਬਾਠ
(ਚੀਫ਼ ਗੈਸਟ)

ਪਹੁੰਚ ਰਹੀਆਂ ਅਦਬੀ ਸ਼ਖਸੀਅਤਾਂ

ਡਾ. ਲਖਵਿੰਦਰ ਜੌਹਲ

ਡਾ. ਗੁਰਬਖਸ਼ ਸਿੰਘ ਭੰਡਾਲ

ਡਾ. ਆਤਮਜੀਤ ਸਿੰਘ

ਰਵਿੰਦਰ ਸਹਿਰਾਅ

ਭੁਪਿੰਦਰ ਦੁਲੇ


ਕੁਲਵਿੰਦਰ ਖਹਿਰਾ


ਸੁਰਿੰਦਰ ਸੋਹਲ

ਅਸ਼ੋਕ ਭੌਰਾ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਦਵਿੰਦਰ ਕੌਰ ਗੁਰਾਇਆ

ਤਾਹਿਰਾ ਰਿਧਾ

ਸੁਖਵਿੰਦਰ ਕੰਬੋਜ

ਹਰਜਿੰਦਰ ਕੰਗ

ਇਕਬਾਲ ਜੱਬੋਵਾਲੀਆ


ਆਬਿਦ ਰਸ਼ੀਦ


ਗੁਲਾਮ ਮੁਸਤਫਾ ਅੰਜੁਮ

ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ 18 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।

ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

ਚੋਣਾਂ, ਵਿਰੋਧੀ ਧਿਰ ਅਤੇ ਮੋਦੀ ਦੀ ਹਮਲਾਵਰ ਤਿਆਰੀ

ਰਾਜਨੀਤਕ ਚਿੰਤਕ ਅਰੁਣ ਸ੍ਰੀਵਾਸਤਵ ਦਾ 'ਇੰਡੀਆ' ਗੱਠਜੋੜ ਦੀ ਕਾਰਗੁਜ਼ਾਰੀ ਦਾ ਇਹ ਵਿਸ਼ਲੇਸ਼ਣ ਲੋਕ ਸਭਾ ਚੋਣਾਂ ਵਿਚ ਵਿਰੋਧੀ ਧਿਰ ਵਿਚਲੀ ਖਿੱਚਧੂਹ ਦੀ ਤਰਸਯੋਗ ਤਸਵੀਰ ਪੇਸ਼ ਕਰਦਾ ਹੈ। ਚੋਣ ਸਮੀਕਰਨਾਂ ਨੂੰ ਸਮਝਣ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਹ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।

ਅਰੁਣ ਸ੍ਰੀਵਾਸਤਵ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਨਰਿੰਦਰ ਮੋਦੀ ਨੂੰ ਸੋਸ਼ਲ ਡੈਮੋਕਰੇਟ ਹੋਣ ਦਾ ਮਖੌਟਾ ਪਾਈ ਰੱਖਣਾ ਪਸੰਦ ਨਹੀਂ। ਇਕ ਚੋਣ ਰੈਲੀ ਵਿਚ ਉੱਤਰਾਖੰਡ ਦੇ ਲੋਕਾਂ ਨੂੰ ਉਹਨੇ ਸੱਦਾ ਦਿੱਤਾ: "ਚੁਨ ਚੁਨ ਕਰ ਸਾਫ਼ ਕਰ ਦੋ। ਇਸ ਬਾਰ ਇਨਕੋ ਮੈਦਾਨ ਮੇਂ ਮਤ ਰਹਨੇ ਦੋ।" ਇਹ ਉਸ ਦੀ ਤਾਨਾਸ਼ਾਹ ਖ਼ੂਬੀ ਦਾ ਪ੍ਰਤੀਬਿੰਬ ਹੈ ਜਿਸ ਨੂੰ ਉਹ ਲੰਮੇ ਸਮੇਂ ਤੋਂ ਧਿਆਨ ਨਾਲ ਪਾਲ ਰਿਹਾ ਹੈ।

ਜਿਸ ਗੱਲ ਨੇ ਉਸ ਨੂੰ ਅਜਿਹੇ ਹਮਲਾਵਰ ਤਰੀਕੇ ਨਾਲ ਆਦੇਸ਼ ਦੇਣ ਲਈ ਪ੍ਰੇਰਿਆ, ਉਹ ਸੀ ਰਾਹੁਲ ਗਾਂਧੀ ਦਾ ਦਿੱਲੀ ਵਿਚ ਇੰਡੀਆ ਗੱਠਜੋੜ ਦੀ ਮੀਟਿੰਗ ਵਿਚ ਇਹ ਖਦਸ਼ਾ ਜ਼ਾਹਿਰ ਕਰਨਾ ਕਿ ਜੇ ਭਾਜਪਾ "ਮੈਚ ਫਿਕਸਿੰਗ" ਰਾਹੀਂ ਚੋਣ ਜਿੱਤਦੀ ਹੈ ਅਤੇ ਸੰਵਿਧਾਨ ਬਦਲਦੀ ਹੈ ਤਾਂ ਮੁਲਕ ਵਿਚ "ਅੱਗ ਲੱਗ ਜਾਵੇਗੀ" ਅਤੇ ਇਸ ਦਾ ਮਤਲਬ ਹੋਵੇਗਾ ਜ਼ਿੰਦਾ ਨਾ ਬਚਣਾ। ਰਾਹੁਲ ਨੂੰ ਇਹ ਟਿੱਪਣੀ ਕਿਉਂ ਕਰਨੀ ਪਈ? ਰਾਹੁਲ ਲਈ ਸੰਕਟ ਦੀ ਕਲਪਨਾ ਕਰਨ ਦਾ ਕੋਈ ਠੋਸ ਕਾਰਨ ਜ਼ਰੂਰ ਹੋਵੇਗਾ ਪਰ ਮੋਦੀ ਨੇ ਆਪਣੇ ਵੱਲੋਂ ਸਪਸ਼ਟੀਕਰਨ ਦੇਣ ਦੀ ਬਜਾਇ ਇਹ ਕਹਿ ਕੇ ਮੋੜਵਾਂ ਵਾਰ ਕੀਤਾ: "ਕਾਂਗਰਸ ਲੋਕਤੰਤਰ ਵਿਚ ਵਿਸ਼ਵਾਸ ਨਹੀਂ ਰੱਖਦੀ ਅਤੇ ਲੋਕਾਂ ਨੂੰ ਭੜਕਾ ਰਹੀ ਹੈ। ਉਹ ਐਮਰਜੈਂਸੀ ਅਤੇ ਅਰਾਜਕਤਾ ਵਿਚ ਵਿਸ਼ਵਾਸ ਰੱਖਦੇ ਹਨ, ਉਹ ਭਾਰਤ ਨੂੰ ਅਸਥਿਰ ਕਰਨਾ ਚਾਹੁੰਦੇ ਹਨ।"

ਲੋਕ ਸਭਾ ਚੋਣ ਹਾਰਨ ਦਾ ਖ਼ਤਰਾ ਮੰਡਰਾਉਣ ਨਾਲ ਭਗਵੇਂਕਰਨ ਦੇ ਮਹਾਂ ਨਾਇਕ ਮੋਦੀ ਵੱਲੋਂ ਚੋਣ ਮੈਦਾਨ ਵਿਚੋਂ ਵਿਰੋਧੀ ਧਿਰ ਨੂੰ ਖ਼ਤਮ ਕਰਨ ਲਈ ਹੋਰ ਪਿਛਾਖੜੀ ਕਦਮ ਚੁੱਕਣ ਦੇ ਡਰ ਨੇ ਨਾ ਸਿਰਫ਼ ਮੁਲਕ ਦੇ ਰਾਜਨੀਤਕ ਆਗੂਆਂ ਨੂੰ ਸਗੋਂ ਆਮ ਲੋਕਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਲੋਕਾਂ ਦੇ ਇਕ ਹਿੱਸੇ ਨੇ ਚੋਣਾਂ ਦੀ ਰਾਜਨੀਤਕ ਵਾਜਬੀਅਤ ਅਤੇ ਸਾਰਥਕਤਾ ਬਾਰੇ ਪਹਿਲਾਂ ਹੀ ਚਰਚਾ ਸ਼ੁਰੂ ਕਰ ਦਿੱਤੀ ਹੈ। ਅਦਿੱਖ ਖ਼ਤਰੇ ਨਾਲ ਪਾਗਲ ਹੋ ਜਾਣ ਦਾ ਦੌਰਾ ਕਾਫ਼ੀ ਗੰਭੀਰ ਹੈ।

ਸ਼ਾਇਦ ਮੋਦੀ ਆਪਣੀਆਂ ਪਾਲਤੂ ਸੰਸਥਾਵਾਂ ਈ.ਡੀ., ਸੀ.ਬੀ.ਆਈ., ਆਈ.ਟੀ. ਸੈੱਲ ਅਤੇ ਪੁਲਿਸ ਦੁਆਰਾ ਆਪਣੇ ਵਿਰੋਧੀਆਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਉਨ੍ਹਾਂ ਨੂੰ ਕੁਚਲਣ ਦੀਆਂ ਕਾਰਵਾਈਆਂ ਤੋਂ ਸੰਤੁਸ਼ਟ ਨਹੀਂ ਹੈ, ਉਸ ਨੇ ਸਿਰਫ਼ ਚਾਰ ਦਿਨ ਪਹਿਲਾਂ ਹੀ ਵਿਰੋਧੀ ਧਿਰ ਨੂੰ ਸਖ਼ਤ ਕਾਰਵਾਈ ਕਰਨ ਦੀ ਦੁਬਾਰਾ ਧਮਕੀ ਦਿੱਤੀ ਹੈ ਪਰ ਉਸ ਨੇ ਉਨ੍ਹਾਂ ਸਖ਼ਤ ਕਾਰਵਾਈਆਂ ਦੇ ਸੁਭਾਅ ਅਤੇ ਖ਼ਾਸੇ ਬਾਰੇ ਸਪਸ਼ਟ ਨਹੀਂ ਕੀਤਾ ਜਿਸ ਦਾ ਸਹਾਰਾ ਲੈਣ ਦੀ ਯੋਜਨਾ ਉਹ ਬਣਾ ਰਿਹਾ ਹੈ। ਮੇਰਠ ਵਿਚ ਚੋਣ ਰੈਲੀ ਦੌਰਾਨ ਉਸ ਦਾ ਇਰਾਦਾ ਸਪੱਸ਼ਟ ਸਾਹਮਣੇ ਆਇਆ: "ਪਿਛਲੇ 10 ਸਾਲੋਂ ਮੇਂ ਆਪਨੇ ਵਿਕਾਸ ਕਾ ਸਿਰਫ਼ ਟ੍ਰੇਲਰ ਦੇਖਾ ਹੈ, ਅਬ ਹਮੇਂ ਦੇਸ਼ ਕੋ ਬਹੁਤ ਆਗੇ ਲੇ ਜਾਨਾ ਹੈ। ਮੈਂ 2029 ਮੇਂ ਆਪ ਕੇ ਪਾਸ ਰਿਪੋਰਟ ਕਾਰਡ ਲੇਕਰ ਆਨੇ ਕੇ ਲੀਏ ਤੈਯਾਰ ਹੂੰ।"

ਉਹ ਇਹ ਦੱਸਣ ਲਈ ਇਕ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ ਕਿ ਉਹ ਪੁਰਾਣੇ ਜ਼ਮਾਨੇ ਦੇ ਤਾਕਤਵਰ ਬਾਦਸ਼ਾਹਾਂ ਦਾ ਆਧੁਨਿਕ ਰੂਪ ਹੈ ਜੋ ਸਿਰਫ਼ ਆਪਣੀ ਹਮਲਾਵਰ ਸਮਰੱਥਾ ਵਿਚ ਯਕੀਨ ਰੱਖਦੇ ਸਨ। ਉਸ ਨੇ ਕਿਹਾ, "ਕਦੇ ਅਯੁੱਧਿਆ ਵਿਚ ਮੰਦਰ ਬਣੇਗਾ, ਇਹ ਲੋਕਾਂ ਨੂੰ ਮੁਸ਼ਕਲ ਲੱਗਦਾ ਸੀ ਪਰ ਰਾਮ ਮੰਦਰ ਬਣਿਆ ਅਤੇ ਇਸ ਵਾਰ ਅਵਧ ਵਿਚ ਰਾਮ ਲੱਲਾ ਨੇ ਵੀ ਖ਼ੂਬ ਹੋਲੀ ਖੇਡੀ, ਜਿਵੇਂ ਮਥੁਰਾ ਵਿਚ ਖੇਡੀ ਜਾਂਦੀ ਹੈ।"

ਉਸ ਨੇ ਇਹ ਵੀ ਚੇਤੇ ਕਰਾਇਆ: "ਤਿੰਨ ਤਲਾਕ ਦਾ ਕਾਨੂੰਨ ਵੀ ਲੋਕਾਂ ਨੂੰ ਅਸੰਭਵ ਲੱਗਦਾ ਸੀ, ਹੁਣ ਨਾ ਸਿਰਫ਼ ਇਹ ਕਾਨੂੰਨ ਬਣ ਚੁੱਕਾ ਹੈ ਬਲਕਿ ਇਹ ਹਜ਼ਾਰਾਂ ਮੁਸਲਮਾਨ ਭੈਣਾਂ ਦੀ ਜ਼ਿੰਦਗੀ ਬਚਾ ਰਿਹਾ ਹੈ। ਜੰਮੂ ਕਸ਼ਮੀਰ ਵਿਚ ਧਾਰਾ 370 ਕਦੇ ਹਟੇਗੀ, ਇਹ ਵੀ ਅਸੰਭਵ ਲੱਗਦਾ ਸੀ ਲੇਕਿਨ ਧਾਰਾ 370 ਵੀ ਹਟੀ ਅਤੇ ਜੰਮੂ ਕਸ਼ਮੀਰ ਦਾ ਤੇਜ਼ ਵਿਕਾਸ ਵੀ ਹੋ ਰਿਹਾ ਹੈ। ਇਸੇ ਲਈ ਅੱਜ ਲੋਕ ਬੀ.ਜੇ.ਪੀ. ਨੂੰ 370 ਸੀਟਾਂ ਦਾ ਆਸ਼ੀਰਵਾਦ ਵੀ ਦੇ ਰਹੇ ਹਨ।" ਉਸ ਦਾ ਮੇਰਠ ਵਾਲਾ ਭਾਸ਼ਣ ਨਿਰਾ ਉਸ ਦੀ ਸਵੈ-ਪ੍ਰਸ਼ੰਸਾ ਜਾਂ ਸਵੈ-ਪੁਸ਼ਟੀ ਫ਼ਿਤਰਤ ਵਾਲਾ ਨਹੀਂ ਸੀ।

ਲੋਕਤੰਤਰ ਬਾਰੇ ਉਸ ਦੀ ਜਨਤਕ ਵਚਨਬੱਧਤਾ ਉਸ ਦੇ ਅਸਲੀ ਤਾਨਾਸ਼ਾਹ ਕਿਰਦਾਰ ਨੂੰ ਛੁਪਾਉਣ ਲਈ ਸਿਰਫ਼ ਓਹਲਾ ਹੈ। ਇਤਿਹਾਸਕ ਤੱਥ ਇਸ਼ਾਰਾ ਕਰਦੇ ਹਨ ਕਿ ਦੱਬੀਆਂ ਹੋਈਆਂ ਭਾਵਨਾਵਾਂ ਦਾ ਸ਼ਿਕਾਰ ਹੁਕਮਰਾਨ ਅਕਸਰ

ਤਾਨਾਸ਼ਾਹ ਬਣ ਜਾਂਦਾ ਹੈ। ਉਹ ਆਪਣੀ ਸਰਵਉੱਚਤਾ ਦਾ ਦਾਅਵਾ ਕਰਨ 'ਚ ਪੀੜ ਪਰੁੰਨੀ ਖ਼ੁਸ਼ੀ ਦਾ ਆਨੰਦ ਲੈਂਦਾ ਹੈ। ਇਹ ਸੱਚ ਹੈ, ਮੋਦੀ ਦੇ ਮਾਮਲੇ 'ਚ ਵੀ ਇਹੀ ਹੋਇਆ ਹੈ। ਫਿਰ ਵੀ ਬਾਦਸ਼ਾਹਾਂ ਅਤੇ ਮੋਦੀ ਵਿਚ ਇਕ ਮਹੀਨ ਅੰਤਰ ਹੈ। ਉਹ ਕਿਉਂਕਿ ਲੋਕਤੰਤਰੀ ਨਿਯਮਾਂ ਅਤੇ ਦਸਤੂਰਾਂ 'ਤੇ ਸਵਾਰ ਹੋ ਕੇ ਸੱਤਾ 'ਚ ਆਇਆ ਹੈ, ਇਸ ਲਈ ਉਸ ਵਿਚ ਲੋਕਤੰਤਰ ਨੂੰ ਰੱਦ ਕਰਨ ਦੀ ਹਿੰਮਤ ਨਹੀਂ ਹਾਲਾਂਕਿ ਉਸ ਦੀਆਂ ਕੁਲ ਕਾਰਵਾਈਆਂ ਇਸੇ ਪਾਸੇ ਇਸ਼ਾਰਾ ਕਰਦੀਆਂ ਹਨ। ਉਹ ਦੂਜਿਆਂ ਨਾਲੋਂ ਜ਼ਿਆਦਾ ਲੋਕਤੰਤਰੀ ਹੋਣ ਦਾ ਦਿਖਾਵਾ ਕਰਦਾ ਹੈ।

ਆਪਣੇ 10 ਸਾਲਾਂ ਦੇ ਰਾਜ ਦੌਰਾਨ ਮੋਦੀ ਦੋ ਥੰਮ੍ਹਾਂ- ਵਿਧਾਨ ਅਤੇ ਨੌਕਰਸ਼ਾਹੀ ਨੂੰ ਵੱਖ ਕਰਨ ਵਿਚ ਕਾਮਯਾਬ ਰਿਹਾ ਹੈ। ਸੰਸਦ ਵਿਚ ਜਨਤਕ ਮੁੱਦਿਆਂ 'ਤੇ ਲੋਕ ਚਰਚਾ ਨਹੀਂ ਕਰਦੇ ਅਤੇ ਨੌਕਰਸ਼ਾਹਾਂ ਨੂੰ ਉਸ ਦੇ ਪੈਰਾਂ ਵਿਚ ਵਿਛਦੇ ਦੇਖ ਚੁੱਕੇ ਹਨ। ਕਿਰਨ ਰਿਜਿਜੂ ਦੇ ਰੂਪ 'ਚ ਉਸ ਕੋਲ ਨਿਆਂਪਾਲਿਕਾ ਨੂੰ ਸ਼ਾਂਤ ਕਰਨ ਲਈ ਆਦਰਸ਼ ਸ਼ਖ਼ਸ ਸੀ। ਕਾਨੂੰਨ ਮੰਤਰੀ ਰਿਜਿਜੂ ਨੇ ਨਿਆਂਪਾਲਿਕਾ ਨੂੰ ਮੋਦੀ ਦੇ ਹੁਕਮ ਮੰਨਣ ਲਈ ਮਜਬੂਰ ਕਰਨ ਵਾਸਤੇ ਹਰ ਤਰ੍ਹਾਂ ਦੀਆਂ ਸਾਜ਼ਿਸ਼ਾਂ ਦਾ ਸਹਾਰਾ ਲਿਆ ਪਰ ਉਹ ਸੀ.ਜੇ.ਆਈ. (ਚੀਫ ਜਸਟਿਸ) ਡੀ.ਵਾਈ. ਚੰਦਰਚੂੜ ਦੇ ਸਾਹਮਣੇ ਬੇਹੱਦ ਬੌਣਾ ਸਾਬਤ ਹੋਇਆ ਅਤੇ ਆਖ਼ਿਰਕਾਰ ਉਸ ਨੂੰ ਅਹੁਦਾ ਛੱਡਣਾ ਪਿਆ। ਉਦੋਂ ਤੋਂ ਹੀ ਮੋਦੀ ਜਸਟਿਸ ਚੰਦਰਚੂੜ ਨੂੰ ਹਰਾਉਣ ਅਤੇ ਉਸ ਨੂੰ ਝੁਕਣ ਲਈ ਮਜਬੂਰ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਹਾਲ ਹੀ ਵਿਚ 600 ਤੋਂ ਵੱਧ ਵਕੀਲਾਂ ਵੱਲੋਂ ਜਸਟਿਸ ਚੰਦਰਚੂੜ ਨੂੰ ਚਿੱਠੀ ਲਿਖ ਕੇ ਦੋਸ਼ ਲਾਇਆ ਗਿਆ ਹੈ ਕਿ ਇਕ "ਸਵਾਰਥੀ ਸਮੂਹ" ਨਿਆਂਪਾਲਿਕਾ 'ਤੇ ਦਬਾਅ ਬਣਾਉਣ ਅਤੇ ਅਦਾਲਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਵੱਡੀ ਗੇਮ ਦਾ ਹਿੱਸਾ ਹੈ। ਮੋਦੀ ਨੂੰ ਪਤਾ ਹੈ ਕਿ ਚੀਫ ਜਸਟਿਸ ਉੱਪਰ ਕਿਸੇ ਵੀ ਤਰ੍ਹਾਂ ਦਾ ਸਿੱਧਾ ਹਮਲਾ ਕਰਨਾ ਜਾਂ ਉਸ ਵਿਰੁੱਧ ਭੰਡੀ ਮੁਹਿੰਮ ਸ਼ੁਰੂ ਕਰਨਾ ਘਾਤਕ ਸਾਬਤ ਹੋਵੇਗਾ ਅਤੇ ਉਸ ਦਾ ਮੋੜਵਾਂ ਜਵਾਬ ਵੀ ਆਵੇਗਾ। ਉਹ ਜਾਣਦਾ ਹੈ ਕਿ ਕੋਈ ਵੀ ਜਨਤਕ ਸੰਕੇਤ ਲੋਕਾਂ ਨੂੰ ਉਸ ਦੇ ਵਿਰੋਧੀ ਬਣਾ ਦੇਵੇਗਾ।

ਇਨ੍ਹਾਂ ਵਕੀਲਾਂ ਨੇ ਆਪਣੀ ਚਿੱਠੀ ਵਿਚ ਚੀਫ ਜਸਟਿਸ ਦੀ ਤਾਰੀਫ਼ ਕੀਤੀ ਅਤੇ ਉਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੋਦੀ ਦੇ ਵਿਰੋਧੀ ਵਕੀਲ ਉਸ ਦੀ ਦੁਰਵਰਤੋਂ ਕਰਨ ਅਤੇ ਉਸ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਚਿੱਠੀ ਵਿਚ ਲਿਖਿਆ ਹੈ, "ਚੀਫ ਜਸਟਿਸ ਚੰਦਰਚੂੜ ਦੀ ਅਗਵਾਈ ਇਸ 'ਮੁਸ਼ਕਲ ਸਮੇਂ' ਵਿਚ ਮਹੱਤਵਪੂਰਨ ਹੈ ਅਤੇ ਸੁਪਰੀਮ ਕੋਰਟ ਨੂੰ ਮਜ਼ਬੂਤ ਰਹਿਣਾ ਚਾਹੀਦਾ ਹੈ। ਇਹ ਸਨਮਾਨਜਨਕ ਚੁੱਪ ਬਣਾਈ ਰੱਖਣ ਦਾ ਵਕਤ ਨਹੀਂ ਹੈ।" ਸੀਨੀਅਰ ਐਡਵੋਕੇਟ ਹਰੀਸ਼ ਸਾਲਵੇ ਅਤੇ ਬਾਰ ਕੌਂਸਲ ਦੇ ਚੇਅਰਮੈਨ ਮਨਨ ਕੁਮਾਰ ਮਿਸ਼ਰਾ ਦੀ ਅਗਵਾਈ ਹੇਠ ਵਕੀਲਾਂ ਨੇ ਚੀਫ ਜਸਟਿਸ ਨੂੰ ਲਿਖੀ ਚਿੱਠੀ 'ਚ ਦੋਸ਼ ਲਾਇਆ ਕਿ "ਸਵਾਰਥੀ ਸਮੂਹ" ਨਿਆਂਪਾਲਿਕਾ 'ਤੇ ਦਬਾਅ ਬਣਾਉਣ ਅਤੇ ਅਦਾਲਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਖ਼ਾਸ ਕਰ ਕੇ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ।

ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੀ ਚਿੱਠੀ ਨੇ ਸਮਾਜ ਦੇ ਕੁਲੀਨ ਲਾਣੇ ਦੇ ਡਰਾਇੰਗ ਰੂਮਾਂ ਵਿਚ ਕੋਈ ਤੂਫ਼ਾਨ ਨਹੀਂ ਲਿਆਂਦਾ। ਇਹ ਮੁਲਕ ਦੇ ਆਮ ਲੋਕਾਂ ਨੂੰ ਉਕਸਾਉਣ ਵਿਚ ਵੀ ਅਸਫ਼ਲ ਰਹੀ। ਫਿਰ ਵੀ ਉਸ ਨੇ ਚੀਫ ਜਸਟਿਸ 'ਤੇ ਦਬਾਅ ਪਾਉਣ ਲਈ ਇਸ ਨੂੰ ਵਰਤਣ ਦੀ ਪੂਰੀ ਕੋਸ਼ਿਸ਼ ਕੀਤੀ। ਪਿਛਲੇ ਮੌਕਿਆਂ ਵਾਂਗ ਉਸ ਨੇ ਇਕ ਵਾਰ ਫਿਰ ਕਾਂਗਰਸ 'ਤੇ ਨਿਸ਼ਾਨਾ ਸਾਧਿਆ। ਇਸ ਵਿਚ ਗੁਪਤ ਮਨੋਰਥ ਅਤੇ ਮਨਸ਼ੇ ਹਨ। ਉਹ ਲੋਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਆਰ.ਐੱਸ.ਐੱਸ. ਜਾਂ ਭਗਵਾਕਰਨ ਨਿਆਂਪਾਲਿਕਾ ਨੂੰ ਨਿਰਦੇਸ਼ ਨਹੀਂ ਦੇ ਰਿਹਾ ਸਗੋਂ ਇਹ ਤਾਂ ਉਸ ਦੇ ਹੁਕਮਾਂ ਦੀ ਪਾਲਣਾ ਕਰ ਰਿਹਾ ਹੈ। ਇਕ ਤਰ੍ਹਾਂ ਨਾਲ ਮੋਦੀ ਨੇ ਨਿਆਂਪਾਲਿਕਾ ਨੂੰ ਪਲੀਤ ਕਰ ਦਿੱਤਾ।

ਉਸ ਦੇ ਬਿਆਨ ਨੂੰ ਗੰਭੀਰਤਾ ਨਾਲ ਦੇਖਣਾ ਜ਼ਰੂਰੀ ਹੈ: "ਦੂਜਿਆਂ ਨੂੰ ਡਰਾਉਣਾ ਅਤੇ ਧਮਕਾਉਣਾ ਕਾਂਗਰਸ ਦੀ ਪੁਰਾਣੀ ਸੰਸਕ੍ਰਿਤੀ ਹੈ। ਪੰਜ ਦਹਾਕੇ ਪਹਿਲਾਂ ਉਨ੍ਹਾਂ ਨੇ "ਪ੍ਰਤੀਬੱਧ ਨਿਆਂਪਾਲਿਕਾ" ਦਾ ਹੋਕਾ ਦਿੱਤਾ ਸੀ- ਉਹ ਬੇਸ਼ਰਮੀ ਨਾਲ ਆਪਣੇ ਸਵਾਰਥਾਂ ਦੀ ਖ਼ਾਤਰ ਦੂਜਿਆਂ ਤੋਂ ਤਾਂ ਪ੍ਰਤੀਬੱਧਤਾ ਚਾਹੁੰਦੇ ਹਨ ਪਰ ਰਾਸ਼ਟਰ ਦੇ ਪ੍ਰਤੀ ਕਿਸੇ ਵੀ ਪ੍ਰਤੀਬੱਧਤਾ ਤੋਂ ਟਲਦੇ ਹਨ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 140 ਕਰੋੜ ਭਾਰਤੀ ਲੋਕ ਉਨ੍ਹਾਂ ਨੂੰ ਰੱਦ ਕਰ ਰਹੇ ਹਨ।"

ਝੂਠ ਬੋਲਣ ਅਤੇ ਇਤਿਹਾਸਕ ਤੱਥ ਤੋੜ-ਮਰੋੜ ਕੇ ਪੇਸ਼ ਕਰਨ ਲਈ ਮਸ਼ਹੂਰ ਮੋਦੀ ਇਸ ਚਿੱਠੀ ਦੀ ਵਰਤੋਂ ਖ਼ੁਦ ਨੂੰ ਨਿਆਂਇਕ ਕਾਰਵਾਈਆਂ ਅਤੇ ਵਿਰੋਧੀ ਧਿਰ ਦੀ ਆਲੋਚਨਾ ਦੇ ਪੀੜਤ ਦੇ ਰੂਪ 'ਚ ਪੇਸ਼ ਕਰਨ ਲਈ ਕਰ ਰਿਹਾ ਹੈ। ਕਾਂਗਰਸ ਸਹੀ ਕਹਿ ਰਹੀ ਸੀ: "ਨਿਆਂਪਾਲਿਕਾ ਦੀ ਰੱਖਿਆ ਦੇ ਨਾਂ 'ਤੇ ਉਸ ਉੱਪਰ ਹਮਲੇ ਦੀ ਯੋਜਨਾ ਬਣਾਉਣ 'ਚ ਪ੍ਰਧਾਨ ਮੰਤਰੀ ਦੀ ਬੇਸ਼ਰਮੀ 'ਦੰਭ ਦੀ ਸਿਖਰ' ਹੈ। ਸੁਪਰੀਮ ਕੋਰਟ ਨੇ ਹਾਲੀਆ ਹਫ਼ਤਿਆਂ ਵਿਚ ਉਸ ਉੱਪਰ ਗੰਭੀਰ ਹਮਲੇ ਕੀਤੇ ਹਨ। ਚੋਣ ਬੌਂਡ ਯੋਜਨਾ ਇਸ ਦੀ ਮਿਸਾਲ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਅਸੰਵਿਧਾਨਕ ਕਰਾਰ ਦਿੱਤਾ ਹੈ, ਤੇ ਹੁਣ ਇਹ ਸਾਬਤ ਹੋ ਗਿਆ ਹੈ ਕਿ ਉਹ ਭੈਅ, ਬਲੈਕਮੇਲ ਕਰਨ ਅਤੇ ਬਾਂਹ ਮਰੋੜ ਕੇ ਕੰਪਨੀਆਂ ਨੂੰ ਭਾਜਪਾ ਨੂੰ ਚੰਦਾ ਦੇਣ ਲਈ ਮਜਬੂਰ ਕਰਨ ਦਾ ਜ਼ਬਰਦਸਤ ਸਾਧਨ ਸਨ।"

ਸੱਚ ਕਹੀਏ ਤਾਂ ਚਿੱਠੀ ਦਾ ਮਨੋਰਥ ਸੁਪਰੀਮ ਕੋਰਟ, ਖ਼ਾਸ ਕਰ ਕੇ ਚੀਫ ਜਸਟਿਸ ਚੰਦਰਚੂੜ ਨੂੰ ਨੀਵਾਂ ਦਿਖਾਉਣਾ ਅਤੇ ਅਪਮਾਨਿਤ ਕਰਨਾ ਹੈ। ਚਿੱਠੀ 'ਤੇ ਦਸਤਖ਼ਤ ਕਰਨ ਵਾਲੇ ਸਾਰੇ ਮੁੱਖ ਸ਼ਖ਼ਸ ਮੋਦੀ ਦੇ ਬੰਦੇ ਹਨ। ਹਰੀਸ਼ ਸਾਲਵੇ ਚੋਣ ਬੌਂਡ ਯੋਜਨਾ ਵਿਚ ਭਾਰਤੀ ਸਟੇਟ ਬੈਂਕ (ਐੱਸ.ਬੀ.ਆਈ.) ਦਾ ਬਚਾਅ ਕਰਨ ਲਈ ਚੀਫ ਜਸਟਿਸ ਦੇ ਸਾਹਮਣੇ ਪੇਸ਼ ਹੋਇਆ ਸੀ ਜਿਸ ਨੂੰ ਚੀਫ ਜਸਟਿਸ ਨੇ ਗੈਰ-ਸੰਵਿਧਾਨਕ ਕਰਾਰ ਦਿੱਤਾ ਸੀ।

ਹੈਰਾਨੀ ਦੀ ਗੱਲ ਹੈ ਕਿ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਆਦਿਸ ਸੀ. ਅਗਰਵਾਲ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਚਿਠੀ ਲਿਖੀ ਜਿਸ ਵਿਚ ਸਿਆਸੀ ਪਾਰਟੀਆਂ ਨੂੰ ਫੰਡ ਦੇਣ ਵਾਲੇ ਕਾਰਪੋਰੇਟ ਘਰਾਣਿਆਂ ਦੀ ਰੱਖਿਆ ਕਰਨ ਲਈ ਚੁਣਾਵੀ ਬੌਂਡ ਸਕੀਮ ਬਾਬਤ ਅਦਾਲਤ ਦੇ ਹਾਲੀਆ ਫ਼ੈਸਲੇ ਵਿਚ ਦਖ਼ਲ ਦੇਣ ਦੀ ਮੰਗ ਕੀਤੀ ਗਈ। ਐਸੋਸੀਏਸ਼ਨ ਦੀ ਕਾਰਜਕਾਰਨੀ ਕਮੇਟੀ ਨੇ ਬਿਆਨ ਜਾਰੀ ਕਰ ਕੇ ਆਪਣੇ ਆਪ ਨੂੰ ਇਸ ਪਟੀਸ਼ਨ ਤੋਂ ਵੱਖ ਕਰ ਲਿਆ ਹੈ। ਇਹ ਕਾਰਪੋਰੇਟ ਖੇਤਰ ਦੇ ਹਿਤਾਂ ਦੀ ਰਾਖੀ ਅਤੇ ਮੋਦੀ ਦੇ ਚਿਹਰੇ ਨੂੰ ਕਲੰਕਿਤ ਹੋਣ ਤੋਂ ਬਚਾਉਣ ਲਈ ਅਸਾਧਾਰਨ ਕਦਮ ਸੀ।

ਸੱਜੇ ਪੱਖੀ ਅਤੇ ਫਾਸ਼ੀਵਾਦੀ ਤਾਕਤਾਂ ਮੁਲਕ ਦੀ ਸਿਆਸਤ ਅਤੇ ਰਾਜਨੀਤਕ ਢਾਂਚੇ 'ਤੇ ਆਪਣਾ ਕਬਜ਼ਾ ਬਣਾਈ ਰੱਖਣ 'ਤੇ ਤੁਲੀਆਂ ਹੋਈਆਂ ਹਨ, ਇੱਧਰ ਧਰਮ ਨਿਰਪੱਖ ਕਹਾਉਂਦੀਆਂ ਤਾਕਤਾਂ ਅਜੇ ਵੀ ਉਨ੍ਹਾਂ ਨਾਲ ਟੱਕਰ ਲੈਣ ਲਈ ਗੰਭੀਰ ਨਹੀਂ। ਜਿੱਥੇ ਮੋਦੀ ਨਵੇਂ ਸਿਰੇ ਤੋਂ ਹਮਲਾ ਕਰਨ ਦੀ ਤਿਆਰੀ ਵਿਚ ਹੈ, ਉੱਥੇ ਉਹ (ਵਿਰੋਧੀ) ਆਪੋ ਵਿਚ ਹੀ ਲੜ ਰਹੇ ਹਨ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਉਹ ਕਾਂਗਰਸ ਅਤੇ ਰਾਹੁਲ ਗਾਂਧੀ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੇ ਹਨ ਹਾਲਾਂਕਿ ਉਹ ਕਾਂਗਰਸ ਦੇ ਛਕੜੇ 'ਤੇ ਸਵਾਰ ਹੋਣ ਅਤੇ ਰਾਹੁਲ ਦੇ ਨਾਂ ਦਾ ਲਾਹਾ ਲੈਣ ਲਈ ਬਹੁਤ ਤਾਹੂ ਹਨ।

ਆਉ ਤਿੰਨ ਰਾਜਾਂ ਯੂ.ਪੀ., ਬਿਹਾਰ ਅਤੇ ਝਾਰਖੰਡ ਨੂੰ ਲਈਏ ਜੋ ਭਾਰਤ ਲਈ ਕਾਫ਼ੀ ਮਹੱਤਵ ਰੱਖਦੇ ਹਨ। ਲੋਕ ਵਿਰੋਧੀ ਭਾਵਨਾ ਦਾ ਸਮੁੱਚੇ ਪੂਰਬੀ ਅਤੇ ਉੱਤਰੀ ਰਾਜਾਂ 'ਤੇ ਗਹਿਰਾ ਪ੍ਰਭਾਵ ਪਵੇਗਾ। ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਮੁਖੀ ਲਾਲੂ ਯਾਦਵ ਦੇ ਇੰਡੀਆ ਗੱਠਜੋੜ ਪ੍ਰਤੀ ਰਵੱਈਏ ਵਿਚ ਅਚਾਨਕ ਆਏ ਬਦਲਾਓ ਅਤੇ ਉਨ੍ਹਾਂ ਨੂੰ ਉਹ ਸੀਟਾਂ ਅਲਾਟ ਕਰਨ ਦੀ ਬੇਨਤੀ ਨੂੰ ਨਾ ਮੰਨਣ ਦੀ ਉਸ ਦੀ ਆਪਹੁਦਰੀ ਰਣਨੀਤੀ ਕਾਰਨ ਬਿਹਾਰ ਵਿਚ ਇੰਡੀਆ ਗੱਠਜੋੜ ਦੀਆਂ ਹਿੱਸੇਦਾਰ ਪਾਰਟੀਆਂ ਵਿਚ ਨਿਰਾਸ਼ਾ ਦਾ ਆਲਮ ਹੈ ਜਿੱਥੇ ਉਨ੍ਹਾਂ ਦੀਆਂ ਜੜ੍ਹਾਂ ਹਨ।

ਗੱਠਜੋੜ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਤੇਜਸਵੀ ਦੀ 'ਜਨ ਵਿਸ਼ਵਾਸ ਯਾਤਰਾ' ਨੂੰ ਮਿਲੇ ਭਰਵੇਂ ਹੁੰਗਾਰੇ ਕਾਰਨ ਲਾਲੂ ਨੇ ਸਹਿਯੋਗੀ ਤਾਕਤਾਂ ਪ੍ਰਤੀ ਸਖ਼ਤ ਰੁਖ ਅਪਣਾਇਆ ਹੈ। ਬਿਹਾਰ ਮਹਾਗਠਬੰਧਨ ਵਿਚ ਤਿੰਨ ਮੁੱਖ ਪਾਰਟੀਆਂ ਹਨ- ਆਰ.ਜੇ.ਡੀ., ਕਾਂਗਰਸ ਅਤੇ ਸੀ.ਪੀ.ਆਈ.(ਐੱਮ.ਐੱਲ.) ਦੀ ਅਗਵਾਈ ਵਾਲੀਆਂ ਖੱਬੀਆਂ ਪਾਰਟੀਆਂ, ਪਰ ਉਹ ਉਨ੍ਹਾਂ ਨੂੰ ਆਪਣੀ ਪੇਸ਼ਕਸ਼ ਮੰਨਣ ਲਈ ਮਜਬੂਰ ਕਰਨ ਲਈ ਧਮਕਾਊ ਦਾਅਪੇਚ ਵਰਤ ਰਿਹਾ ਹੈ; ਲਾਲੂ ਪੱਪੂ ਯਾਦਵ ਨੂੰ ਪੂਰਨੀਆ ਸੀਟ ਦੇਣ ਲਈ ਤਿਆਰ ਨਹੀਂ ਜਿਸ ਦੀ ਪਤਨੀ ਪਹਿਲਾਂ ਹੀ ਕਾਂਗਰਸ ਦੀ ਰਾਜ ਸਭਾ ਮੈਂਬਰ ਹੈ ਅਤੇ ਹਾਲ ਹੀ ਵਿਚ ਉਨ੍ਹਾਂ ਨੇ ਆਪਣੀ ਜਨ ਅਧਿਕਾਰ ਪਾਰਟੀ ਦਾ ਰਲੇਵਾਂ ਕੀਤਾ ਹੈ। ਲਾਲੂ ਬੇਗੂਸਰਾਏ ਤੋਂ ਕਾਂਗਰਸ ਦੇ ਨੌਜਵਾਨ ਆਗੂ ਕਨ੍ਹਈਆ ਕੁਮਾਰ ਨੂੰ ਚੋਣ ਮੈਦਾਨ ਵਿਚ ਉਤਾਰਨ ਦੇ ਖਿਲਾਫ਼ ਹੈ।

ਅਜਿਹਾ ਹੀ ਇਕ ਮਾਮਲਾ ਲਾਲੂ ਦਾ ਕਾਂਗਰਸ ਤੋਂ ਐੱਮ.ਐੱਲ.ਸੀ. ਦੀ ਸੀਟ ਖੋਹਣ ਦਾ ਹੈ। ਇਹ ਸੀਟ ਸੀਨੀਅਰ ਕਾਂਗਰਸੀ ਆਗੂ ਪ੍ਰੇਮ ਚੰਦਰ ਮਿਸ਼ਰਾ ਕੋਲ ਸੀ ਜਿਸ ਨੇ ਦਰਅਸਲ ਐੱਨ.ਐੱਸ.ਯੂ.ਆਈ. ਆਗੂ ਵਜੋਂ ਆਪਣਾ ਸਿਆਸੀ ਕਰੀਅਰ ਪੰਜਾਹ ਕੁ ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਲਾਲੂ ਨੇ ਇਹ ਸੀਟ ਰਾਜ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਦੀ ਸਹਿਮਤੀ ਨਾਲ ਆਪਣੀ ਹੀ ਪਾਰਟੀ ਦੇ ਉਮੀਦਵਾਰ ਨੂੰ ਅਲਾਟ ਕਰ ਦਿੱਤੀ। ਇਸ ਦੇ ਬਦਲੇ ਉਨ੍ਹਾਂ ਨੇ ਪ੍ਰਦੇਸ਼ ਕਾਂਗਰਸ ਮੁਖੀ ਨੂੰ ਰਾਜ ਸਭਾ ਮੈਂਬਰ ਚੁਣੇ ਜਾਣ ਵਿਚ ਮਦਦ ਕੀਤੀ; ਹਾਲਾਂਕਿ ਰਾਜ ਮੁਖੀ ਅਖਿਲੇਸ਼ ਪ੍ਰਸਾਦ ਸਿੰਘ ਨੇ ਦਾਅਵਾ ਕੀਤਾ: "ਮੈਂ ਲਾਲੂ ਜੀ ਨੂੰ ਮਿਲਦਾ ਰਹਿੰਦਾ ਹਾਂ। ਇਸ ਵਿਚ ਕੋਈ ਨਵੀਂ ਗੱਲ ਨਹੀਂ।" ਅਖਿਲੇਸ਼ ਪ੍ਰਸਾਦ ਸਿੰਘ ਨੇ ਆਪਣਾ ਰਾਜਨੀਤਕ ਕਰੀਅਰ ਰਾਸ਼ਟਰੀ ਜਨਤਾ ਦਲ ਤੋਂ ਸ਼ੁਰੂ ਕੀਤਾ ਸੀ ਅਤੇ ਉਸ ਪਾਰਟੀ ਦੇ ਕੋਟੇ ਨਾਲ ਉਹ ਯੂ.ਪੀ.ਏ.-1 ਸਰਕਾਰ ਵਿਚ ਮੰਤਰੀ ਸੀ।

ਸੀਟਾਂ ਉੱਪਰ ਫ਼ੈਸਲਾ ਕਰਨ ਵਿਚ ਦੇਰੀ ਨੇ ਕਾਂਗਰਸੀ ਆਗੂਆਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਕਾਂਗਰਸ ਦੇ ਘੱਟੋ-ਘੱਟ ਪੰਜ ਸੀਨੀਅਰ ਆਗੂਆਂ ਨੇ ਆਪਣੀ ਲੀਡਰਸ਼ਿਪ ਨੂੰ ਰਾਹੁਲ ਦੀ 'ਨਿਆਏ ਯਾਤਰਾ' ਕਾਰਨ ਰਾਜ ਵਿਚ ਪੈਦਾ ਹੋਈ ਸਦਭਾਵਨਾ ਦਾ ਫ਼ਾਇਦਾ ਉਠਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲਾਲੂ ਪ੍ਰਸਾਦ ਕਾਂਗਰਸ ਦੀ ਕੀਮਤ 'ਤੇ ਹਾਲਾਤ ਦਾ ਇਸਤੇਮਾਲ ਕਰ ਰਿਹਾ ਹੈ। ਉਨ੍ਹਾਂ 19 ਅਪਰੈਲ ਨੂੰ ਪਹਿਲੇ ਪੜਾਅ 'ਚ ਦੀਆਂ ਚਾਰ ਸੀਟਾਂ 'ਤੇ ਉਮੀਦਵਾਰਾਂ ਦਾ ਇਕਪਾਸੜ ਫ਼ੈਸਲਾ ਕਰਨ ਲਈ ਮਹਾਂਗਠਬੰਧਨ ਦੇ ਸੀਨੀਅਰ ਮੈਂਬਰ ਪ੍ਰਤੀ ਨਾਖ਼ੁਸ਼ੀ ਜ਼ਾਹਰ ਕੀਤੀ ਹੈ।

ਕਾਂਗਰਸ ਆਗੂਆਂ ਦਾ ਦਾਅਵਾ ਹੈ ਕਿ ਭਾਵੇਂ ਪਾਰਟੀ ਇੱਥੇ ਆਪਣਾ ਹਮਾਇਤੀ ਆਧਾਰ ਗੁਆ ਚੁੱਕੀ ਹੈ, ਫਿਰ ਵੀ 2019 ਵਿਚ ਉਹ ਇਕ ਸੀਟ ਜਿੱਤਣ ਵਿਚ ਕਾਮਯਾਬ ਰਹੀ ਸੀ; ਆਰ.ਜੇ.ਡੀ. ਇਕ ਵੀ ਸੀਟ ਨਹੀਂ ਸੀ ਜਿੱਤ ਸਕਿਆ, ਹਾਲਾਂਕਿ ਇਸ ਨੇ ਇਕੱਲਿਆਂ ਚੋਣਾਂ ਲੜਨ ਦਾ ਕੋਈ ਅਧਿਕਾਰਕ ਬਿਆਨ ਨਹੀਂ ਦਿੱਤਾ ਹੈ, ਅੰਬ ਦੇ ਰੁੱਖ ਹੇਠਾਂ ਮੰਜੇ 'ਤੇ ਬੈਠੇ ਅਤੇ ਜੈ ਪ੍ਰਕਾਸ਼ ਨਰਾਇਣ ਯਾਦਵ ਨੂੰ ਚੋਣ ਨਿਸ਼ਾਨ ਸੌਂਪਦੇ ਲਾਲੂ ਦੀ ਤਸਵੀਰ ਵਾਇਰਲ ਹੋ ਗਈ ਹੈ। ਵਿਡੰਬਨਾ ਇਹ ਹੈ ਕਿ ਉਸ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਤੋਂ ਪਹਿਲਾਂ ਗੱਠਜੋੜ ਦੇ ਦੂਜੇ ਆਗੂਆਂ ਦੀ ਸਲਾਹ ਨਹੀਂ ਲਈ।

ਇਨ੍ਹਾਂ ਆਗੂਆਂ ਨੇ ਦੋਸ਼ ਲਾਇਆ ਕਿ ਲਾਲੂ ਗੱਠਜੋੜ ਧਰਮ ਦੀ ਪਾਲਣਾ ਨਹੀਂ ਕਰ ਰਿਹਾ। ਨਾਗਾਲੈਂਡ ਦੇ ਸਾਬਕਾ ਰਾਜਪਾਲ ਅਤੇ ਦਿੱਲੀ ਦੇ ਸਾਬਕਾ ਪੁਲਿਸ ਕਮਿਸ਼ਨਰ ਨਿਖਿਲ ਕੁਮਾਰ ਨੇ ਦੋਸ਼ ਲਾਇਆ, "ਗੱਠਜੋੜ ਧਰਮ ਦੀ ਉਲੰਘਣਾ ਕੀਤੀ ਜਾ ਰਹੀ ਹੈ। ਗੱਠਜੋੜ ਦੇ ਭਾਈਵਾਲਾਂ ਨਾਲ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦਿੱਤੇ ਬਿਨਾਂ (ਆਰ.ਜੇ.ਡੀ. ਦੁਆਰਾ) ਟਿਕਟਾਂ ਵੰਡੀਆਂ ਜਾ ਰਹੀਆਂ ਹਨ। ਉਸ ਦੇ ਪਿਤਾ ਅਤੇ ਸਾਬਕਾ ਮੁੱਖ ਮੰਤਰੀ ਸਤੇਂਦਰ ਨਰਾਇਣ ਸਿਨਹਾ ਨੇ 1971 ਤੋਂ 1984 ਤੱਕ ਹਲਕੇ ਦੀ ਨੁਮਾਇੰਦਗੀ ਕੀਤੀ ਜਦਕਿ ਉਸ ਦੀ ਪਤਨੀ ਸ਼ਿਆਮਾ 1999 ਤੋਂ 2004 ਤੱਕ ਔਰੰਗਾਬਾਦ ਦੀ ਸੰਸਦ ਮੈਂਬਰ ਰਹੀ।"

ਉਮੀਦ ਕੀਤੀ ਜਾ ਰਹੀ ਸੀ ਕਿ ਨਿਤੀਸ਼ ਦੇ ਵੱਖ ਹੋ ਜਾਣ ਅਤੇ ਭਾਜਪਾ ਨਾਲ ਹੱਥ ਮਿਲਾ ਲੈਣ ਤੋਂ ਬਾਅਦ ਇੰਡੀਆ ਬਲਾਕ ਸਮੂਹਿਕ ਤੌਰ 'ਤੇ

(ਬਾਕੀ ਅਗਲੇ ਸਫੇ 'ਤੇ)

ਮਜ਼ਹਬੀ ਤੰਗਨਜ਼ਰੀ ਅਤੇ ਸਿਆਸਤ ਦੇ ਮਸਲੇ

ਅੱਜ ਧਾਰਮਿਕ ਸੱਜੇ ਪੱਖੀਆਂ ਨੇ 'ਕੇਵਲ ਹਿੰਦੂ' ਦਾ ਖੋਖ਼ਲਾ ਰਾਗ਼ ਅਲਾਪ ਕੇ ਭਾਰਤੀ ਸਭਿਅਤਾ 'ਚ ਇਸਲਾਮਿਕ ਸੱਭਿਆਚਾਰਾਂ ਦੇ ਯੋਗਦਾਨ ਨੂੰ ਧੁੰਦਲਾ ਕਰ ਦਿੱਤਾ ਹੈ। ਬਸਤੀਵਾਦੀ ਯੁੱਗ ਤੋਂ ਪਹਿਲਾਂ ਦੇ ਭਾਰਤ ਵਿਚ ਲੋਕ ਆਪਣੀ ਜਾਣ-ਪਛਾਣ ਇਕ ਖੇਤਰ, ਇਕ ਜਾਤੀ ਜਾਂ ਇਕ ਭਾਸ਼ਾਈ ਸਮੂਹ ਦੇ ਬਾਸ਼ਿੰਦੇ ਵਜੋਂ ਕਰਵਾਉਂਦੇ ਸਨ।

ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਭਾਜਪਾ ਜੇਕਰ ਆਮ ਚੋਣਾਂ ਜਿੱਤਦੀ ਹੈ ਤਾਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਦੇ ਨਿਯਮਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਹੁਣ ਕੌਮੀ ਨਾਗਰਿਕ ਰਜਿਸਟਰ (ਐੱਨ.ਆਰ.ਸੀ.) ਨੂੰ ਲਾਗੂ ਕਰਨ ਦੀ ਵਾਰੀ ਆਵੇਗੀ। ਭਾਰਤ 'ਚ ਸ਼ਰਨ ਚਾਹੁੰਦੇ ਗ਼ੈਰ-ਮੁਸਲਮਾਨਾਂ ਨੂੰ ਆਸਰਾ ਮਿਲ ਜਾਵੇਗਾ ਜਦੋਂਕਿ ਜਿਨ੍ਹਾਂ ਮੁਸਲਿਮ ਪਰਵਾਸੀਆਂ/ਸ਼ਰਨਾਰਥੀਆਂ ਕੋਲ ਢੁੱਕਵੇਂ ਦਸਤਾਵੇਜ਼ ਨਹੀਂ ਹੋਣਗੇ, ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਏਗਾ। ਹਾਲਾਂਕਿ ਸਰਕਾਰ ਦਾਅਵਾ ਕਰ ਰਹੀ ਹੈ ਕਿ ਸੀ.ਏ.ਏ. ਕਿਸੇ ਭਾਰਤੀ ਦੀ ਨਾਗਰਿਕਤਾ ਨਹੀਂ ਖੋਹੇਗਾ। ਸੀ.ਏ.ਏ. ਦੇ ਨਿਯਮਾਂ 'ਤੇ ਰੋਕ ਮੰਗਦੀਆਂ ਪਟੀਸ਼ਨਾਂ ਦਾ ਜਵਾਬ ਦੇਣ ਲਈ ਸੁਪਰੀਮ ਕੋਰਟ ਨੇ ਸਰਕਾਰ ਨੂੰ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਇਨ੍ਹਾਂ ਅਰਜ਼ੀਆਂ 'ਚ ਕਾਨੂੰਨ ਦੀ ਸੰਵਿਧਾਨਿਕ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ।

ਨੀਰਾ ਚੰਢੋਕ

ਮੁਸਲਿਮ ਸਮੂਹਾਂ 'ਚ ਬਣੇ ਭੈਅ ਤੇ ਖ਼ਦਸ਼ਿਆਂ ਵਿਚੋਂ ਅਜੋਕੇ ਭਾਰਤ ਦਾ ਮਾਯੂਸ ਅਕਸ ਝਲਕਦਾ ਹੈ। ਆਪਣੀ ਕਿਤਾਬ 'ਬਿਓਂਡ ਤੁਰਕ ਐਂਡ ਹਿੰਦੂ' ਦੀ ਜਾਣ-ਪਛਾਣ 'ਚ ਡੇਵਿਡ ਗਿਲਮਾਰਟਿਨ ਤੇ ਬਰੂਸ ਲਾਰੈਂਸ ਸਵਾਲ ਕਰਦੇ ਹਨ, 'ਮੁਸਲਮਾਨ ਹਜ਼ਾਰ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਦੱਖਣੀ ਏਸ਼ੀਆ ਦਾ ਅਨਿੱਖੜਵਾਂ ਅੰਗ ਰਹੇ ਹਨ। ਫਿਰ ਉਨ੍ਹਾਂ ਨੂੰ ਮੂਲ ਵਾਸੀਆਂ ਵਜੋਂ ਪਰਿਭਾਸ਼ਿਤ ਕਰਨ 'ਚ ਐਨੀ ਔਖ ਕਿਉਂ ਮਹਿਸੂਸ ਕੀਤੀ ਜਾ ਰਹੀ ਹੈ?' ਇਹ ਦਿਲ ਤੋੜਨ ਵਾਲਾ ਹੈ ਕਿਉਂਕਿ ਭਾਸ਼ਾਵਾਂ, ਰਵਾਇਤਾਂ, ਇਬਾਦਤ ਦੇ ਤਰੀਕਿਆਂ, ਖਾਣ-ਪੀਣ, ਆਦਤਾਂ ਤੇ ਮਾਨਸਿਕਤਾਵਾਂ ਦਾ ਰਲੇਵਾਂ ਸਾਡੀ ਸਾਂਝੀ ਵਿਰਾਸਤ ਹੈ। ਹਿੰਦੂ-ਇਸਲਾਮਿਕ ਰਲੇਵੇਂ ਨੇ ਸਾਡੇ ਸ਼ਬਦਾਂ, ਕਾਵਿ, ਕਲਾ, ਸੁੰਦਰਤਾ ਤੇ ਕਲਾਤਮਕਤਾ ਅਤੇ ਸੋਚ ਨੂੰ ਆਕਾਰ ਦਿੱਤਾ ਹੈ। ਇਕ ਸੱਭਿਆਚਾਰ ਨੂੰ ਦੂਜੇ ਤੋਂ ਵੱਖ ਕਰਨਾ ਤੇ ਉਸ ਨੂੰ 'ਵਿਦੇਸ਼ੀ' ਗਰਦਾਨ ਦੇਣਾ ਮੁਸ਼ਕਿਲ ਹੈ। ਕਿਸੇ ਸੱਭਿਆਚਾਰ ਨੂੰ ਬੇਗ਼ਾਨਾ ਬਣਾ ਕੇ ਪੇਸ਼ ਕਰਨ ਦੀ ਕੋਈ ਵੀ ਕੋਸ਼ਿਸ਼ ਇਤਿਹਾਸਕ ਤੇ ਬੌਧਿਕ ਤੌਰ 'ਤੇ ਬੇਈਮਾਨੀ ਹੈ।

ਗੁਣੀ ਕਲਾਕਾਰ ਸਈਦ ਹੈਦਰ ਰਜ਼ਾ ਨੇ ਗਾਂਧੀ ਦੇ ਸਹਿਣਸ਼ੀਲਤਾ ਤੇ ਵਿਆਪਕਤਾ ਦੇ ਫਲਸਫ਼ੇ ਦੀ ਵਰਤੋਂ ਕਰਦਿਆਂ ਸ਼ਾਨਦਾਰ ਤਸਵੀਰਾਂ ਬਣਾਈਆਂ। ਉਨ੍ਹਾਂ ਦਾ ਕਾਰਜ ਦੂਜਿਆਂ ਦੇ ਦਰਦ ਪ੍ਰਤੀ ਸੰਵੇਦਨਾ, ਪ੍ਰਾਰਥਨਾ, ਸੱਚ ਤੇ ਅਮਨ-ਸ਼ਾਂਤੀ ਦੁਆਲੇ ਘੁੰਮਦਾ ਸੀ। ਉਨ੍ਹਾਂ ਦੀ ਜੀਵਨੀ ਲਿਖਣ ਵਾਲੀ ਯਸ਼ੋਧਰਾ ਡਾਲਮੀਆ ਮੁਤਾਬਕ, ਰਜ਼ਾ ਨੇ ਕਲਾਤਮਕ ਊਰਜਾ ਪੈਦਾ ਕਰਨ ਲਈ ਕਈ ਧਰਮਾਂ ਤੋਂ ਪ੍ਰੇਰਨਾ ਲਈ। 'ਸਨਮਤੀ' ਨਾਂ ਦੀ ਉਨ੍ਹਾਂ ਦੀ ਰਚਨਾ ਵਿਚ, ਕੇਂਦਰ 'ਚ ਗਹਿਰੇ ਚੱਕਰ (ਗੋਲੇ) ਵਿਚੋਂ ਅਧਿਆਤਮਕ ਰੂਪ ਝਲਕਦਾ ਹੈ, ਤੇ ਇਹ ਗਾਂਧੀ ਦੀ ਮਨਪਸੰਦ ਪ੍ਰਾਰਥਨਾ ਦੀ ਤਰਜਮਾਨੀ ਵੀ ਕਰਦਾ ਹੈ, ਜੋ ਕਹਿੰਦੀ ਹੈ ਕਿ ਅੱਲ੍ਹਾ ਤੇ ਈਸ਼ਵਰ ਇਕੋ ਰੱਬ ਦੇ ਦੋ ਨਾਂ ਹਨ। ਖ਼ੁਦ ਵੀ ਰੱਬ 'ਚ ਭਰੋਸਾ ਰੱਖਣ ਵਾਲੇ ਰਜ਼ਾ ਅਕਸਰ ਗਿਰਜਾਘਰਾਂ, ਮੰਦਰਾਂ ਤੇ ਮਸਜਿਦਾਂ ਵਿਚ ਜਾਂਦੇ, ਤੇ ਚਿੰਤਨ ਕਰਦੇ। ਸੋਚੋ, ਜੇਕਰ ਰਜ਼ਾ ਨੇ ਆਪਣੇ ਧਰਮ ਤੋਂ ਅਗਾਂਹ ਜਾ ਕੇ ਹੋਰਨਾਂ ਧਰਮਾਂ ਤੇ ਸ਼ਾਂਤੀਪੂਰਨ ਸਹਿ-ਹੋਂਦ ਬਾਰੇ ਗਾਂਧੀ ਦੇ ਸੁਨੇਹੇ 'ਤੇ ਗ਼ੌਰ ਨਾ ਕੀਤਾ ਹੁੰਦਾ ਕਲਾ ਦਾ ਫਲਸਫ਼ਾ ਕਿੰਨਾ ਮਾੜਾ ਤੇ ਪੱਛੜਿਆ ਹੋਇਆ ਹੁੰਦਾ। ਡਾਲਮੀਆ ਨੇ ਲਿਖਿਆ ਕਿ ਅਜੋਕੇ ਭਾਰਤ 'ਚ ਇਹ ਸਮਝ ਗੁਆਚ ਗਈ ਹੈ।

ਅੱਜ ਧਾਰਮਿਕ ਸੱਜੇ ਪੱਖੀਆਂ ਨੇ 'ਕੇਵਲ ਹਿੰਦੂ' ਦਾ ਖੋਖ਼ਲਾ ਰਾਗ਼ ਅਲਾਪ ਕੇ ਭਾਰਤੀ ਸਭਿਅਤਾ 'ਚ ਇਸਲਾਮਿਕ ਸੱਭਿਆਚਾਰਾਂ ਦੇ ਯੋਗਦਾਨ ਨੂੰ ਧੁੰਦਲਾ ਕਰ ਦਿੱਤਾ ਹੈ। ਇੱਥੇ ਇਹ ਭੁਲਾ ਦਿੱਤਾ ਗਿਆ ਹੈ ਕਿ ਕਿਸੇ ਦੀ ਹਿੰਦੂ ਅਤੇ ਮੁਸਲਮਾਨ ਵਜੋਂ ਸ਼ਨਾਖ਼ਤ ਕਰਨੀ ਆਧੁਨਿਕ ਪ੍ਰੋਜੈਕਟ ਦਾ ਹਿੱਸਾ ਸੀ। ਬਸਤੀਵਾਦੀ ਯੁੱਗ ਤੋਂ ਪਹਿਲਾਂ ਦੇ ਭਾਰਤ ਵਿਚ ਲੋਕ ਆਪਣੀ ਜਾਣ-ਪਛਾਣ ਇਕ ਖੇਤਰ, ਇਕ ਜਾਤੀ ਜਾਂ ਇਕ ਭਾਸ਼ਾਈ ਸਮੂਹ ਦੇ ਬਾਸ਼ਿੰਦੇ ਵਜੋਂ ਕਰਵਾਉਂਦੇ ਸਨ। ਬਸਤੀਵਾਦੀ ਯੁੱਗ ਦੌਰਾਨ, ਹਿੰਦੂਵਾਦ ਨੂੰ ਬੱਝਵੇਂ ਢੰਗ ਨਾਲ ਪੇਸ਼ ਕੀਤਾ ਗਿਆ ਤੇ ਇਕ ਪੱਕੀ ਪਰਿਭਾਸ਼ਾ ਦਿੱਤੀ ਗਈ ਜਿਸ ਵਿਚ ਅਧਿਆਤਮ, ਉੱਪਰਲੀਆਂ ਜਾਤੀਆਂ, ਸੰਸਕ੍ਰਿਤੀਕਰਨ ਤੇ ਸਾਰ-ਤੱਤ ਨੂੰ ਥਾਂ ਮਿਲੀ। ਇਸਲਾਮ ਵੀ ਇਸੇ ਪ੍ਰਕਿਰਿਆ ਵਿਚੋਂ ਲੰਘਿਆ। ਵਿਆਪਕ ਪਛਾਣਾਂ ਉਸਰਨ ਕਾਰਨ ਸਾਂਝੀਆਂ ਸਮਾਜਿਕ ਰਵਾਇਤਾਂ ਤੇ ਰੋਜ਼ਮੱਰਾ ਭਾਸ਼ਾਵਾਂ ਹਾਸ਼ੀਏ 'ਤੇ ਧੱਕੀਆਂ ਗਈਆਂ। ਸਾਂਝੇ ਲੋਕ ਗੀਤ, ਕਥਾ, ਕਹਾਣੀਆਂ, ਵਿਸ਼ਵਾਸ, ਪ੍ਰਥਾਵਾਂ ਤੇ ਭਾਸ਼ਾਵਾਂ ਨੂੰ ਵਿਸਾਰ ਕੇ ਪਾਸੇ ਕਰ ਦਿੱਤਾ ਗਿਆ।

ਉਂਝ, ਹਾਲੇ ਵੀ ਬਹੁਤ ਕੁਝ ਹੈ ਜੋ ਦੋਵਾਂ ਫਿਰਕਿਆਂ ਨੂੰ ਜੋੜਦਾ ਹੈ। ਜਵਾਹਰ ਲਾਲ ਨਹਿਰੂ ਨੇ ਲਿਖਿਆ ਸੀ ਕਿ ਫਾਰਸੀ ਦੇ ਦਬਦਬੇ ਪਿੱਛੇ ਧਰਮ ਦੀ ਕੋਈ ਭੂਮਿਕਾ ਨਹੀਂ ਹੈ, ਤੇ ਇਸ ਨਾਲ ਸਬੰਧਿਤ ਭਾਸ਼ਾ ਅਤੇ ਰਵਾਇਤਾਂ ਹਜ਼ਾਰਾਂ ਸਾਲਾਂ ਦੇ ਸਮੇਂ ਦੌਰਾਨ ਭਾਰਤ ਆਈਆਂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਉੱਤਰੀ ਭਾਰਤ 'ਤੇ ਆਪਣੀ ਛਾਪ ਛੱਡੀ। ਪੂਰਬ ਦਾ ਫਰਾਂਸ ਮੰਨਿਆ ਜਾਂਦਾ ਫਾਰਸ (ਇਰਾਨ) ਆਪਣੇ ਸੱਭਿਆਚਾਰ ਤੇ ਭਾਸ਼ਾ ਨੂੰ ਗੁਆਂਢੀਆਂ ਤੱਕ ਫੈਲਾ ਰਿਹਾ ਸੀ। ਅਦਾਲਤ, ਰਿਕਾਰਡ ਰੱਖਣ, ਕਾਵਿ ਤੇ ਸਾਹਿਤ, ਉੱਚ ਵਰਗ ਅਤੇ ਸ਼ਾਸਤਰੀ ਵਿੱਦਿਆ ਦੀ ਭਾਸ਼ਾ ਫਾਰਸੀ ਸੀ। ਬੰਗਾਲੀ ਨਵਚੇਤਨਾ ਦੇ ਮੋਢੀ ਰਾਜਾ ਰਾਮ ਮੋਹਨ ਰਾਏ ਨੇ ਜਦੋਂ ਆਪਣਾ ਪਹਿਲਾ ਸਾਹਿਤਕ ਕਾਰਜ 'ਤੁਹਫ਼ਤ-ਉਲ-ਮੁਵਾਹਿਦੀਨ' ਪ੍ਰਕਾਸ਼ਿਤ ਕੀਤਾ ਤਾਂ ਉਨ੍ਹਾਂ ਇਸ ਦਾ ਵਿਸ਼ਾ ਵਸਤੂ ਫਾਰਸੀ ਵਿਚ ਅਤੇ ਭੂਮਿਕਾ ਅਰਬੀ ਵਿਚ ਲਿਖੀ। ਇਸਲਾਮਿਕ ਰਾਜ ਦੌਰਾਨ ਪ੍ਰਫੁੱਲਿਤ ਹੋਈਆਂ ਭਗਤੀ ਤੇ ਸੂਫੀ ਲਹਿਰਾਂ ਨੂੰ ਹੀ ਲੈ ਲਓ। ਉਨ੍ਹਾਂ ਧਾਰਮਿਕ ਰਹੁ-ਰੀਤਾਂ ਤੇ ਧਰਮ ਗੁਰੂਆਂ ਨੂੰ ਖਾਰਜ ਕੀਤਾ, ਬਰਾਬਰੀ ਦਾ ਪ੍ਰਚਾਰ ਕੀਤਾ ਤੇ ਬ੍ਰਹਮ 'ਚ ਲੀਨ ਹੋਣ ਦੀ ਇੱਛਾ ਪ੍ਰਗਟ ਕੀਤੀ। ਸਾਧੂ-ਸੰਤਾਂ ਨੇ ਸਾਨੂੰ ਦਿਖਾਇਆ ਕਿ ਇਸਲਾਮ ਤੇ ਹਿੰਦੂ ਧਰਮ ਦੀਆਂ ਦਾਰਸ਼ਨਿਕ ਨੀਂਹਾਂ ਇਕੋ ਹੀ ਸਨ। 'ਸੂਫੀ ਪੋਇਮਜ਼: ਏ ਮਿਡੀਵਲ ਐਂਥੋਲੌਜੀ' ਜਿਸ ਦਾ ਤਰਜਮਾ ਮਾਰਟਿਨ ਲਿੰਗਜ਼ ਨੇ ਕੀਤਾ ਹੈ, ਦਾ ਕਹਿਣਾ ਹੈ ਕਿ ਸਰਬ ਉਚ ਹਸਤੀ ਬਾਰੇ ਹਿੰਦੂ ਧਰਮ ਦੇ ਭਾਵ ਵਰਗੇ ਭਾਵ ਹੋਰਨਾਂ ਧਰਮਾਂ ਵਿਚ ਵੀ ਮਿਲਦੇ ਹਨ। ਇਸਲਾਮ 'ਚ ਜਿੱਥੇ ਸੂਫੀਵਾਦ ਸਭ ਤੋਂ ਗਹਿਰਾ ਪਹਿਲੂ ਹੈ, ਉੱਥੇ ਸੱਚ ਨੂੰ ਮਨਸੂਰ ਅਲ-ਹਲਾਜ ਨੇ ਸ਼ਾਇਰੀ 'ਚ ਪਰੋਇਆ ਹੈ: "ਮੈਂ ਆਪਣੇ ਸਰਤਾਜ ਨੂੰ ਦਿਲ ਦੀ ਅੱਖ ਨਾਲ ਦੇਖਿਆ/ਮੈਂ ਕਿਹਾ: 'ਤੂੰ ਹੈ ਕੌਣ?' ਉਸ ਨੇ ਉੱਤਰ ਦਿੱਤਾ, 'ਤੂੰ ਹੀ ਤੂੰ'।"

ਵੱਖ-ਵੱਖ ਪਛਾਣ ਤੇ ਮੁਕਾਬਲੇ ਦਾ ਰਾਸ਼ਟਰਵਾਦ ਬਸਤੀਵਾਦੀ ਆਧੁਨਿਕਤਾ ਦੀ ਦੇਣ ਹਨ। ਇਸ ਨਾਲ ਅਲੱਗ-ਅਲੱਗ ਪਛਾਣਾਂ ਵਿਚਾਲੇ ਧੁੰਦਲੀਆਂ ਰੇਖਾਵਾਂ ਗੂੜ੍ਹੀਆਂ ਹੋਈਆਂ ਤੇ ਇਕ-ਦੂਜੇ ਦੇ ਵਿਰੋਧੀ ਧੜੇ ਪੈਦਾ ਕੀਤੇ ਗਏ। ਇਹ ਸ਼ਰਮ ਦੀ ਗੱਲ ਹੈ ਕਿ ਕਿਉਂਕਿ ਦੂਜੇ ਸਭਿਆਚਾਰਾਂ ਪ੍ਰਤੀ ਸੰਵੇਦਨਸ਼ੀਲਤਾ ਨਾਲ ਚੇਤਨਾ ਡੂੰਘੀ ਹੁੰਦੀ ਹੈ ਤੇ ਸਾਡੀ ਕਲਪਨਾ ਨੂੰ ਖੰਭ ਲੱਗਦੇ ਹਨ। ਅਸੀਂ ਆਜ਼ਾਦ ਹਾਂ ਕਿਉਂਕਿ ਅਸੀਂ ਉਨ੍ਹਾਂ ਬੰਧਨਾਂ ਤੋਂ ਉੱਪਰ ਉੱਠੇ ਹਾਂ ਜੋ ਸਾਨੂੰ ਦਬਾ ਰਹੇ ਸਨ, ਜਿਵੇਂ ਕਿ ਸੂਫੀ ਕਵੀ ਬੁੱਲ੍ਹੇ ਸ਼ਾਹ ਨੇ ਕੀਤਾ ਸੀ। ਉਨ੍ਹਾਂ ਚੇਤਿਆਂ 'ਚ ਵਸਣ ਵਾਲੇ ਸ਼ਬਦ ਕਹੇ: "ਬੁੱਲ੍ਹਾ ਕੀ ਜਾਣਾ ਮੈਂ ਕੌਣ... ਨਾ ਮੈਂ ਭੇਤ ਮਜ਼ਹਬ ਦਾ ਪਾਇਆ/ਨਾ ਮੈਂ ਆਦਮ ਹੱਵਾ ਜਾਇਆ/ਨਾ ਕੋਈ ਆਪਣਾ ਨਾਮ ਧਰਾਇਆ।" ਦੂਜੇ ਪਾਸੇ, ਅਸੀਂ ਆਪਣੇ ਆਪ ਨੂੰ ਕਈ ਸੱਭਿਆਤਾਵਾਂ ਦਾ ਸੁਮੇਲ ਮੰਨਦੇ ਹਾਂ। ਉਰਦੂ ਦੇ ਸ਼ਾਇਰ ਹੁਸੈਨ ਹੈਦਰੀ ਨੇ ਲਿਖਿਆ: "ਮੇਰੇ ਏਕ ਨਹੀਂ, ਸੌ ਚਿਹਰੇ ਹੈਂ/ਸੌ ਰੰਗ ਕੇ ਹੈਂ ਕਿਰਦਾਰ ਮੇਰੇ/ਸੌ ਕਲਮ ਸੇ ਲਿਖੀ ਕਹਾਨੀ ਹੂੰ/ਮੈਂ ਜਿਤਨਾ ਮੁਸਲਮਾਨ ਹੂੰ ਭਾਈ/ਮੈਂ ਉਤਨਾ ਹਿੰਦੁਸਤਾਨੀ ਹੂੰ।" ਅਸੀਂ ਉਹ ਭਾਰਤ ਚਾਹੁੰਦੇ ਹਾਂ ਜੋ ਸਾਨੂੰ 'ਕੁਝ ਹੋਣ ਜਾਂ ਨਾ ਹੋਣ' ਦੀ ਆਜ਼ਾਦੀ ਦੇਵੇ। ਜੋ ਅਸੀਂ ਉਦੋਂ ਹੀ ਹਾਸਿਲ ਕਰ ਸਕਦੇ ਹਾਂ ਜਦੋਂ ਅਸੀਂ ਘੜੀਆਂ ਗਈਆਂ ਭੇਦ-ਭਾਵ ਦੀਆਂ ਜ਼ੰਜੀਰਾਂ ਤੋਂ ਮੁਕਤ ਹੋਵਾਂਗੇ ਤੇ ਮੰਨਾਂਗੇ ਕਿ ਸਾਡੇ ਸਾਥੀ ਨਾਗਰਿਕ ਸਾਡੀ ਸਾਂਝੀ ਵਿਰਾਸਤ ਦਾ ਹਿੱਸਾ ਹਨ।

ਚੋਣਾਂ, ਵਿਰੋਧੀ ਧਿਰ ਅਤੇ ਮੋਦੀ ਦੀ ਹਮਲਾਵਰ ਤਿਆਰੀ

(ਪਿਛਲੇ ਸਫੇ ਦੀ ਬਾਕੀ)

ਉਨ੍ਹਾਂ 16 ਸੀਟਾਂ ਲਈ ਉਮੀਦਵਾਰ ਚੁਣੇਗਾ ਜੋ ਨਿਤੀਸ਼ ਦੇ ਜਨਤਾ ਦਲ (ਯੂ.) ਕੋਲ ਸਨ ਪਰ ਇਸ ਦੇ ਉਲਟ ਲਾਲੂ ਉਹ ਸੀਟਾਂ ਹਥਿਆਉਣ 'ਚ ਜੁਟਿਆ ਹੋਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਭਾਈਵਾਲਾਂ ਦੀਆਂ ਭਾਵਨਾਵਾਂ ਤੋਂ ਬੇਪ੍ਰਵਾਹ ਲਾਲੂ ਆਪਣੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਵੰਡ ਰਿਹਾ ਹੈ। ਲਾਲੂ ਦੀ ਸਭ ਤੋਂ ਵੱਡੀ ਧੀ ਮੀਸ਼ਾ ਪਿਛਲੇ ਸਮੇਂ ਵਿਚ ਦੋ ਵਾਰ- 2014 ਤੇ 2019 'ਚ, ਪਾਟਲੀਪੁੱਤਰ ਸੀਟ ਤੋਂ ਅਸਫ਼ਲ ਰਹੀ, ਹੁਣ ਉਸ ਨੂੰ ਦੁਬਾਰਾ ਨਾਮਜ਼ਦ ਕਰ ਲਿਆ ਹੈ।

ਖੱਬੀ ਧਿਰ ਵਿਚ ਵੀ ਘੋਰ ਭੰਬਲਭੂਸਾ ਹੈ। ਸੀ.ਪੀ.ਆਈ.(ਐੱਮ.ਐੱਲ.) ਦੀ ਗੱਲਬਾਤ ਕਰਨ ਵਾਲੀ ਟੀਮ ਨੂੰ ਅਜੇ ਤੱਕ ਇਹ ਪਤਾ ਨਹੀਂ ਲੱਗਿਆ ਕਿ ਇਸ ਨੂੰ ਕਿੰਨੀਆਂ ਸੀਟਾਂ ਦਿੱਤੀਆਂ ਜਾਣਗੀਆਂ; ਹਾਲਾਂਕਿ ਇਕ ਸੀਨੀਅਰ ਆਗੂ ਨੇ ਕਿਹਾ ਕਿ ਲਾਲੂ ਨੇ ਸੀ.ਪੀ.ਆਈ.(ਐੱਮ.ਐੱਲ.) ਦੇ ਸਭ ਤੋਂ ਮਜ਼ਬੂਤ ਆਧਾਰ ਸੀਵਾਨ ਦੀ ਬਜਾਏ ਉਨ੍ਹਾਂ ਨੂੰ ਨਾਲੰਦਾ ਸੀਟ ਦੀ ਪੇਸ਼ਕਸ਼ ਕੀਤੀ ਹੈ। ਸੂਤਰਾਂ ਦਾ ਮੰਨਣਾ ਹੈ ਕਿ ਲਾਲੂ ਆਪਣੇ ਲਾਭ ਲਈ ਸੀ.ਪੀ.ਆਈ.(ਐੱਮ.ਐੱਲ.) ਦੀ ਹਮਾਇਤ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਸੀ.ਪੀ.ਆਈ.(ਐੱਮ.ਐੱਲ.) ਬਿਹਾਰ ਵਿਚ ਮਜ਼ਬੂਤ ਆਧਾਰ ਬਣਾਉਣ ਵਿਚ ਕਾਮਯਾਬ ਰਹੀ ਹੈ। ਇਹ ਅਸਲ ਵਿਚ 2020 ਦੀ ਸਥਿਤੀ ਹੈ ਜਦੋਂ ਸੀ.ਪੀ.ਆਈ.(ਐੱਮ.ਐੱਲ.) ਨੇ ਜੋ 16 ਸੀਟਾਂ 'ਤੇ ਚੋਣ ਲੜੀ ਸੀ, ਉਨ੍ਹਾਂ ਵਿੱਚੋਂ 12 ਵਿਧਾਨ ਸਭਾ ਸੀਟਾਂ ਉੱਪਰ ਕਾਮਯਾਬੀ ਹਾਸਲ ਕੀਤੀ ਸੀ।

ਸੰਯੋਗ ਨਾਲ ਵਿਦਿਆਰਥੀ ਯੂਨੀਅਨ ਦੀਆਂ ਚੋਣਾਂ ਵਿਚ ਸੀ.ਪੀ.ਆਈ.(ਐੱਮ.ਐੱਲ.)-ਲਿਬਰੇਸ਼ਨ ਦੀ ਹਮਾਇਤੀ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੇ ਧਨੰਜੇ ਦੀ ਜਿੱਤ ਨੇ ਇਹ ਸੁਨੇਹਾ ਦਿੱਤਾ ਹੈ ਕਿ ਬਿਹਾਰ ਦੇ ਨੌਜਵਾਨਾਂ ਵਿਚ ਇਸ ਦਾ ਮਜ਼ਬੂਤ ਹਮਾਇਤੀ ਆਧਾਰ ਹੈ। ਸਕੂਲ ਆਫ ਆਰਟਸ ਐਂਡ ਐਸਥੈਟਿਕਸ ਵਿਚ ਪੀਐੱਚ.ਡੀ. ਸਕਾਲਰ ਧਨੰਜੈ ਬਿਹਾਰ ਦੇ ਗਯਾ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਦਾ ਪੁੱਤਰ ਹੈ। ਉਹ ਰਾਂਚੀ ਦਾ ਜੰਮਪਲ ਹੈ। ਵਿਦਿਆਰਥੀ ਯੂਨੀਅਨ ਵਿਚ ਬੀਤੇ 'ਚ ਵੀ ਦਲਿਤ ਅਹੁਦੇਦਾਰ ਰਹੇ ਹਨ ਪਰ ਧਨੰਜੈ ਸੀ.ਪੀ.ਐੱਮ. ਹਮਾਇਤੀ ਵਿਦਿਆਰਥੀ ਜਥੇਬੰਦੀ ਐੱਸ.ਐੱਫ.ਆਈ. ਜਿਸ ਨੇ 1996 ਅਤੇ 1998 ਵਿਚ ਜਿੱਤ ਹਾਸਲ ਕੀਤੀ ਸੀ, ਦੇ ਬਾਤੀ ਲਾਲ ਬੈਰਵਾ ਤੋਂ ਬਾਅਦ ਇਸ ਦੇ ਪ੍ਰਧਾਨ ਬਣਨ ਵਾਲੇ ਆਪਣੇ ਭਾਈਚਾਰੇ ਵਿਚੋਂ ਪਹਿਲੇ ਨੌਜਵਾਨ ਹਨ। ਵਿਦਿਆਰਥੀ ਅਤੇ ਨੌਜਵਾਨ ਖੱਬੀ ਧਿਰ ਵੱਲ ਆ ਰਹੇ ਹਨ, ਇਹ ਨਵੇਂ ਅਤਿ-ਖੱਬੇ ਸਮੂਹ ਪ੍ਰਾਗਰੈਸਿਵ ਸਟੂਡੈਂਟਸ ਐਸੋਸੀਏਸ਼ਨ ਵਿਚ ਵੀ ਜ਼ਾਹਰ ਹੋਇਆ ਹੈ ਜੋ ਵਿਦਿਆਰਥੀ ਯੂਨੀਅਨ ਵਿਚ ਸ਼ੁਰੂਆਤ ਕਰ ਰਹੀ ਹੈ ਅਤੇ ਇਸ ਦੀ ਉਮੀਦਵਾਰ ਨਿਗਮ ਕੁਮਾਰੀ ਨੇ ਸਕੂਲ ਆਫ ਲੈਂਗੂਏਜਿਜ਼ ਵਿਚ ਕੌਂਸਲਰ ਦਾ ਅਹੁਦਾ ਜਿੱਤਿਆ ਹੈ। ਧਨੰਜੈ ਦੀ ਜਿੱਤ ਤੋਂ ਪਤਾ ਲੱਗਦਾ ਹੈ ਕਿ ਜਾਤੀ ਸਰਵੇਖਣ ਤੇ ਉੱਚ ਜਾਤੀ ਦੀ ਸਰਦਾਰੀ ਨੂੰ ਚੁਣੌਤੀ ਦੇਣ ਦੇ ਰਾਹੁਲ ਦੇ ਪੈਂਤੜੇ ਨੇ ਨੌਜਵਾਨਾਂ ਦੀ ਸੋਚ ਟੁੰਬੀ ਹੈ। ਜ਼ਾਹਿਰ ਹੈ ਕਿ ਲਾਲੂ ਉੱਭਰ ਰਹੇ ਨਵੇਂ ਜਾਤੀ ਸਮੀਕਰਨ ਨੂੰ ਵੋਟਾਂ 'ਚ ਕੈਸ਼ ਕਰਨ ਲਈ ਤਾਹੂ ਹੈ।

ਗੁਆਂਢੀ ਰਾਜ ਝਾਰਖੰਡ ਵਿਚ ਸੀ.ਪੀ.ਆਈ. ਅਤੇ ਸੀ.ਪੀ.ਆਈ.(ਐੱਮ.) ਨੇ ਇੰਡੀਆ ਦੀਆਂ ਸਹਿਯੋਗੀ ਪਾਰਟੀਆਂ ਜੇ.ਐੱਮ.ਐੱਮ. ਅਤੇ ਕਾਂਗਰਸ ਵਿਰੁੱਧ ਮੋਰਚਾ ਖੋਲ੍ਹਿਆ ਹੈ। ਭਾਰਤ ਦੇ ਚੋਣ ਕਮਿਸ਼ਨ ਦੁਆਰਾ ਰਾਸ਼ਟਰੀ ਪਾਰਟੀਆਂ ਵਜੋਂ ਮਾਨਤਾ ਪ੍ਰਾਪਤ ਕਰਨ ਲਈ ਨਿਰਸੰਦੇਹ ਸੰਸਦੀ ਚੋਣਾਂ ਲੜਨਾ ਜ਼ਰੂਰੀ ਹੈ ਪਰ 2024 ਦੀਆਂ ਲੋਕ ਸਭਾ ਚੋਣਾਂ ਲਈ ਜਿੱਤਣ ਯੋਗਤਾ ਸੂਚਕ ਅੰਕ ਮਹੱਤਵਪੂਰਨ ਮੁੱਦਾ ਹੈ। ਇੰਡੀਆ ਗੱਠਜੋੜ ਦਾ ਮੁੱਢਲਾ ਮਿਸ਼ਨ ਭਾਜਪਾ ਨੂੰ ਹਰਾਉਣਾ ਹੈ ਪਰ ਸੀ.ਪੀ.ਆਈ. ਨੂੰ ਰਾਸ਼ਟਰੀ ਰੁਤਬਾ ਬਰਕਰਾਰ ਰੱਖਣ ਦੀ ਚਿੰਤਾ ਜ਼ਿਆਦਾ ਹੈ।

ਜ਼ਿਕਰਯੋਗ ਹੈ ਕਿ ਇੰਡੀਆ ਗੱਠਜੋੜ ਦੀ ਦਿੱਲੀ ਮੀਟਿੰਗ ਵਿਚ ਵੀ ਸੀ.ਪੀ.ਆਈ.(ਐੱਮ.) ਦੇ ਸੀਤਾਰਾਮ ਯੈਚੁਰੀ ਅਤੇ ਆਰ.ਜੇ.ਡੀ. ਸੁਪਰੀਮੋ ਲਾਲੂ ਯਾਦਵ ਨੇ ਵੀ ਭਾਰਤ ਦੇ ਵਡੇਰੇ ਹਿਤਾਂ ਲਈ ਆਪਣੇ ਹਿਤਾਂ ਦੀ ਕੁਰਬਾਨੀ ਦੇਣ 'ਤੇ ਜ਼ੋਰ ਦਿੱਤਾ ਸੀ। ਗੱਠਜੋੜ ਦੇ ਉਮੀਦਵਾਰਾਂ ਦੀ ਅੰਤਿਮ ਸੂਚੀ ਜਾਰੀ ਹੋਣ ਤੋਂ ਬਾਅਦ ਸੀ.ਪੀ.ਆਈ. ਅਤੇ ਸੀ.ਪੀ.ਆਈ.(ਐੱਮ.) ਦੇ ਸੂਬਾਈ ਆਗੂਆਂ ਨੇ ਗੱਠਜੋੜ ਦੇ ਆਗੂਆਂ ਵਿਰੁੱਧ ਬਗ਼ਾਵਤ ਦਾ ਝੰਡਾ ਚੁੱਕ ਲਿਆ ਹੈ। ਸੀ.ਪੀ.ਆਈ. ਨੇ ਐਤਵਾਰ ਨੂੰ ਚਾਰ ਸੀਟਾਂ ਲਈ ਪਾਰਟੀ ਉਮੀਦਵਾਰਾਂ ਦਾ ਐਲਾਨ ਕੀਤਾ- ਪਲਾਮੂ ਵਿਚ ਅਭੈ ਭੂਈਆਂ, ਲੋਹਾਰਦਗਾ ਵਿਚ ਮਹਿੰਦਰ ਓਰਾਉਂ, ਚਤਰਾ ਵਿਚ ਅਰਜੁਨ ਕੁਮਾਰ ਅਤੇ ਦੁਮਕਾ ਵਿਚ ਰਾਜੇਸ਼ ਕੁਮਾਰ ਕਿਸਕੂ। ਸੀ.ਪੀ.ਆਈ. ਚਾਰ ਹੋਰ ਸੀਟਾਂ 'ਤੇ ਚੋਣ ਲੜੇਗੀ।

ਸੂਬਾ ਸੀ.ਪੀ.ਆਈ.ਬੇਸ਼ੱਕ ਆਪਣੀ ਮਰਜ਼ੀ ਅਨੁਸਾਰ ਉਮੀਦਵਾਰ ਖੜ੍ਹੇ ਕਰਨ ਲਈ ਆਜ਼ਾਦ ਹੈ ਪਰ ਨਾਲ ਹੀ ਉਨ੍ਹਾਂ ਨੂੰ ਇਸ ਕਦਮ ਦੇ ਨਤੀਜਿਆਂ ਨੂੰ ਵੀ ਸਮਝਣਾ ਚਾਹੀਦਾ ਹੈ। ਸੀ.ਪੀ.ਆਈ.(ਐੱਮ.) ਨੇ ਵੀ ਰਾਜਮਹਿਲ ਸੀਟ ਤੋਂ ਕਿਸਾਨ ਆਗੂ ਗੋਪਿਨ ਸੋਰੇਨ ਅਤੇ ਚਤਰਾ ਲੋਕ ਸਭਾ ਹਲਕੇ ਤੋਂ ਜੈਨੇਂਦਰ ਕੁਮਾਰ ਨੂੰ ਉਮੀਦਵਾਰ ਬਣਾਇਆ ਹੈ। ਖੱਬੀ ਧਿਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਐੱਮ.ਸੀ.ਸੀ. ਨੇ ਵੀ ਧਨਬਾਦ ਸੀਟ ਤੋਂ ਚੋਣ ਲੜਨ ਦਾ ਫ਼ੈਸਲਾ ਕੀਤਾ ਹੈ।

ਹੈਰਾਨੀ ਤਾਂ ਇਹ ਹੈ ਕਿ ਸੀ.ਪੀ.ਆਈ. ਦੀ ਕੌਮੀ ਲੀਡਰਸ਼ਿਪ ਨੇ ਸੂਬਾ ਇਕਾਈ ਨੂੰ ਇੰਡੀਆ ਗੱਠਜੋੜ ਤੋਂ ਬਾਹਰ ਆਉਣ ਅਤੇ 8 ਸੀਟਾਂ 'ਤੇ ਆਪਣੇ ਉਮੀਦਵਾਰ ਨਾਮਜ਼ਦ ਕਰਨ ਦੀ ਇਜਾਜ਼ਤ ਦਿੱਤੀ ਹੈ। ਝਾਰਖੰਡ ਵਿਚ 14 ਲੋਕ ਸਭਾ ਸੀਟਾਂ ਹਨ ਅਤੇ ਦਸੰਬਰ 2019 ਤੋਂ ਸੱਤਾਧਾਰੀ ਜੇ.ਐੱਮ.ਐੱਮ.-ਕਾਂਗਰਸ-ਆਰ.ਜੇ.ਡੀ. ਦੇ ਗੱਠਜੋੜ ਵਾਲੀ 81 ਮੈਂਬਰੀ ਝਾਰਖੰਡ ਵਿਧਾਨ ਸਭਾ ਵਿਚ ਸੀ.ਪੀ.ਆਈ. ਦਾ ਕੋਈ ਵੀ ਵਿਧਾਇਕ ਨਹੀਂ ਹੈ ਅਤੇ ਨਾ ਹੀ ਇਸ ਦਾ ਕੋਈ ਸੰਸਦ ਮੈਂਬਰ ਹੈ। ਸੀ.ਪੀ.ਆਈ. ਝਾਰਖੰਡ ਦੇ ਸਕੱਤਰ ਮਹਿੰਦਰ ਪਾਠਕ ਨੇ ਕਿਹਾ; "ਸਾਨੂੰ ਇਨ੍ਹਾਂ ਚਾਰ ਲੋਕ ਸਭਾ ਸੀਟਾਂ ਲਈ ਸਾਡੀ ਪਾਰਟੀ ਦੀ ਕੇਂਦਰੀ ਕਮਾਨ ਤੋਂ ਮਨਜ਼ੂਰੀ ਮਿਲ ਗਈ ਹੈ।" ਉਸ ਨੇ ਇਹ ਦਾਅਵਾ ਵੀ ਕੀਤਾ; "ਅਸੀਂ ਆਪਣੀ ਪਾਰਟੀ ਦੀ ਕੇਂਦਰੀ ਕਮਾਨ ਦੇ ਵਿਚਾਰਨ ਲਈ ਝਾਰਖੰਡ ਵਿਚ ਚਾਰ ਹੋਰ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦੀ ਸੂਚੀ ਦਿੱਤੀ ਹੈ ਅਤੇ ਜੇ ਸਾਨੂੰ ਉਨ੍ਹਾਂ ਦੀ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਅਸੀਂ ਹਜ਼ਾਰੀਬਾਗ਼, ਗਿਰੀਡੀਹ, ਜਮਸ਼ੇਦਪੁਰ ਅਤੇ ਰਾਂਚੀ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਾਂਗੇ।"

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਧਰਮ ਨਿਰਪਖ ਤਾਕਤਾਂ ਲਈ ਉਨ੍ਹਾਂ ਦੀ ਸੱਜੇ ਪੱਖੀ ਅਤੇ ਫਾਸ਼ੀਵਾਦੀ ਤਾਕਤਾਂ ਵਿਰੁੱਧ ਲੜਾਈ ਵਿਚ ਝਟਕਾ ਸਾਬਤ ਹੋਵੇਗਾ। ਸੀ.ਪੀ.ਆਈ. ਅਤੇ ਸੀ.ਪੀ.ਆਈ.(ਐੱਮ.) ਦੇ ਸੂਬਾ ਸਕੱਤਰ ਜ਼ਰੂਰ ਹੀ ਸੀਨੀਅਰ ਆਗੂ ਹੋਣਗੇ, ਇਸੇ ਲਈ ਉਨ੍ਹਾਂ ਨੂੰ ਸਕੱਤਰ ਬਣਾਇਆ ਗਿਆ ਹੈ ਪਰੇ ਕੋਈ ਵੀ ਉਨ੍ਹਾਂ ਤੋਂ ਜਾਣਨਾ ਚਾਹੇਗਾ ਕਿ ਉਨ੍ਹਾਂ ਕਦੇ ਵਿਰੋਧੀ ਏਕਤਾ ਦਾ ਅਜਿਹਾ ਸਰੂਪ ਦੇਖਿਆ ਹੈ? ਭਾਰਤ ਦੀ ਆਜ਼ਾਦੀ ਤੋਂ ਬਾਅਦ ਕਾਂਗਰਸ ਵਿਰੁੱਧ ਲਗਾਤਾਰ ਲੜਨ ਵਾਲੀਆਂ ਅਤੇ ਗ਼ੈਰ-ਕਾਂਗਰਸਵਾਦ ਉੱਪਰ ਪਲਣ ਵਾਲੀਆਂ ਪਾਰਟੀਆਂ ਨੇ ਕਾਂਗਰਸ ਨਾਲ ਹੱਥ ਮਿਲਾਉਣ ਨੂੰ ਤਰਜੀਹ ਕਿਉਂ ਦਿੱਤੀ ਹੈ? ਝਾਰਖੰਡ ਦੇ ਖੱਬੇ ਪੱਖੀ ਆਗੂਆਂ ਨੂੰ ਇਹ ਤੱਥ ਸਮਝ ਆ ਗਿਆ ਹੋਵੇਗਾ।

ਇੰਡੀਆ ਗੱਠਜੋੜ ਨੇ ਰਾਜ ਪੱਧਰੀ ਮੱਤਭੇਦ ਹੱਲ ਕਰਨ ਲਈ ਰਾਸ਼ਟਰੀ ਪੱਧਰ ਦੀ ਕਮੇਟੀ ਬਣਾਈ ਹੋਈ ਹੈ, ਇਸ ਲਈ ਝਾਰਖੰਡ ਦੇ ਸੀ.ਪੀ.ਆਈ. ਅਤੇ ਸੀ.ਪੀ.ਆਈ.(ਐੱਮ.) ਦੇ ਆਗੂਆਂ ਲਈ ਇਹ ਮਾਮਲਾ ਰਾਸ਼ਟਰੀ ਪੱਧਰ 'ਤੇ ਉਠਾਉਣਾ ਸਹੀ ਹੋਵੇਗਾ। ਜੇ ਉਹ ਸੱਚਮੁੱਚ ਲੋਕ ਸਭਾ ਚੋਣ ਲੜਨ ਦੇ ਚਾਹਵਾਨ ਸਨ ਤਾਂ ਉਹ ਆਪਣੇ ਆਗੂਆਂ ਸੀਤਾਰਾਮ ਯੈਚੁਰੀ ਅਤੇ ਡੀ. ਰਾਜਾ ਨੂੰ ਕਹਿ ਸਕਦੇ ਸਕਦੇ ਸਨ ਕਿ ਇਸ ਬਾਰੇ ਰਾਹੁਲ ਗਾਂਧੀ ਅਤੇ ਲਾਲੂ ਯਾਦਵ ਨਾਲ ਗੱਲ ਕੀਤੀ ਜਾਵੇ ਪਰ ਅਜਿਹਾ ਨਾ ਕਰ ਕੇ ਅਤੇ ਗੱਠਜੋੜ ਤੋਂ ਬਗ਼ਾਵਤ ਕਰ ਕੇ ਉਨ੍ਹਾਂ ਨੇ ਭਾਜਪਾ ਵਿਰੁੱਧ ਲੜਾਈ ਨੂੰ ਸੱਟ ਮਾਰੀ ਹੈ।

ਗੁਰੂ ਨਾਨਕ-ਫ਼ਿਲਾਸਫ਼ੀ ਦੀ ਅਜੋਕੇ ਸਮੇਂ ਵਿਚ ਸਾਰਥਿਕਤਾ

ਸੁਰਜੀਤ ਟੋਰਾਂਟੋ

ਇਸ ਵੇਲੇ ਬਿਕਰਮੀ ਸੰਮਤ 556 ਦਾ ਚੇਤਰ ਮਹੀਨਾ ਚਲ ਰਿਹਾ ਹੈ ਅਤੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਮਹੀਨੇ ਸਾਡਾ ਨਵਾਂ ਸਾਲ ਸ਼ੁਰੂ ਹੁੰਦਾ ਹੈ। ਸਾਰੀ ਸੰਗਤ ਨੂੰ ਨਵੇਂ ਵਰ੍ਹੇ ਦੇ ਆਗਾਜ਼ ਦੀ ਵਧਾਈ ਅਤੇ ਇਸ ਗੱਲ ਦੀ ਵੀ ਵਧਾਈ ਕਿ ਅਪ੍ਰੈਲ ਮਹੀਨਾ ਕੈਨੇਡਾ ਵਿਚ 'ਸਿੱਖ ਹੈਰੀਟੇਜ ਮੰਥ' ਵਜੋਂ ਮਨਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਸਿੱਖ ਪੰਥ ਦੇ ਬਾਨੀ ਹਨ ਅਤੇ ਸਿੱਖਾਂ ਦਾ ਨਵਾਂ ਵਰ੍ਹਾ ਵੀ ਉਨ੍ਹਾਂ ਦੀ ਜਨਮ ਤਿਥੀ ਤੋਂ ਹੀ ਸ਼ੁਰੂ ਹੁੰਦਾ ਹੈ, ਜਿਸ ਨੂੰ ਨਾਨਕਸ਼ਾਹੀ ਕੈਲੰਡਰ ਦਾ ਨਾਮ ਦਿੱਤਾ ਗਿਆ ਹੈ। ਇਸ ਲਈ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਮੁੜ ਵਿਚਾਰਨ ਅਤੇ ਆਪਣੇ ਜੀਵਨ ਵਿਚ ਢੁਕਾਉਣ ਦਾ ਇਸ ਮਹੀਨੇ ਤੋਂ ਚੰਗਾ ਮੌਕਾ ਹੋਰ ਕਿਹੜਾ ਹੋ ਸਕਦਾ ਹੈ? ਆਓ ਵਿਚਾਰ ਕਰੀਏ ਕਿ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਜਾਂ ਸਿੱਖਿਆਵਾਂ ਦੀ ਅੱਜ ਸਾਡੇ ਜੀਵਨ ਵਿਚ ਕੀ ਸਾਰਥਕਤਾ ਹੈ? ਕੀ ਅਸੀਂ ਇਸ ਫ਼ਿਲਾਸਫ਼ੀ ਨੂੰ ਚੇਤੇ ਰੱਖਿਆ ਜਾਂ ਨਹੀਂ? ਕੀ ਸਾਡਾ ਜੀਵਨ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਚਲਦਾ ਹੈ ਜਾਂ ਅਸੀਂ ਭੁਲਾ ਬੈਠੇ ਹਾਂ?

ਪਿਛੋਕੜ-

ਗੁਰੂ ਨਾਨਕ ਪਾਤਸ਼ਾਹ ਨੇ 556 ਵਰ੍ਹੇ ਪਹਿਲਾਂ ਜਦੋਂ ਇਸ ਧਰਤੀ 'ਤੇ ਅਵਤਾਰ ਧਾਰਿਆ ਤਾਂ ਉਸ ਵੇਲੇ ਦੇ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਹਾਲਾਤ ਗਿਰਾਵਟ ਵੱਲ ਚਲੇ ਗਏ ਸਨ। ਜਿਸ ਬਾਰੇ ਗੁਰੂ ਸਾਹਿਬ ਦਾ ਫ਼ੁਰਮਾਨ ਹੈ-

ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ
ਕੂੜੁਅਮਾਵਸਸਚੁ ਚੰਦਰਮਾ ਦੀਸੈਨਾਹੀ ਕਹ ਚੜਿਆ॥

ਜਾਂ ਉਹ ਫ਼ੁਰਮਾਉਂਦੇ ਹਨ-

ਰਾਜੇ ਸ਼ੀਂਹ ਮੁਕਦਮ ਕੁੱਤੇ ਜਾਇ ਜਗਾਇਨਿ ਬੈਠੇ ਸੁੱਤੇ।

ਭਾਵ ਕਿ ਉਸ ਵੇਲੇ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਾਲਾਤ ਗਿਰਾਵਟ ਵੱਲ ਜਾ ਚੁੱਕੇ ਸਨ। ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ਵਾਲੇ ਹਾਲਾਤ ਸਨ। ਜਨਤਾ ਗਿਆਨ ਤੋਂ ਬਿਨਾਂ ਅੰਨ੍ਹੀ ਹੋ ਚੁੱਕੀ ਸੀ ਅਤੇ ਪੰਡਤ ਮੂਰਖ ਹੋ ਚੁੱਕੇ ਸਨ, ਮੌਲਵੀ ਲਾਲਚੀ ਸਨ ਜੋ ਵੱਢੀਆਂ ਲੈ ਕੇ ਲੋਕਾਂ ਦੇ ਹੱਕ ਮਾਰਦੇ ਸਨ। ਆਪਣੇ ਆਪ ਨੂੰ ਜਤੀ ਕਹਾਉਣ ਵਾਲੇ ਪਾਖੰਡੀ ਸਨ। ਉਸ ਵੇਲੇ ਨਾਨਕ ਪਾਤਸ਼ਾਹ ਗਿਆਨ ਦੀ ਨਵੀਂ ਜੋਤ ਲੈ ਕੇ ਸੰਸਾਰ ਵਿਚ ਪ੍ਰਗਟ ਹੋਏ। ਜਿਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ-

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

ਭਾਵ ਕਿ ਸਤਿਗੁਰੂ ਨਾਨਕ ਦੇਵ ਜੀ ਸੰਸਾਰ 'ਤੇ ਪਸਰੀ ਧੁੰਦ ਨੂੰ ਮਿਟਾਉਣ ਲਈ ਗਿਆਨ ਦਾ ਸੂਰਜ ਲੈ ਕੇ ਪ੍ਰਗਟ ਹੋਏ। ਗੁਰੂ ਨਾਨਕ ਨੇ ਤਤਕਾਲੀਨ ਸਮੱਸਿਆਵਾਂ ਨੂੰ ਵੇਖਿਆ, ਸਮਝਿਆ ਅਤੇ ਇਸ ਦਾ ਹੱਲ ਲੱਭ ਕੇ ਇਨ੍ਹਾਂ ਨੂੰ ਸੁਧਾਰਨ ਦਾ ਬੀੜਾ ਚੁੱਕਿਆ। ਗੁਰੂ ਸਾਹਿਬ ਦਾ ਸਾਰਾ ਜੀਵਨ ਇਕ ਆਦਰਸ਼ ਮਨੁੱਖ ਦੀ ਸਿਰਜਣਾ ਲਈ ਯਤਨਸ਼ੀਲ ਰਿਹਾ। ਉਨ੍ਹਾਂ ਨੇ ਕੁਰਾਹੇ ਪਈ ਲੋਕਾਈ ਨੂੰ ਸੱਚ ਦਾ ਮਾਰਗ ਦਿਖਾਉਣ ਲਈ ਚਾਰ ਉਦਾਸੀਆਂ ਕੀਤੀਆਂ। ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਪਾਖੰਡ ਦਾ ਡਟ ਕੇ ਵਿਰੋਧ ਕੀਤਾ, ਸਮੇਂ ਦੇ ਧਾਰਮਿਕ ਆਗੂਆਂ ਨੂੰ ਲਾਹਨਤਾਂ ਪਾਈਆਂ ਅਤੇ ਹਰ ਝੂਠ ਤੇ ਮੱਕਾਰੀ ਨੂੰ ਦਲੀਲਾਂ ਦੇ ਕੇ ਜੱਗ ਜ਼ਾਹਰ ਕੀਤਾ। ਇਸੇ ਲਈ ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਡਾ. ਮੁਹੰਮਦ ਇਕਬਾਲ ਲਿਖਦੇ ਹਨ-

ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ॥
ਹਿੰਦ ਕੋ ਇੱਕ ਮਰਦ-ਇ-ਕਾਮਿਲ ਨੇ ਜਗਾਯਾ ਖ਼ਾਅਬ ਸੇ।

ਸ਼ਾਇਰ ਸੁਰਜੀਤ ਪਾਤਰ ਲਿਖਦਾ ਹੈ-

ਰੇਤ ਤੇ ਬਾਬਰ ਦਾ ਸੀ ਦਿਲਾਂ 'ਤੇ ਸੀ ਉਸਦਾ ਰਾਜ
ਉਹ ਜੋ ਕਹਿੰਦਾ ਸੀ ਮਰਦਾਨਿਆ ਵਜਾ ਰਬਾਬ

ਗੁਰੂ ਨਾਨਕ ਸਾਹਿਬ ਜੀ ਨੇ ਅਖੌਤੀ ਧਰਮ ਦੇ ਮੁਖੀਆਂ ਦੇ ਕਰਮ-ਕਾਂਡਾਂ ਅਤੇ ਫੋਕੀਆਂ ਧਾਰਮਿਕ ਰਹੁ-ਰੀਤਾਂ ਤੋਂ ਆਮ ਲੋਕਾਈ ਨੂੰ ਜਾਣੂ ਕਰਵਾਇਆ ਅਤੇ ਸੱਚ, ਪਿਆਰ, ਨੇਕੀ, ਸੇਵਾ ਅਤੇ ਪਵਿੱਤਰਤਾ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦ੍ਰਿੜ ਕਰਵਾਇਆ। ਅਗਿਆਨ ਰੂਪੀ ਹਨੇਰੇ 'ਚੋਂ ਲੋਕਾਂ ਨੂੰ ਬਾਹਰ ਕੱਢਣਾ ਇੰਨਾ ਸੌਖਾ ਨਹੀਂ ਸੀ ਪਰ ਉਨ੍ਹਾਂ ਆਪਣੇ ਤਰਕ ਅਤੇ ਪਿਆਰ ਨਾਲ ਭੁੱਲੀ ਭਟਕੀ ਲੋਕਾਈ ਨੂੰ ਸੱਚ ਦਾ ਰਾਹ ਵਿਖਾਇਆ। ਉਦਾਹਰਣ ਦੇ ਤੌਰ 'ਤੇ ਹਰਿਦੁਆਰ ਵਿਚ ਲੋਕਾਂ ਨੂੰ ਪਿੱਤਰਾਂ ਨੂੰ ਪਾਣੀ ਦਿੰਦਿਆਂ ਵੇਖ ਕੇ ਉਹ ਪੱਛਮ ਵਾਲੇ ਪਾਸੇ ਪਾਣੀ ਸੁੱਟਣ ਲੱਗ ਪਏ। ਲੋਕ ਪੁੱਛਦੇ ਨੇ ਤੁਸੀਂ ਇਹ ਕੀ ਕਰ ਰਹੇ ਹੋ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਮੈਂ ਆਪਣੀਆਂ ਫਸਲਾਂ ਨੂੰ ਪਾਣੀ ਦੇ ਰਿਹਾ ਹਾਂ। ਲੋਕ ਹੈਰਾਨ ਹੁੰਦੇ ਹਨ ਫਸਲਾਂ ਤਾਂ ਐਨੀ ਦੂਰ ਹਨ ਉਥੇ ਪਾਣੀ ਕਿਵੇਂ ਜਾ ਸਕਦਾ ਹੈ ਤੇ ਗੁਰੂ ਸਾਹਿਬ ਪੁੱਛਦੇ ਹਨ ਕਿ ਪਿੱਤਰ? ਇੰਝ ਪਿੱਤਰਾਂ ਨੂੰ ਪਾਣੀ ਦਿੰਦੇ ਸ਼ਰਧਾਲੂਆਂ ਨੂੰ ਗੱਲ ਦੀ ਸਮਝ ਆ ਜਾਂਦੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹੋ ਜਿਹੇ ਕਰਮ ਕਾਂਡਾਂ ਤੋਂ ਗੁਰੇਜ਼ ਕਰੋ ਅਤੇ ਸੱਚੇ ਮਾਨਵੀ ਧਰਮ ਨੂੰ ਸਮਝੋ। ਇਸੇ ਤਰ੍ਹਾਂ ਜਦੋਂ ਆਪ ਮੱਕੇ ਗਏ ਤਾਂ ਮੱਕੇ ਵੱਲ ਪੈਰ ਕਰ ਕੇ ਲੇਟ ਗਏ। ਲੋਕਾਂ ਨੇ ਵਿਰੋਧ ਕੀਤਾ। ਗੁਰੂ ਪਾਤਸ਼ਾਹ ਕਹਿਣ ਲੱਗੇ ਕਿ ਜਿਧਰ ਰੱਬ ਨਹੀਂ ਤੁਸੀਂ ਮੇਰੇ ਪੈਰ ਓਧਰ ਨੂੰ ਕਰ ਦਿਓ ਤਾਂ ਲੋਕ ਸਮਝ ਗਏ ਕਿ ਰੱਬ ਤਾਂ ਚਾਰੇ ਪਾਸੇ ਹੈ। ਇਹ ਉਨ੍ਹਾਂ ਦਾ ਲੋਕਾਂ ਨੂੰ ਸਮਝਾਉਣ ਦਾ ਵਿਲੱਖਣ ਤਰੀਕਾ ਸੀ। ਨਾਥਾਂ ਜੋਗੀਆਂ ਨੂੰ ਸਮਝਾਇਆ ਕਿ ਕਰਾਮਾਤਾਂ ਛੱਡ ਕੇ ਸੱਚ ਦਾ ਰਾਹ ਅਪਨਾਉਣ। ਲੋਕਾਈ ਨੂੰ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਲੋੜਵੰਦਾਂ ਲਈ ਲੰਗਰ ਦੀ ਪ੍ਰਥਾ ਚਲਾਈ। ਉਨ੍ਹਾਂ ਆਪ ਵੀ ਕਰਤਾਰਪੁਰ ਵਿਖੇ ਖੇਤੀ ਕੀਤੀ ਅਤੇ ਵਿਹਲੜਾਂ ਨੂੰ ਕਿਰਤ ਅਤੇ ਨਾਮ ਬਾਣੀ ਨਾਲ ਜੋੜਿਆ।

ਜੇਕਰ ਗਹੁ ਨਾਲ ਵੇਖੀਏ ਤਾਂ ਅੱਜ ਫੇਰ ਅਗਿਆਨਤਾ ਦੀ ਉਹੀ ਧੁੰਦ ਚੁਫੇਰੇ ਪਸਰੀ ਹੋਈ ਹੈ। ਜੇ ਹਨੇਰਾ ਹੋਵੇ ਤੇ ਸਾਹਮਣੇ ਖਾਈ ਹੋਵੇ ਤਾਂ ਉਸ ਵਿਚ ਡਿੱਗਣਾ ਸੁਭਾਵਿਕ ਹੈ। ਅੱਜ ਵੀ ਅਗਿਆਨ ਰੂਪੀ ਹਨੇਰਾ ਛਾਉਂਦਾ ਜਾ ਰਿਹਾ ਹੈ। ਭਾਵੇਂ ਜਪੁਜੀ ਸਾਹਿਬ ਵਿਚ ਉਨ੍ਹਾਂ ਦੱਸ ਦਿੱਤਾ ਹੈ, ਕਿਵ ਸਚਿਆਰਾ ਹੋਵੀਐ ਕਿਵ ਕੂੜੈ ਤੁਟੈ ਪਾਲ; ਕਿ ਮਨੁੱਖ ਨੂੰ ਹੁਕਮ ਅਤੇ ਰਜਾ ਵਿਚ ਚੱਲਣਾ ਚਾਹੀਦਾ ਹੈ ਪਰ ਅਸੀਂ ਗੁਰੂ ਜੀ ਦੇ ਸੰਦੇਸ਼ ਨੂੰ ਅੱਜ ਭੁੱਲ ਚੁੱਕੇ ਹਾਂ ਅਤੇ ਇਕ ਵਾਰ ਫੇਰ ਵਹਿਮਾਂ ਵਿਚ ਜਕੜੇ ਗਏ ਹਾਂ। ਬਹੁਤ ਸਾਰੇ ਲੋਕ ਧਰਮ ਦੇ ਅਸਲੀ ਅਰਥ ਨਾ ਸਮਝਦੇ ਹੋਏ ਅੱਜ ਵੀ ਮੜ੍ਹੀਆਂ-ਮਸਾਣਾਂ ਨੂੰ ਪੂਜਦੇ ਹਨ ਅਤੇ ਅਖੌਤੀ ਗੁਰੂਆਂ ਦੇ ਪਿੱਛੇ ਲੱਗ ਕੇ ਆਪਣਾ ਜੀਵਨ ਬਰਬਾਦ ਕਰ ਰਹੇ ਹਨ। ਅੱਜ ਪਹਿਲੋਂ ਕੀਤੇ ਅਖੰਡ ਪਾਠ ਵਿਕਦੇ ਹਨ। ਘਰਾਂ ਵਿਚ ਪਾਠ ਕਰਵਾਉਂਦੇ ਹਾਂ ਤਾਂ ਬੈਠ ਕੇ ਪਾਠ ਸੁਣਨ ਦੀ ਬਜਾਇ ਪ੍ਰਾਹੁਣਿਆਂ ਦੀ ਆਓ ਭਗਤ ਵੱਲ ਲੱਗ ਜਾਂਦੇ ਹਾਂ। ਅਜਿਹੀਆਂ ਹੋਰ ਬਹੁਤ ਗੱਲਾਂ ਹਨ ਜਿਨ੍ਹਾਂ ਬਾਰੇ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ। ਗੁਰੂ ਜੀ ਦਾ ਮੁੱਖ ਸੰਦੇਸ਼ ਤਾਂ ਇਹ ਸੀ ਕਿ ਕਰਮ ਕਾਂਡ ਛੱਡ ਕੇ ਮਨੁੱਖ ਚੰਗੇ ਕਰਮ ਕਰੇ। ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਤੋਂ ਬਚੇ। ਇਹ ਫ਼ਲਸਫ਼ਾ ਅੱਜ ਵੀ ਸਮੁੱਚੀ ਮਨੁੱਖਤਾ ਲਈ ਉਨਾ ਹੀ ਸਾਰਥਕ ਹੈ, ਜਿੰਨਾ ਉਦੋਂ ਸੀ।

ਭਾਵੇਂ ਅਸੀਂ ਸਾਢੇ ਪੰਜ ਸਦੀਆਂ ਤੋਂ ਗੁਰੂ ਨਾਨਕ-ਬਾਣੀ ਪੜ੍ਹਦੇ ਆ ਰਹੇ ਹਾਂ, ਉਨ੍ਹਾਂ ਦੇ ਨਾਂ ਨੂੰ ਵੇਚ-ਵਰਤ ਵੀ ਰਹੇ ਹਾਂ, ਇਸ ਪ੍ਰਤੀ ਅੰਤਾਂ ਦੀ ਸ਼ਰਧਾ ਵੀ ਰੱਖਦੇ ਹਾਂ, ਇਸ ਨੂੰ ਬਹੁਤ ਵਿਚਾਰਿਆ ਤੇ ਗਾਇਆ ਵੀ ਜਾ ਰਿਹਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਦੇ ਸੰਦੇਸ਼ ਦੇ ਅਰਥਾਂ ਦੀ ਗਹਿਰਾਈ ਨੂੰ ਸਮਝ ਕੇ ਇਸ ਨੂੰ ਆਪਣੀ ਜ਼ਿੰਦਗੀ ਵਿਚ ਅਪਣਾਇਆ ਨਹੀਂ ਜਾ ਰਿਹਾ। ਇਸ ਵੇਲੇ ਜਦੋਂ ਅਸੀਂ ਗੁਰੂ ਸਾਹਿਬ ਦਾ 556ਵਾਂ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾ ਰਹੇ ਹਾਂ ਤਾਂ ਸਾਨੂੰ ਮੁੜ ਇਹ ਵਿਚਾਰਨ ਦੀ ਲੋੜ ਹੈ ਕਿ ਅਸੀਂ ਉਨ੍ਹਾਂ ਦੇ ਫ਼ਲਸਫ਼ੇ ਨੂੰ ਕਿੰਨਾ ਕੁ ਅਪਨਾਇਆ ਹੈ। ਜਸਵੰਤ ਸਿੰਘ ਜ਼ਫਰ ਨੇ ਆਪਣੀ ਇਕ ਕਵਿਤਾ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਵਿਚ ਅਜਿਹੇ ਕਈ ਸਵਾਲ ਉਠਾਏ ਹਨ। ਉਹ ਸਾਨੂੰ ਪੁੱਛਦੇ ਹਨ ਕਿ ਅਸੀਂ ਗੁਰੂ ਨਾਨਕ ਦੇ ਨਾਂ 'ਤੇ ਵਿਦਿਅਕ ਸੰਸਥਾਵਾਂ ਤਾਂ ਬਣਾ ਲਈਆਂ ਪਰ ਕੀ ਅਸੀਂ ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਇਨ੍ਹਾਂ ਸੰਸਥਾਵਾਂ ਵਿਚ ਲਾਗੂ ਕੀਤਾ? ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਵਿਦਿਅਕ ਸੰਸਥਾਵਾਂ ਰਾਹੀਂ ਗੁਰੂ ਨਾਨਕ ਦੇ ਪੈਗ਼ਾਮ ਨਾਲ ਜੋੜੀਏ। ਗੁਰੂ ਦੇ ਸੰਦੇਸ਼ ਨੂੰ ਲੋਕਾਈ ਤੱਕ ਪਹੁੰਚਾਉਣਾ ਕੇਵਲ ਗੁਰਦੁਆਰਿਆਂ ਦਾ ਕੰਮ ਨਹੀਂ ਹੈ ਵਿਦਿਅਕ ਸੰਸਥਾਵਾਂ ਅਤੇ ਸਾਡੇ ਸਾਰਿਆਂ ਦਾ ਵੀ ਫਰਜ਼ ਹੈ। ਇਸ ਨਾਲ ਬਚਪਨ ਤੋਂ ਹੀ ਆਦਰਸ਼ ਮਨੁੱਖ ਦੀ ਉਸਾਰੀ ਹੋਣ ਦੀ ਬਹੁਤ ਵੱਡੀ ਸੰਵਾਭਨਾ ਹੈ। ਅਸੀਂ ਬਿਜ਼ਨਸਾਂ ਦੇ ਨਾਮ ਨਾਨਕ ਦੇ ਨਾਮ 'ਤੇ ਰੱਖਦੇ ਹਾਂ ਪਰ ਇੱਥੇ ਵੀ ਜੋ ਹੁੰਦਾ ਹੈ, ਉਹ ਸਭ ਨੂੰ ਪਤਾ ਹੈ।

ਬੇਸ਼ੱਕ ਅੱਜ ਵੀ ਉਹੀ ਹਾਲਾਤ ਹਨ ਜਿਨ੍ਹਾਂ ਬਾਰੇ ਗੁਰੂ ਸਾਹਿਬ ਨੇ ਉਚਾਰਿਆ ਸੀ "ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤੁ ਮੁਖਹੁ ਆਲਾਈ"। ਅੱਜ ਸਾਰੀ ਮਨੁੱਖ ਜਾਤੀ ਲਾਲਸਾਵਾਂ, ਹਉਮੈ, ਨਫ਼ਰਤ, ਮਜ਼੍ਹਬਾਂ, ਦੇਸ਼ਾਂ, ਹੱਦਾਂ-ਬੰਨਿਆਂ, ਰੰਗ-ਨਸਲ ਦੇ ਭੇਦ-ਭਾਵ ਵਰਗੀਆਂ ਬਹੁਤ ਵੱਡੀਆਂ ਅਲਾਮਤਾਂ ਦਾ ਸ਼ਿਕਾਰ ਹੋਈ ਪਈ ਹੈ। ਕੈਨੇਡਾ ਵਰਗੇ ਅਗਾਂਹਵਧੂ ਦੇਸ਼ ਵਿਚ ਆ ਕੇ ਵੀ ਜਦੋਂ ਕੋਈ ਤੁਹਾਨੂੰ ਤੁਹਾਡੀ ਜਾਤ ਅਤੇ ਗੋਤ ਪੁੱਛਦਾ ਹੈ ਤਾਂ ਹੈਰਾਨੀ ਹੁੰਦੀ ਹੈ ਕਿ ਅਸੀਂ ਨਾ ਬਾਬੇ ਨਾਨਕ ਦੇ ਸੰਦੇਸ਼ ਨੂੰ ਮੰਨਿਆ ਨਾ ਇੱਥੋਂ ਦੇ ਸਮਾਜ ਨੂੰ ਸਮਝਿਆ।

ਅਜੇ ਤੱਕ ਅਸੀਂ ਰੰਗ, ਨਸਲ, ਜਾਤ ਦੀ ਹਉਮੈ ਨੂੰ ਨਹੀਂ ਤਿਆਗ ਸਕੇ। ਹਉਮੈ ਦੀ ਮਾਰ ਨੇ ਦੁਨੀਆਂ ਵਿਚ ਕਿੰਨੀਆਂ ਜੰਗਾਂ ਕਰਵਾਈਆਂ। ਇਸ ਵੇਲੇ ਵੀ ਦੁਨੀਆਂ ਵਿਚ ਤ੍ਰਾਹੀ-ਤ੍ਰਾਹੀ ਮਚੀ ਹੋਈ ਹੈ। ਇਨ੍ਹਾਂ ਜੰਗਾਂ ਦੀਆਂ ਖ਼ਬਰਾਂ ਦੇਖ-ਸੁਣ ਕੇ ਬਾਬੇ ਨਾਨਕ ਦਾ ਰੱਬ ਨੂੰ ਮਾਰਿਆ ਨਿਹੋਰਾ ਯਾਦ ਆਉਂਦਾ ਹੈ, 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'? ਇਹ ਜੋ ਲੋਕ ਮਨੁੱਖਤਾ ਦਾ ਘਾਣ ਕਰਨ 'ਤੇ ਤੁਲੇ ਹੋਏ ਹਨ ਇਨ੍ਹਾਂ ਨੂੰ ਕਿਸੇ ਦਾ ਕੋਈ ਦਰਦ ਨਹੀਂ। ਲੋਭ ਨੇ ਇਨ੍ਹਾਂ ਨੂੰ ਅੰਨ੍ਹੇ ਕਰ ਛੱਡਿਆ ਹੈ।

ਬਾਬੇ ਨਾਨਕ ਨੇ ਉਸ ਵੇਲੇ ਦੇ ਹਾਲਾਤ ਬਾਰੇ ਕਿਹਾ ਸੀ 'ਕੂੜ ਰਾਜਾ ਕੂੜ ਪਰਜਾ' ਅਰਥਾਤ ਰਾਜੇ ਤੇ ਪਰਜਾ ਦੋਵੇਂ ਝੂਠੇ ਹਨ। ਅੱਜ ਵੀ ਸਿਆਸੀ ਆਗੂ ਜਨਤਾ ਨੂੰ ਲੁੱਟ ਖਾ ਰਹੇ ਹਨ ਅਤੇ ਪਰਜਾ ਭੇਡਾਂ-ਬੱਕਰੀਆਂ ਵਾਂਗ ਉਨ੍ਹਾਂ ਦੇ ਇਸ਼ਾਰਿਆਂ 'ਤੇ ਨਸਲਕੁਸ਼ੀ, ਦੰਗੇ-ਫ਼ਸਾਦਾਂ ਵਰਗੇ ਕੁਕਰਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਗੁਰੂ ਸਾਹਿਬ ਦੇ ਕਥਨ "ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦੀਸੇ ਬਾਹਰਾ ਜੀਉ" ਨੂੰ ਅਸੀਂ ਭੁੱਲ ਚੁੱਕੇ ਹਾਂ। ਗੁਰੂ ਨਾਨਕ ਨੂੰ ਤਾਂ ਨਾ ਕੋਈ ਹਿੰਦੂ ਨਾ ਮੁਸਲਿਮ ਜਾਪਦਾ ਸੀ ਪਰ ਅੱਜ ਧਰਮਾਂ ਦੇ ਨਾਂ 'ਤੇ ਸਾਰੀ ਮਨੁੱਖਤਾ ਮਰ-ਮਾਰ ਰਹੀ ਹੈ। ਇਸ ਵਰ੍ਹਦੀ ਅੱਗ ਨੂੰ ਠੱਲ੍ਹ ਪਾਉਣ ਲਈ ਗੁਰੂ ਸਾਹਿਬ ਦੇ ਸੰਦੇਸ਼ ਨੂੰ ਸੁਣਨ/ਸਮਝਣ ਤੇ ਅਪਨਾਉਣ ਦੀ ਲੋੜ ਹੈ,

ਪੂਛਨ ਫੋਲ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ
ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ

ਜਦੋਂ ਤੱਕ ਉੱਚੇ ਨੀਵੇਂ ਦੀ ਇਹ ਵੰਡ ਨਹੀਂ ਖਤਮ ਹੋਏਗੀ ਸਮਾਜ ਵਿਚ ਅਮਨ-ਸ਼ਾਂਤੀ ਨਹੀਂ ਕਾਇਮ ਹੋ ਸਕਦੀ। ਬਾਬਾ ਜੀ ਨੇ ਦੱਸਿਆ ਸੀ ਕਿ ਸਾਰੀ ਗੱਲ ਤਾਂ ਅਮਲਾਂ ਦੀ ਹੈ ਜਾਤਾਂ ਦੀ ਨਹੀਂ। ਉਨ੍ਹਾਂ ਮਲਕ ਭਾਗੋ ਨਾਲੋਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਤਰਜੀਹ ਦੇ ਕੇ ਦੱਸਿਆ ਕਿ ਮਨੁੱਖ ਮਾਇਆ ਕਰਕੇ ਨਹੀਂ ਬਲਕਿ ਆਪਣੇ ਸੱਚੇ ਅਮਲਾਂ ਕਰਕੇ ਵੱਡਾ ਹੁੰਦਾ ਹੈ। ਪਰ ਅੱਜ ਅਸੀਂ ਪੈਸੇ ਦੀ ਦੌੜ ਵਿਚ ਸੱਚ ਤੋਂ ਦੂਰ ਹੋ ਗਏ ਹਾਂ ਅਤੇ ਸੱਚ ਦੇ ਜੀਵਨ ਨੂੰ ਛੱਡ ਕੇ ਮਾਇਆ ਪਿੱਛੇ ਜਾਂ ਦਿਖਾਵੇ ਪਿੱਛੇ ਭੱਜੇ ਫਿਰ ਰਹੇ ਹਾਂ। ਜੇ ਅਸੀਂ ਸਚਮੁਚ ਗੁਰੂ ਨਾਨਕ ਦੇ ਸਿੱਖ ਹਾਂ ਤਾਂ ਸਾਨੂੰ ਜਾਤਾਂ-ਪਾਤਾਂ, ਲੋਭ-ਲਾਲਚ ਅਤੇ ਹਉਮੈ ਤੋਂ ਉੱਪਰ ਉਠ ਕੇ ਕੇਵਲ ਮਨੁੱਖ ਹੋ ਕੇ ਇਨ੍ਹਾਂ ਗੱਲਾਂ ਬਾਰੇ ਸੋਚਣਾ ਪਵੇਗਾ। ਬਾਬੇ ਦੇ ਸ਼ਬਦਾਂ 'ਏਕ ਪਿਤਾ ਏਕਸ ਕੇ ਹਮ ਬਾਰਿਕ' ਨੂੰ ਫਿਰ ਤੋਂ ਸਮਝਣਾ ਤੇ ਅਪਨਾਉਣਾ ਪਵੇਗਾ ਤਾਂ ਕਿ ਇਸ 'ਜਗਤ ਜਲੰਦੇ' ਵਿਚ ਅਮਨ ਤੇ ਸ਼ਾਂਤੀ ਕਾਇਮ ਕੀਤੀ ਜਾ ਸਕੇ।

ਵਾਤਾਵਰਣ ਵੀ ਅੱਜ ਸਾਡੀ ਚਿੰਤਾ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਜ਼ਰਖੇਜ਼ ਧਰਤੀ ਬੰਜਰ ਹੋ ਰਹੀ ਹੈ, ਧਰਤੀ 'ਚੋਂ ਪਾਣੀ ਮੁੱਕਦਾ ਜਾ ਰਿਹਾ ਹੈ। ਮਨੁੱਖ ਆਪ ਹੀ ਧਰਤੀ ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਹੈ। ਉਹ ਧਰਤੀ ਦੇ ਹੇਠੋਂ ਤੇਲ ਤੇ ਖਣਿਜ ਪਦਾਰਥ ਕੱਢ ਕੇ ਇਸ ਨੂੰ ਖੋਖਲੀ ਕਰ ਰਿਹਾ ਹੈ। ਪਹਾੜਾਂ ਨੂੰ ਤੋੜਿਆ ਜਾ ਰਿਹਾ ਹੈ, ਸਮੁੰਦਰਾਂ ਨੂੰ ਖੰਗਾਲਿਆ ਜਾ ਰਿਹੈ। ਗੁਰੂ ਨਾਨਕ ਨੇ ਮਨੁੱਖ ਅਤੇ ਕੁਦਰਤ ਦੇ ਰਿਸ਼ਤੇ ਨੂੰ ਬਿਆਨਦਿਆਂ ਆਖਿਆ ਸੀ- 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ' ਪਰ ਅੱਜ ਮਨੁੱਖ ਪੌਣ ਵਿਚ ਪ੍ਰਦੂਸ਼ਣ, ਪਾਣੀ ਵਿਚ ਜ਼ਹਿਰ ਘੋਲ ਰਿਹਾ ਹੈ ਅਤੇ ਧਰਤੀ 'ਤੇ ਕਬਜ਼ਾ ਕਰੀ ਬੈਠਾ ਹੈ। ਮਨੁੱਖ ਸਵੈ ਨਾਲੋਂ ਵੀ ਟੁੱਟ ਚੁੱਕਾ ਹੈ। ਸੋਚਣ ਵਾਲੀ ਗੱਲ ਹੈ ਜੋ ਮਨੁੱਖ ਖ਼ੁਦ ਨਾਲੋਂ ਹੀ ਟੁੱਟ ਜਾਵੇ ਉਸਨੇ ਹਵਾ-ਪਾਣੀ, ਪਸ਼ੂ ਪੰਛੀਆਂ ਅਤੇ ਧਰਤੀ ਦੀ ਕੀ ਕਦਰ ਕਰਨੀ ਹੈ? ਗੁਰੂ ਨਾਨਕ ਨੇ ਜਿਸ ਕੁਦਰਤ ਨੂੰ ਰੱਬ ਦਾ ਦਰਜਾ ਦਿੱਤਾ ਬੰਦੇ ਨੇ ਉਸ ਦਾ ਨਿਰਾਦਰ ਕਰ ਕੇ ਪਤਾ ਨਹੀਂ ਕਿੰਨੇ ਕੁ ਹੋਰ ਰੱਬ ਸਿਰਜ ਕੇ ਪੂਜਣੇ ਸ਼ੁਰੂ ਕਰ ਦਿੱਤੇ। ਹਉਮੈ ਦੀ ਬਿਮਾਰੀ ਨਾਲ ਅਜਿਹਾ ਗ੍ਰਸਿਆ ਹੈ ਕਿ ਉਸਨੇ ਐਟਮੀ ਤਾਕਤਾਂ ਪੈਦਾ ਕਰ ਲਈਆਂ ਅਤੇ ਕਲਿਆਣਕਾਰੀ ਬਣਨ ਦੀ ਬਜਾਇ ਧਰਤੀ ਦੀ ਹੋਂਦ ਨੂੰ ਹੀ ਖਤਰਾ ਪੈਦਾ ਕਰ ਦਿੱਤਾ। ਸਿੱਟੇ ਵਜੋਂ ਪ੍ਰਦੂਸ਼ਣ ਇੰਨਾ ਵਧ ਗਿਆ ਹੈ ਕਿ ਅੱਜ ਮਨੁੱਖ ਕੈਂਸਰ ਵਰਗੀਆਂ ਲਾਇਲਾਜ ਬਿਮਾਰੀਆਂ ਦਾ ਸ਼ਿਕਾਰ ਹੋ ਰਿਹੈ। ਜੇ ਅਸੀਂ ਆਪਣੇ ਦਰਿਆ ਗੰਧਲੇ ਤੇ ਹਵਾ ਜ਼ਹਿਰੀਲੀ ਨਾ ਕਰਦੇ ਤਾਂ ਅਸੀਂ ਇਨ੍ਹਾਂ ਅਲਾਮਤਾਂ ਤੋਂ ਬਚ ਸਕਦੇ ਸੀ। ਅੱਜ ਵੀ ਅਸੀਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਗੁਰੂ ਨਾਨਕ ਦੇ ਫ਼ਲਸਫ਼ੇ ਅਨੁਸਾਰ ਕੁਦਰਤ ਨਾਲ ਨਾਤਾ ਜੋੜ ਕੇ ਲੱਭ ਸਕਦੇ ਹਾਂ।

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਭਾਵ ਜਿਵੇਂ ਕੁਦਰਤ ਬੈਲੰਸ ਬਣਾ ਕੇ ਰੱਖਦੀ ਹੈ, ਸੂਰਜ, ਚੰਦਰਮਾ ਤੇ ਅਨੰਤ ਗ੍ਰਹਿ- ਨਖਸ਼ਤਰ ਆਪੋ ਆਪਣੀ ਸਪੇਸ ਵਿਚ ਚਲਦੇ ਹਨ ਇਕ ਦੂਜੇ ਨਾਲ ਟਕਰਾਉਂਦੇ ਨਹੀਂ ਇਵੇਂ ਹੀ ਮਨੁੱਖ ਨੂੰ ਵੀ ਆਪਣੇ ਅਤੇ ਕੁਦਰਤ ਵਿਚ ਬੈਲੰਸ ਬਣਾ ਕੇ ਰੱਖਣਾ ਪਵੇਗਾ ਤਾਂ ਹੀ ਇਸ ਧਰਤੀ ਨੂੰ ਬਚਾਇਆ ਜਾ ਸਕਦਾ ਹੈ।

ਗੁਰੂ ਨਾਨਕ ਨੇ ਨਵਾਂ ਨਰੋਆ ਸਮਾਜ ਸਿਰਜਣ ਲਈ ਚਾਰ ਉਦਾਸੀਆਂ ਕੀਤੀਆਂ। ਉਨ੍ਹਾਂ ਮੱਕੇਮਦੀਨੇ, ਬਗਦਾਦ, ਚੀਨ, ਅਸਾਮ ਅਤੇ ਹੋਰ ਦੂਰ ਦੁਰਾਡੀਆਂ ਥਾਵਾਂ 'ਤੇ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਿਆ, ਉਨ੍ਹਾਂ ਨਾਲ ਸੰਵਾਦ ਰਚਾਇਆ ਅਤੇ ਤਰਕ ਦੇ ਕੇ ਉਨ੍ਹਾਂ ਨੂੰ ਬਦਲਿਆ, ਮਨੁੱਖ ਨੂੰ ਨਿਡਰ ਅਤੇ ਸੱਚਾ ਬਣਨ ਦੀ ਪ੍ਰੇਰਨਾ ਦਿੱਤੀ। ਪਰ ਅੱਜ ਸੱਚ ਦੀ ਜਗ੍ਹਾ ਝੂਠ, ਕਿਰਤ ਦੀ ਥਾਂ ਵਿਹਲੜਪਨ ਅਤੇ ਧੋਖੇਧੜੀਆਂ, ਵੰਡ ਛਕਣ ਦੀ ਬਜਾਇ ਲੁੱਟ-ਖਸੁੱਟ ਵੇਖਣ ਨੂੰ ਮਿਲਦੀ ਹੈ। ਸਾਡੇ ਕੋਲ ਬਾਬੇ ਦਾ ਦਿੱਤਾ ਸ਼ਬਦ ਹੈ, ਵਿਚਾਰ ਹੈ, ਅਸੀਂ ਕਿਉਂ ਕਿਸੇ ਹੋਰ ਦੇ ਪਿੱਛੇ ਲੱਗ ਕੇ ਕੁਰਾਹੇ ਪਈਏ? ਕਿਉਂ ਨਾ ਬਾਬਾ ਜੀ ਦੀ ਬਾਣੀ ਦੇ ਤਰਕ ਨੂੰ ਸਮਝੀਏ ਅਤੇ ਹੋਰ ਲੋਕਾਂ ਤੱਕ ਪਹੁੰਚਾਈਏ।

ਅੱਜ ਸਾਇੰਸ ਦੇ ਯੁਗ ਵਿਚ ਸਾਨੂੰ ਤਰਕ ਤੋਂ ਕੰਮ ਲੈਣਾ ਪਵੇਗਾ। ਗੁਰਦੁਆਰਿਆਂ ਵਿਚ ਰੁਮਾਲਿਆਂ ਦੇ ਢੇਰ, ਘਰਾਂ ਵਿਚ ਪਏ ਸਿਰੋਪੇ, ਦਿਵਾਲੀ 'ਤੇ ਗੁਰਦੁਆਰਿਆਂ ਵਿਚ ਬਾਲੇ ਦੀਵਿਆਂ ਅਤੇ ਮੋਮਬੱਤੀਆਂ ਦਾ ਧੂੰਆਂ, ਸਰ੍ਹੋਂ ਦੇ ਤੇਲ ਦੀਆਂ ਬੋਤਲਾਂ ਅਤੇ ਮਠਿਆਈਆਂ ਦੇ ਚੜ੍ਹਾਵਿਆਂ ਦੇ ਢੇਰ, ਪਾਲਕੀ ਸਾਹਿਬ ਨੂੰ ਰੱਖੜੀਆਂ ਬੰਨ੍ਹਣੀਆਂ ਆਦਿ ਬਾਰੇ ਮੁੜ ਸੋਚਣ ਦੀ ਲੋੜ ਹੈ। ਇਹ ਵਸਤੂਆਂ ਕਿਸੇ ਲੋੜਵੰਦ ਨੂੰ ਦੇ ਕੇ ਵਧੇਰੇ ਸਾਰਥਕ ਉਪਯੋਗ ਹੋ ਸਕਦਾ ਹੈ। ਗੁਰਦੁਆਰੇ ਵਿਚ ਛੋਟੇ ਬੱਚਿਆਂ ਲਈ ਵੱਖਰਾ ਕਮਰਾ ਹੋਣਾ ਚਾਹੀਦਾ ਹੈ ਤਾਂ ਕਿ ਬੱਚੇ ਏਧਰ ਓਧਰ ਦੌੜਨ ਦੀ ਬਜਾਇ ਕਿਸੇ ਅਧਿਆਪਕ ਦੀ ਨਿਗਰਾਨੀ ਹੇਠ ਰਹਿਣ ਅਤੇ ਉਥੇ ਉਨ੍ਹਾਂ ਨੂੰ ਉਨ੍ਹਾਂ ਦੀ ਉਮਰ ਮੁਤਾਬਿਕ ਪੰਜਾਬੀ ਅਤੇ ਗੁਰਮਤਿ ਦੀ ਸਿੱਖਿਆ ਦਿੱਤੀ ਜਾ ਸਕੇ।

ਗੁਰੂ ਨਾਨਕ ਨੇ ਸਾਨੂੰ ਗ੍ਰਹਿਸਥ ਵਿਚ ਰਹਿ ਕੇ ਹੱਥੀਂ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਉਦਾਸੀਆਂ ਤੋਂ ਬਾਅਦ ਉਹ ਕੋਈ ਮੱਠ ਬਣਾ ਕੇ ਨਹੀਂ ਬੈਠੇ ਸਗੋਂ ਉਨ੍ਹਾਂ 18 ਸਾਲ ਕਰਤਾਰਪੁਰ ਵਿਚ ਖੇਤੀ ਕੀਤੀ ਅਤੇ 'ਘਾਲਿ ਖਾਇ ਕਿਛੁ ਹੱਥੋਂ ਦੇਹਿ ਨਾਨਕ ਰਾਹ ਪਛਾਣੇ ਸੇਇ' ਦਾ ਸੰਦੇਸ਼ ਦਿੱਤਾ। ਅੱਜ ਫਿਰ ਵਿਹਲੜ ਅਤੇ ਭੇਖੀ ਸਾਧ ਟੋਲੀਆਂ ਬੰਨ੍ਹ ਬੰਨ੍ਹ ਲੋਕਾਂ ਨੂੰ ਵਰਗਲਾ ਰਹੇ ਹਨ ਅਤੇ ਲੋਕ ਬਾਬੇ ਨਾਨਕ ਦੇ ਸੰਦੇਸ਼ ਨੂੰ ਭੁੱਲ ਕੇ ਉਨ੍ਹਾਂ ਦੇ ਪਿੱਛੇ ਲੱਗ ਰਹੇ ਹਨ। ਬਿਲਕੁਲ ਉਹੀ ਗੱਲ ਫਿਰ ਦੁਹਰਾਈ ਜਾ ਰਹੀ ਹੈ-

ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ
ਸੇਵਕ ਬੈਠਨਿ ਘਰਾਂ ਵਿਚ ਗੁਰ ਉਠਿ ਘਰੀ ਤਿਨਾੜੇ ਜਾਈ

ਅੱਜ ਸਮਾਂ ਆ ਗਿਆ ਹੈ ਕਿ ਅਸੀਂ ਇਨ੍ਹਾਂ ਤੁਕਾਂ ਦੇ ਅਰਥ ਸਮਝੀਏ ਅਤੇ ਵਿਹਲੜ ਸਾਧਾਂ ਦੇ ਚੁੰਗਲ ਤੋਂ ਬਚ ਕੇ ਗੁਰੂ ਨਾਨਕ ਦੇ ਦੱਸੇ ਸੱਚ ਦੇ ਰਾਹ 'ਤੇ ਤੁਰੀਏ। ਉਨ੍ਹਾਂ ਦੇ ਅਗਾਂਹਵਧੂ ਅਤੇ ਤਰਕ ਭਰਪੂਰ ਸੰਦੇਸ਼ ਨੂੰ ਸਮਝੀਏ ਅਤੇ ਇਸ 'ਤੇ ਅਮਲ ਕਰੀਏ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਰਬਕਾਲੀ ਹੈ। ਇਸ ਵਿਚੋਂ ਹਰ ਸਵਾਲ ਦਾ ਜਵਾਬ ਮਿਲਦਾ ਹੈ ਜਦੋਂ ਸਾਨੂੰ ਸਾਡੇ ਗੁਰੂ ਨੇ ਸ਼ਬਦ ਗੁਰੂ ਦੇ ਲੜ ਲਾਇਆ ਹੈ ਤਾਂ ਸਾਨੂੰ ਇਧਰ ਓਧਰ ਜਾਣ ਦੀ ਕੀ ਲੋੜ ਹੈ? ਜਿਹੜਾ ਸਮਾਜਵਾਦ ਦਾ ਸਿਧਾਂਤ ਕਾਰਲ ਮਾਰਕਸ ਨੇ 19ਵੀਂ ਸਦੀ ਵਿਚ ਲੋਕਾਂ ਨੂੰ ਦਿੱਤਾ ਹੈ ਉਹ ਸਿਧਾਂਤ ਗੁਰੂ ਨਾਨਕ ਪਹਿਲਾਂ ਹੀ ਪੰਦਰਵੀਂ ਸਦੀ ਵਿਚ ਸਾਨੂੰ ਦੇ ਗਏ ਸਨ। ਗੁਰੂ ਸਾਹਿਬ ਨੇ ਸਾਨੂੰ ਸਮਝਾਇਆ ਕਿ ਹੱਕ ਦੀ ਕਮਾਈ ਕਰੋ, ਚੰਗੇ ਕਰਮ ਕਰੋ ਅਤੇ ਮਜ਼ਲੂਮਾਂ ਦੀ ਸਹਾਇਤਾ ਕਰੋ ਇਹੀ ਤਾਂ ਹੈ ਅਸਲੀ ਸਮਾਜਵਾਦ। ਜੇ ਅੱਜ ਅਸੀਂ ਇਸ ਸੰਦੇਸ਼ ਨੂੰ ਮੰਨ ਸਕੀਏ ਤੇ ਲੋੜਵੰਦਾਂ ਨਾਲ ਵੰਡ ਕੇ ਛਕੀਏ ਤਾਂ ਦੁਨੀਆਂ ਵਿਚ ਕੋਈ ਵੀ ਭੁੱਖਾ ਨਹੀਂ ਸੌਂਵੇਗਾ। ਬਰਾਬਰੀ ਦਾ ਸਮਾਜ ਹੋਵੇਗਾ।

ਗੁਰੂ ਸਾਹਿਬ ਨੇ ਤਾਂ ਵੇਲੇ ਦੇ ਹਾਕਮਾਂ ਨੂੰ 'ਰਾਜੇ ਸ਼ੀਂਹ ਮੁਕਦਮ ਕੁੱਤੇ ਜਾਇ ਜਗਾਇਣ ਬੈਠੇ ਸੁੱਤੇ' ਤੱਕ ਆਖ ਕੇ ਵੰਗਾਰਿਆ। ਬਾਬਰ ਨੇ ਜਦੋਂ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਗੁਰੂ ਸਾਹਿਬ ਨੇ ਉਸ ਨੂੰ ਜਾਬਰ ਕਹਿ ਕੇ ਉਸਦੀ ਨਿੰਦਾ ਕੀਤੀ ਅਤੇ ਸਜ਼ਾ ਦੀ ਪਰਵਾਹ ਤੱਕ ਨਾ ਕੀਤੀ। ਪਰ ਅਸੀਂ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੀ ਬਜਾਇ ਨਿੱਕੀਆਂ ਨਿੱਕਿਆਂ ਪ੍ਰਸਥਿਤੀਆਂ ਨਾਲ ਸਮਝੌਤਾ ਕਰ ਲੈਂਦੇ ਹਾਂ। ਬਾਬਾ ਜੀ ਨੇ ਕਿਹਾ ਕਿ ਜਦੋਂ ਬੋਲਣ ਦੀ ਲੋੜ ਹੋਵੇ ਤਾਂ ਚੁੱਪ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ 'ਤਖਤਿ ਰਾਜਾ ਜੋ ਬਹੈ ਜਿ ਤਖਤੈ ਲਾਇਕ ਹੋਈ' ਪਰ ਅੱਜ ਵੋਟਾਂ ਦੀ ਰਾਜਨੀਤੀ ਵਿਚ ਇਸ ਤੋਂ ਉਲਟ ਹੋ ਰਿਹਾ ਹੈ। ਲੀਡਰ ਲੋਕਾਂ ਨੂੰ ਲਾਲਚ ਦੇ ਕੇ ਵੋਟਾਂ ਖਰੀਦ ਲੈਂਦੇ ਹਨ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਵੋਟਾਂ ਦੀ ਰਾਜਨੀਤੀ ਸਮਝ ਕੇ ਸਹੀ ਆਗੂ ਚੁਣੀਏ ਜੋ ਜਨਤਾ ਦੇ ਭਲੇ ਲਈ ਤੇ ਹੱਕ ਸੱਚ ਲਈ ਖੜ੍ਹੇ ਹੋਣ।

ਗੁਰੂ ਸਾਹਿਬ ਨੇ ਉਸ ਵੇਲੇ ਸਭ ਤੋਂ ਵੱਡੀ ਜੋ ਤਬਦੀਲੀ ਲਿਆਂਦੀ ਉਹ ਸੀ ਔਰਤ ਦੇ ਹੱਕ ਵਿਚ ਆਵਾਜ਼ ਉਠਾਉਣਾ। ਉਨ੍ਹਾਂ ਲੋਕਾਂ ਨੂੰ ਸੋਝੀ ਕਰਵਾਈ ਕਿ ਰੱਬ ਵੱਲੋਂ ਇਸਤਰੀ ਨੂੰ ਨੀਵਾਂ ਨਹੀਂ ਥਾਪਿਆ ਗਿਆ। ਆਪ ਨੇ ਇਸਤਰੀ ਵਿਚ ਸਵੈ-ਮਾਣ ਜਗਾਇਆ ਤੇ ਬਾਣੀ ਵਿਚ ਕਿਹਾ ਕਿ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਤੇ ਇਸਤਰੀ ਨੂੰ ਧਰਮ ਤੇ ਸਮਾਜ ਵਿਚ ਬਰਾਬਰੀ ਦਾ ਦਰਜਾ ਦਿਵਾਇਆ। ਪਰ ਅੱਜ ਤੱਕ ਸਮਾਜ ਨੇ ਇਸ ਨੂੰ ਮੰਨਿਆ ਕਿਉਂ ਨਹੀਂ? ਅੱਜ ਤੱਕ ਉਹ ਦੂਜੇ ਦਰਜੇ ਦੀ ਹਸਤੀ ਹੀ ਕਿਉਂ ਮੰਨੀ ਜਾਂਦੀ ਹੈ? ਅੱਜ ਵੀ ਉਸਨੂੰ ਬਰਾਬਰ ਦੀ ਇਨਸਾਨ ਕਿਉਂ ਨਹੀਂ ਸਮਝਿਆ ਜਾਂਦਾ? ਕੁੱਖਾਂ ਵਿਚ ਕੁੜੀਆਂ ਮਾਰ ਕੇ ਕੀ ਅਸੀਂ ਗੁਰੂ ਨਾਨਕ ਦੇ ਸਿੱਖ ਕਹਾਉਣ ਦੇ ਹੱਕਦਾਰ ਹਾਂ? ਇਸ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਔਰਤ ਨੂੰ ਮਾਣ ਦਿਓ ਸਮਾਜ ਦਾ ਮੁਹਾਂਦਰਾ ਹਾਂ-ਮੁਖੀ ਹੋ ਜਾਵੇਗਾ।

ਜੇ ਅਜੋਕਾ ਸਮਾਂ ਸਾਇੰਸ ਅਤੇ ਟੈਕਨੌਲੋਜੀ ਦਾ ਹੈ ਤਾਂ ਗੁਰੂ ਨਾਨਕ ਦੀ ਸੋਚ ਵੀ ਅਗਰਗਾਮੀ ਸੀ ਜਿਸਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਸੱਚ ਤੇ ਝੂਠ ਵਿਚ ਨਿਤਾਰਾ ਕਰਨ ਦੀ ਲੋੜ ਹੈ। ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਬੁੱਧੀਜੀਵੀ ਇਕੱਤਰ ਹੋ ਕੇ ਬਾਬੇ ਨਾਨਕ ਦੀ ਬਾਣੀ ਦਾ ਮੁੜ ਚਿੰਤਨ ਕਰਨ ਅਤੇ ਆਮ ਲੋਕਾਂ ਨੂੰ ਇਹ ਗੱਲ ਸਮਝਾਉਣ ਕਿ ਇਹ ਸਿੱਖਿਆਵਾਂ ਸਾਡੇ ਲਈ ਕਿੰਨੀਆਂ ਲਾਹੇਵੰਦ ਹਨ ਤੇ ਇਨ੍ਹਾਂ 'ਤੇ ਅਮਲ ਕਰ ਕੇ ਅਸੀਂ ਧਰਤੀ 'ਤੇ ਆਪਣੇ ਜੀਵਨ ਨੂੰ ਸੁਖਾਵਾਂ ਬਣਾ ਸਕਦੇ ਹਾਂ। ਆਓ! ਗੁਰੂ ਨਾਨਕ ਬਾਣੀ ਦੀ ਸਾਰਥਕਤਾ ਨੂੰ ਸਮਝ ਕੇ ਆਪਣੇ ਜੀਵਨ ਨੂੰ ਇਸਦੇ ਅਨੁਸਾਰ ਢਾਲੀਏ ਅਤੇ ਇਸ ਧਰਤੀ 'ਤੇ ਵਸਦੇ ਜੀਵਨ ਦੇ ਸ਼ੁਭਚਿੰਤਕ ਬਣੀਏ।

'ਭਾਗ ਮਿਲਖਾ ਭਾਗ' ਵਿਚਲਾ ਅਸਲੀ ਮਿਲਖਾ ਸਿੰਘ

ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮਿਲਖਾ ਸਿੰਘ ਤੇਜ਼ ਤਰਾਰ ਦੌੜਾਂ ਦਾ ਬਾਦਸ਼ਾਹ ਸੀ। ਏਸ਼ੀਆ ਮਹਾਂਦੀਪ ਦਾ ਬੈੱਸਟ ਅਥਲੀਟ। ਉਸ ਨੇ ਕਾਮਨਵੈੱਲਥ ਤੇ ਏਸ਼ਿਆਈ ਖੇਡਾਂ ਵਿਚੋਂ ਪੰਜ ਗੋਲਡ ਮੈਡਲ ਜਿੱਤੇ ਸਨ। ਭਾਰਤ ਨੂੰ ਕਾਮਨਵੈਲਥ ਖੇਡਾਂ ਦਾ ਪਹਿਲਾ ਗੋਲਡ ਮੈਡਲ ਮਿਲਖਾ ਸਿੰਘ ਨੇ ਹੀ ਦੁਆਇਆ ਸੀ। ਉਸ ਨੇ ਤਿੰਨ ਓਲੰਪਿਕਸ ਵਿਚ ਭਾਗ ਲਿਆ ਸੀ ਤੇ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਦਾ-ਜਿੱਤਦਾ ਹਾਰ ਗਿਆ ਸੀ। ਉਥੇ ਉਹ ਪਹਿਲਾ ਓਲੰਪਿਕ ਰਿਕਾਰਡ ਮਾਤ ਪਾ ਗਿਆ ਸੀ। ਭਾਰਤੀ ਅਥਲੀਟਾਂ 'ਚ ਉਸ ਦੀ ਬੱਲੇ-ਬੱਲੇ ਸਭ ਤੋਂ ਵੱਧ ਹੋਈ। ਉਹ ਜਿਊਂਦੇ ਜੀਅ ਮਿੱਥ ਬਣ ਗਿਆ ਸੀ। ਉਸ ਦੇ ਜੀਵਨ 'ਤੇ ਆਧਾਰਿਤ ਬਣੀ ਫਿਲਮ 'ਭਾਗ ਮਿਲਖਾ ਭਾਗ' ਕਾਰਲ ਲੇਵਿਸ ਵਰਗੇ ਮਹਾਨ ਅਥਲੀਟ ਨੇ ਵੀ ਸਲਾਹੀ। ਉਸ ਨੂੰ 'ਫਲਾਈਂਗ ਸਿੱਖ' ਵੀ ਕਿਹਾ ਜਾਂਦਾ ਰਿਹਾ। ਇਹ ਖ਼ਿਤਾਬ ਉਸ ਨੂੰ ਲਾਹੌਰ ਦੇ ਸਟੇਡੀਅਮ ਵਿਚ ਮਿਲਿਆ ਸੀ। ਦੌੜ ਜਿੱਤਣ ਪਿੱਛੋਂ ਜਦੋਂ ਮਿਲਖਾ ਸਿੰਘ ਨੇ ਜੇਤੂ ਗੇੜੀ ਲਾਈ ਤਾਂ ਅਨਾਊਂਸਰ ਨੇ ਕਿਹਾ ਸੀ, "ਮਿਲਖਾ ਸਿੰਘ ਦੌੜਿਆ ਨਹੀਂ, ਉਡਿਆ ਹੈ। ਅਸੀਂ ਏਹਨੂੰ 'ਫਲਾਈਂਗ ਸਿੱਖ' ਦਾ ਖ਼ਿਤਾਬ ਦੇਨੇ ਆਂ!"

ਪਾਕਿਸਤਾਨ ਦੇ ਪ੍ਰੈਜ਼ੀਡੈਂਟ ਜਨਰਲ ਅਯੂਬ ਖਾਂ ਨੇ ਉਸ ਨੂੰ ਮੈਡਲ ਪਹਿਨਾਉਂਦਿਆਂ ਕਿਹਾ ਸੀ, "ਮਿਲਖਾ ਸਿੰਘ ਜੀ, ਤੁਸੀਂ ਵਾਕਿਆ ਈ 'ਫਲਾਈਂਗ ਸਿੱਖ' ਹੋ।" ਉਥੇ ਉਹ 200 ਮੀਟਰ ਦੀ ਦੌੜ 20.7 ਸੈਕੰਡ ਵਿਚ ਦੌੜਿਆ ਸੀ ਜੋ ਉਸ ਸਮੇਂ ਵਿਸ਼ਵ ਰਿਕਾਰਡ ਸੀ। ਰੋਮ ਵਿਚ ਉਹ 400 ਮੀਟਰ ਦੀ ਦੌੜ 45.6 ਸੈਕੰਡ ਵਿਚ ਦੌੜਿਆ। ਉਦੋਂ ਓਲੰਪਿਕ ਰਿਕਾਰਡ 45.9 ਸੈਕੰਡ ਦਾ ਸੀ। ਉਸ ਨੇ 80 ਇੰਟਰਨੈਸ਼ਨਲ ਦੌੜਾਂ 'ਚੋਂ 77 ਦੌੜਾਂ ਜਿੱਤੀਆਂ ਸਨ। ਇਕ ਸਮੇਂ 100, 200, 400 ਤੇ 4+400 ਮੀਟਰ ਦੌੜਾਂ ਦੇ ਚਾਰੇ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਉਹਦਾ 400 ਮੀਟਰ ਦੌੜ ਦਾ ਰਿਕਾਰਡ ਭਾਰਤ ਦਾ ਕੋਈ ਹੋਰ ਦੌੜਾਕ 20ਵੀਂ ਸਦੀ ਤੇ ਅੰਤ ਤਕ ਵੀ ਨਹੀਂ ਸੀ ਤੋੜ ਸਕਿਆ। ਉਹ ਆਖ਼ਰ ਕੇਰਲਾ ਦੇ ਕੇ. ਐੱਮ. ਬੀਨੂ ਨੇ 2004 ਵਿਚ ਤੋੜਿਆ ਜਿਸ ਨੂੰ ਮਿਲਖਾ ਸਿੰਘ ਨੇ ਐਲਾਨ ਕੀਤਾ ਹੋਇਆ ਦੋ ਲੱਖ ਰੁਪਏ ਦਾ ਇਨਾਮ ਵੀ ਦਿੱਤਾ।

ਮਿਲਖਾ ਸਿੰਘ ਦਾ ਜਨਮ 20 ਨਵੰਬਰ 1932 ਨੂੰ ਪੱਛਮੀ ਪੰਜਾਬ ਦੇ ਪਿੰਡ ਗੋਬਿੰਦਪੁਰਾ, ਜ਼ਿਲ੍ਹਾ ਮੁਜ਼ੱਫਰਗੜ੍ਹ ਵਿਚ ਸੰਪੂਰਨ ਸਿੰਘ ਦੇ ਘਰ ਮਾਤਾ ਵਧਾਵੀ ਬਾਈ ਦੀ ਕੁੱਖੋਂ ਹੋਇਆ ਸੀ। ਉਹ ਅੱਠ ਭੈਣ ਭਰਾ ਸਨ। ਅਮੀਰ ਸਿੰਘ, ਦੌਲਤ ਸਿੰਘ, ਮੱਖਣ ਸਿੰਘ, ਮਿਲਖਾ ਸਿੰਘ, ਗੋਬਿੰਦ ਸਿੰਘ, ਈਸ਼ਰ, ਹਰਬੰਸ ਤੇ ਮਖਣੀ। ਦੇਸ਼-ਵੰਡ ਦੇ ਉਜਾੜੇ ਵੇਲੇ ਇਕ ਭੈਣ ਤੇ ਦੋ ਭਰਾ ਹੀ ਬਚ ਸਕੇ, ਬਾਕੀ ਸਾਰਾ ਪਰਿਵਾਰ ਕਤਲ ਕਰ ਦਿੱਤਾ ਗਿਆ ਸੀ। ਮਿਲਖਾ ਸਿੰਘ ਤੇ ਉਸ ਦੀ ਪਤਨੀ ਨਿਰਮਲ ਨਿੰਮੀ ਲੰਮੀ ਉਮਰ ਜੀਵੇ। ਦੋਵੇਂ ਪੰਜਾਬ ਤੇ ਚੰਡੀਗੜ੍ਹ ਦੇ ਸਪੋਰਟਸ ਡਾਇਰੈਕਟਰ ਰਹੇ। ਕੋਵਿਡ ਕਾਲ ਦੌਰਾਨ ਉਹ ਜੂਨ 2021 ਵਿਚ ਅੱਗੜ-ਪਿੱਛੜ ਪਰਲੋਕ ਸਿਧਾਰੇ। ਆਪਣੇ ਪਿੱਛੇ ਪੁੱਤਰ ਜੀਵ ਮਿਲਖਾ ਸਿੰਘ ਤੇ ਤਿੰਨ ਧੀਆਂ ਦਾ ਭਰਿਆ ਪਰਿਵਾਰ ਛੱਡ ਗਏ।

ਉਮਰ ਦੇ ਆਖ਼ਰੀ ਸਾਲਾਂ 'ਚ ਮਿਲਖਾ ਸਿੰਘ ਨੇ ਆਪਣੀ ਧੀ ਸੋਨੀਆ ਸਨਵਾਲਕਾ ਤੋਂ ਅੰਗਰੇਜ਼ੀ ਵਿਚ ਆਪਣੀ ਆਟੋਬਾਇਓਗਰਾਫੀ ਲਿਖਵਾਈ: ਦਾ ਰੇਸ ਆਫ਼ ਮਾਈ ਲਾਈਫ਼। ਪਹਿਲਾਂ ਪੰਜਾਬੀ ਵਿਚ ਵੀ ਉਸ ਨੇ ਪ੍ਰਸਿੱਧ ਕਵੀ ਪਾਸ਼ ਤੋਂ ਆਪਣੀ ਸਵੈ-ਜੀਵਨੀ ਲਿਖਵਾਈ ਸੀ: ਫਲਾਈਂਗ ਸਿੱਖ ਮਿਲਖਾ ਸਿੰਘ। 2020 ਵਿਚ ਮੈਂ ਵੀ ਉਸ ਦੀ ਜੀਵਨੀ 'ਉਡਣਾ ਸਿੱਖ ਮਿਲਖਾ ਸਿੰਘ' ਲਿਖੀ।

ਮਿਲਖਾ ਸਿੰਘ ਨੂੰ ਮੈਂ ਪਹਿਲੀ ਵਾਰ 1958 'ਚ ਫਿਲਮੀ ਪਰਦੇ 'ਤੇ ਦੌੜਦਾ ਵੇਖਿਆ ਸੀ। ਉਦੋਂ ਉਸ ਨੇ ਕਾਰਡਿਫ਼ ਦੀਆਂ ਕਾਮਨਵੈੱਲਥ ਖੇਡਾਂ 'ਚੋਂ ਗੋਲਡ ਮੈਡਲ ਜਿੱਤਿਆ ਸੀ। ਫਿਰ 1962 'ਚ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ਦੌੜਦੇ ਵੇਖਿਆ। ਉਦੋਂ ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਵੀ ਉਥੇ ਪ੍ਰੈਕਟਿਸ ਕਰਦੇ ਸਾਂ। ਪ੍ਰੈਕਟਿਸ ਪਿੱਛੋਂ ਜਦੋਂ ਉਹ ਵਿਹਲਾ ਹੋਇਆ ਤਾਂ ਮੈਂ ਉਹਦੇ ਨਾਲ ਹੱਥ ਮਿਲਾਇਆ ਸੀ। ਉਹਦੇ ਹੱਥ ਪਤਲੇ, ਕਲਾਈਆਂ ਵੀ ਪਤਲੀਆਂ ਤੇ ਗਿੱਟੇ-ਗੋਡੇ ਵੀ ਪਤਲੇ ਸਨ। ਸੂਤਵਾਂ ਚਿਹਰਾ ਤਕੜੇ ਖਿਡਾਰੀਆਂ ਵਰਗਾ ਨਹੀਂ ਅਨੀਂਦਰੇ ਮਾਰੇ ਪਾੜ੍ਹਿਆਂ ਵਰਗਾ ਸੀ। ਦੰਦ ਵੱਡੇ ਤੇ ਬੁੱਲ੍ਹ ਮੋਟੇ ਸਨ। ਗੱਲ੍ਹਾਂ ਜਾਭਾਂ 'ਚ ਵੜੀਆਂ ਪਈਆਂ ਸਨ। ਜੂੜਾ ਵੱਡਾ ਸੀ ਜੋ ਚਿੱਟੇ ਰੁਮਾਲ ਨਾਲ ਬੱਧਾ ਹੋਇਆ ਸੀ। ਉਦੋਂ ਮੇਰਾ ਵਜ਼ਨ ਤਾਂ ਸੱਤਰ ਕਿਲੋ ਸੀ ਜਦ ਕਿ ਮਿਲਖਾ ਸਿੰਘ ਦਾ ਵਜ਼ਨ ਮੈਨੂੰ ਸੱਠ ਕੁ ਕਿਲੋ ਲੱਗਾ ਸੀ। ਉਹਦੇ ਨਾਲ ਮੱਲਾਂ ਵਰਗੇ ਥਰੋਅਰ ਪ੍ਰਦੁੱਮਣ ਸਿੰਘ ਤੇ ਬਲਕਾਰ ਸਿੰਘ ਹੋਰੀਂ ਸਨ। ਮੱਖਣ ਸਿੰਘ ਸੀ, ਗੁਰਬਚਨ ਰੰਧਾਵਾ, ਤਰਲੋਕ ਸਿੰਘ ਤੇ ਮਹਿੰਦਰ ਸਿੰਘ ਹੋਰੀਂ ਦਸ ਪੰਦਰਾਂ ਅਥਲੀਟ ਸਨ ਜਿਹੜੇ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਤਿਆਰੀ ਕਰ ਰਹੇ ਸਨ।





ਮਿਲਖਾ ਸਿੰਘ ਦੀ ਜੀਵਨ ਕਹਾਣੀ ਦੌੜਾਂ ਦੀ ਐਸੀ ਗਾਥਾ ਹੈ ਜੋ ਜੱਗੋਂ ਨਿਆਰੀ ਹੈ। ਦੌੜਾਂ ਸਦਾ ਉਹਦੇ ਅੰਗ ਸੰਗ ਰਹੀਆਂ। ਉਹ ਸਕੂਲੇ ਜਾਂਦਾ ਤਾਂ ਸਕੂਲੋਂ ਦੌੜ ਜਾਂਦਾ। ਤਪਦੇ ਰਾਹਾਂ 'ਤੇ ਪੈਰ ਭੁੱਜਦੇ ਤਾਂ ਦੌੜ ਕੇ ਕਿਸੇ ਰੁੱਖ ਦੀ ਛਾਵੇਂ ਠੰਢੇ ਕਰਦਾ। ਇਕ ਰੁੱਖ ਦੀ ਛਾਂ ਤੋਂ ਦੂਜੇ ਰੁੱਖ ਦੀ ਛਾਂ ਵੱਲ ਦੌੜਦਾ। 1947 ਵਿਚ ਉਹ ਪਾਕਿਸਤਾਨ 'ਚੋਂ ਜਾਨ ਬਚਾ ਕੇ ਦੌੜਿਆ। ਪਹਿਲਾਂ ਮੁਲਤਾਨ, ਫਿਰ ਫਿਰੋਜ਼ਪੁਰ ਤੇ ਫਿਰ ਦਿੱਲੀ ਪੁੱਜਾ। ਦਿੱਲੀ ਉਹ ਰੇਲ ਗੱਡੀਆਂ ਬਰਾਬਰ ਦੌੜਿਆ ਤੇ ਚੋਰੀਆਂ ਚਕਾਰੀਆਂ ਕੀਤੀਆਂ। ਇੱਟਾਂ ਰੋੜੇ ਤੇ ਚਾਕੂ ਚਲਾਏ। ਪੁਲਿਸ ਫੜਨ ਲੱਗੀ ਤਾਂ ਦੌੜ ਕੇ ਬਚਿਆ। ਬੇਟਿਕਟਾ ਸਫ਼ਰ ਕਰਦਾ ਦੌੜਨ ਲੱਗਾ ਤਾਂ ਫੜਿਆ ਗਿਆ ਤੇ ਜੇਲ੍ਹ ਜਾ ਪੁੱਜਾ। ਭੈਣ ਨੇ ਵਾਲ਼ੀਆਂ ਗਹਿਣੇ ਰੱਖ ਕੇ ਜੇਲੋਂ ਛੁਡਾਇਆ। ਫਿਰ ਉਸ ਨੂੰ ਭੈਣ ਦੇ ਸਹੁਰਿਆਂ ਨੇ ਦੌੜਾਅ ਦਿੱਤਾ।

ਚੜ੍ਹਦੀ ਜੁਆਨੀ 'ਚ ਉਹ ਇਕ ਗ਼ਰੀਬੜੀ ਕੁੜੀ ਦੇ ਕੁਆਰੇ ਇਸ਼ਕ ਪਿੱਛੇ ਦੌੜਿਆ ਪਰ ਉਹ ਉਹਦੇ ਹੱਥ ਨਾ ਆਈ। ਇਕ ਅਮੀਰ ਕੁੜੀ ਉਹਦੇ ਮਗਰ ਦੌੜੀ ਜਿਸ ਨੂੰ ਮਿਲਖਾ ਸਿੰਘ ਨੇ ਡਾਹੀ ਨਾ ਦਿੱਤੀ। ਫੌਜ 'ਚ ਭਰਤੀ ਹੋਇਆ ਤਾਂ ਦੌੜ ਕੇ ਹੀ ਦੁੱਧ ਦਾ ਸਪੈਸ਼ਲ ਗਲਾਸ ਲੁਆਇਆ। ਦੌੜ-ਦੌੜ ਕੇ ਤਰੱਕੀਆਂ ਪਾਈਆਂ ਤੇ ਸਿਪਾਹੀ ਤੋਂ ਜੇਸੀਓ ਬਣਿਆ। ਦੇਸ਼ਾਂ ਵਿਦੇਸ਼ਾਂ ਵਿਚ ਦੌੜ ਕੇ ਮੈਡਲ ਤੇ ਕੱਪ ਜਿੱਤਦਾ ਗਿਆ ਅਤੇ ਅਮਰੀਕਾ ਦੀ ਹੈਲਮਜ਼ ਟਰਾਫੀ ਨੂੰ ਜਾ ਹੱਥ ਪਾਇਆ। ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਤੇ ਪਦਮਸ਼੍ਰੀ ਦੇ ਪੁਰਸਕਾਰਾਂ ਨਾਲ ਨਿਵਾਜਿਆ। ਰੋਮ ਦੀਆਂ ਓਲੰਪਿਕ ਖੇਡਾਂ 'ਚ ਪਹਿਲਾ ਓਲੰਪਿਕ ਰਿਕਾਰਡ ਤੋੜਿਆ ਤਾਂ ਕੁਲ ਦੁਨੀਆ 'ਚ ਮਿਲਖਾ ਮਿਲਖਾ ਹੋ ਗਈ। ਲਾਹੌਰ ਦੌੜਿਆ ਤਾਂ 'ਫਲਾਈਂਗ ਸਿੱਖ' ਦਾ ਖ਼ਿਤਾਬ ਮਿਲਿਆ। ਮੁਸੀਬਤਾਂ ਉਸ ਨੂੰ ਵਾਰ ਵਾਰ ਘੇਰਦੀਆਂ ਰਹੀਆਂ ਪਰ ਉਹ ਉਨ੍ਹਾਂ ਦਾ ਸਾਹਮਣਾ ਕਰਦਾ ਅੱਗੇ ਹੀ ਅੱਗੇ ਦੌੜਦਾ ਗਿਆ। ਉਹਦੇ ਮਰ ਰਹੇ ਬਾਪ ਦੇ ਆਖ਼ਰੀ ਬੋਲ ਸਨ, "ਦੌੜ ਜਾ ਪੁੱਤਰਾ! ਦੌੜ ਜਾਹ...।"

1947 ਦੀ ਮਾਰ-ਧਾੜ 'ਚੋਂ ਜਾਨ ਬਚਾ ਕੇ ਉਹ ਅਜਿਹਾ ਦੌੜਿਆ ਕਿ ਸਾਰੀ ਉਮਰ ਦੌੜਦਾ ਹੀ ਰਿਹਾ। ਜਿਨ੍ਹਾਂ ਰਾਹਾਂ, ਪਹਿਆਂ, ਖੇਤਾਂ, ਡੰਡੀਆਂ, ਪਗਡੰਡੀਆਂ, ਪਟੜੀਆਂ, ਪਾਰਕਾਂ, ਟ੍ਰੇਲਾਂ, ਟ੍ਰੈਕਾਂ, ਸਟੇਡੀਅਮਾਂ ਤੇ ਗੌਲਫ਼ ਗਰਾਊਂਡਾਂ 'ਚ ਉਹ ਦੌੜਿਆ ਉਥੋਂ ਅੱਜ ਵੀ ਉਹਦੇ ਮੁੜ੍ਹਕੇ ਦੀ ਮਹਿਕ ਆ ਰਹੀ ਹੈ। 1966 'ਚ ਮਿਲਖਾ ਸਿੰਘ ਨਾਲ ਕੀਤੀ ਪਹਿਲੀ ਮੁਲਾਕਾਤ ਪਿੱਛੋਂ ਮੈਂ ਜਿਹੜਾ ਲੇਖ ਲਿਖਿਆ ਸੀ ਉਸ ਦੀਆਂ ਕੁਝ ਟੂਕਾਂ ਹਾਜ਼ਰ ਹਨ, "ਟ੍ਰੈਕ ਮਿਲਖਾ ਸਿੰਘ ਲਈ ਤੀਰਥ ਸਥਾਨ ਬਣ ਗਿਆ ਸੀ ਤੇ ਦੌੜਨਾ ਨਿਤਨੇਮ। ਦੌੜ ਉਹਦਾ ਇਸ਼ਟ ਬਣ ਗਈ ਸੀ। ਵਿਤੋਂ ਬਾਹਰਾ ਦੌੜਨ ਨਾਲ ਉਹ ਕਈ ਵਾਰ ਬੇਹੋਸ਼ ਹੋਇਆ ਤੇ ਲਹੂ ਦੀਆਂ ਉਲਟੀਆਂ ਕਰਦਾ ਰਿਹਾ। ਸਿਕੰਦਰਾਬਾਦ ਉਹਦਾ ਸੈਂਟਰ ਸੀ। ਫੌਜੀ ਬੈਰਕ ਤੇ ਟ੍ਰੈਕ ਉਹਦੀ ਦੁਨੀਆ ਸੀ। ਦੌੜਨ ਦੀ ਤਪੱਸਿਆ ਜਿਥੇ ਸਰੀਰ ਦਾ ਮੁੜ੍ਹਕਾ ਵਹਾਉਂਦੀ, ਲਹੂ ਪੀਂਦੀ, ਨਿਢਾਲ ਕਰਦੀ, ਰਾਤਾਂ ਨੂੰ ਵੀ ਦੌੜਾਂ ਲੁਆਉਂਦੀ, ਅਨੀਂਦਰੇ ਮਾਰਦੀ, ਉਥੇ ਜਿੱਤਾਂ ਜਿੱਤਣ ਦੀ ਤਾਂਘ 'ਚ ਇਹੋ ਤਪੱਸਿਆ ਉਹਨੂੰ ਗਗਨਾਂ ਦੇ ਪਰੀ-ਮੰਡਲਾਂ ਵਿਚ ਸੰਵਾ ਦਿੰਦੀ!

"ਟੋਕੀਓ-58 ਦੀਆਂ ਏਸ਼ਿਆਈ ਖੇਡਾਂ 'ਚ ਪਾਕਿਸਤਾਨ ਦਾ ਓਲੰਪੀਅਨ ਦੌੜਾਕ ਅਬਦੁੱਲ ਖ਼ਾਲਿਕ ਕਿਸੇ ਨੂੰ ਨਿਗ੍ਹਾ ਹੇਠ ਨਹੀਂ ਸੀ ਲਿਆਉਂਦਾ। ਉਹ 100 ਮੀਟਰ ਦੀ ਦੌੜ ਜਿੱਤ ਚੁੱਕਾ ਸੀ ਜਦਕਿ ਮਿਲਖਾ ਸਿੰਘ 400 ਮੀਟਰ ਦੀ। ਉਨ੍ਹਾਂ 'ਚੋਂ ਜਿਹੜਾ 200 ਮੀਟਰ ਦੀ ਦੌੜ ਜਿਤਦਾ ਉਹੀ ਏਸ਼ੀਆ ਦਾ ਬੈੱਸਟ ਅਥਲੀਟ ਬਣਨਾ ਸੀ। ਆਖ਼ਰ 200 ਮੀਟਰ ਦੌੜ ਸ਼ੁਰੂ ਹੋਈ। ਅਖ਼ੀਰ ਤਕ ਦੋਵੇਂ ਬਰਾਬਰ ਦੌੜਦੇ ਗਏ। ਹੱਲਾਸ਼ੇਰੀ ਦਿੰਦੇ ਦਰਸ਼ਕ ਪੱਬਾਂ ਭਾਰ ਖੜ੍ਹੇ ਹੋ ਗਏ। ਦੋਹੇਂ ਦੌੜਾਕ ਫੀਤੇ ਨੂੰ ਇਕੋ ਸਮੇਂ ਛੋਹੇ। ਦੌੜ ਪੂਰੀ ਕਰਦਿਆਂ ਮਿਲਖਾ ਸਿੰਘ ਲੜਖੜਾ ਕੇ ਡਿੱਗ ਪਿਆ। ਕਾਫੀ ਸਮਾਂ ਉਡੀਕਣ ਤੇ ਦੌੜ ਸਮਾਪਤੀ ਦੀ ਫੋਟੋ ਵਾਰ-ਵਾਰ ਘੋਖਣ ਉਪਰੰਤ ਐਲਾਨ ਹੋਇਆ-ਮਿਲਖਾ ਸਿੰਘ ਫਸਟ! ਟਾਈਮ... ਤਾੜੀਆਂ ਦੀ ਗੂੰਜਾਰ ਵਿਚ ਟਾਈਮ ਕਿਸੇ ਨੇ ਵੀ ਨਾ ਸੁਣਿਆ।

"ਮਿਲਖਾ ਸਿੰਘ ਦੇ ਖੁਸ਼ੀ ਵਿਚ ਹੰਝੂ ਵਹਿ ਤੁਰੇ। ਤਸਵੀਰਾਂ ਖਿੱਚਣ ਲਈ ਕੈਮਰਿਆਂ ਦੀਆਂ ਅੱਖਾਂ ਜਗਣ ਬੁੱਝਣ ਲੱਗੀਆਂ। ਸਾਥੀਆਂ ਦੀਆਂ ਜੱਫੀਆਂ ਨੇ ਉਹਨੂੰ ਮਧੋਲ ਲਿਆ। ਡੌਰ-ਭੌਰ ਉਹ ਆਪਣੇ ਕਮਰੇ 'ਚ ਪੁੱਜਾ। ਉਹ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ। ਉਸ ਨੇ ਆਪਣੇ ਆਪ ਨੂੰ ਗਹੁ ਨਾਲ ਵੇਖਿਆ... ਭੁੱਜਦੇ ਪੈਰਾਂ ਨਾਲ ਤਪਦੇ ਰਾਹਾਂ 'ਤੇ ਰੁੱਖਾਂ ਦੀਆਂ ਛਾਵਾਂ ਵੱਲ ਦੌੜਦਾ, ਲਹੂ ਲਿਬੜੀ ਗੱਡੀ 'ਚ ਲੁਕ ਕੇ ਸਫ਼ਰ ਕਰਦਾ, ਸ਼ਰਨਾਰਥੀ ਕੈਂਪਾਂ 'ਚ ਰੁਲਦਾ, ਫੌਜੀਆਂ ਦੇ ਬੂਟ ਪਾਲਸ਼ ਕਰਦਾ, ਲੁਕਾਅ ਕੇ ਰੱਖੀ ਬੇਹੀ ਰੋਟੀ ਨਿਗਲਦਾ...। ਉਸ ਨੇ ਅੱਖਾਂ ਮੁੰਦ ਲਈਆਂ। ਸਿਰ ਬਾਹਾਂ ਵਿਚ ਘੁੱਟ ਲਿਆ ਤੇ ਮੰਜੇ 'ਤੇ ਲੇਟ ਗਿਆ। ਜੋ ਖ਼ੁਆਬ ਵਿਚ ਵੀ ਨਹੀਂ ਸੀ ਉਹ ਹਕੀਕਤ ਬਣ ਗਿਆ ਸੀ। ਜਪਾਨ ਦਾ ਸ਼ਹਿਨਸ਼ਾਹ ਉਹਨੂੰ ਵਧਾਈ ਦੇ ਰਿਹਾ ਸੀ। ਤਿਰੰਗਾ ਲਹਿਰਾ ਰਿਹਾ ਸੀ ਤੇ 'ਜਨ ਗਨ ਮਨ' ਗੂੰਜ ਰਿਹਾ ਸੀ। ਦੁਨੀਆ ਭਰ 'ਚ 'ਮਿਲਖਾ ਸਿੰਘ-ਮਿਲਖਾ ਸਿੰਘ' ਹੋ ਰਹੀ ਸੀ! ਹੋਰ ਉਸ ਨੂੰ ਕੀ ਚਾਹੀਦਾ ਸੀ?"

ਉਸ ਲੇਖ ਦੇ ਅੰਤ 'ਚ ਮੈਂ ਲਿਖਿਆ ਸੀ, "ਆਖ਼ਰ ਟੋਕੀਓ ਦੀ ਓਲੰਪਿਕ ਦੌੜ ਦੌੜਨ ਪਿੱਛੋਂ ਉਸ ਨੇ ਦੌੜਾਂ ਨੂੰ ਅਲਵਿਦਾ ਕਹਿ ਕੇ ਆਪਣੇ ਕਿੱਲਾਂ ਵਾਲੇ ਬੂਟ ਕਿੱਲੀ ਉਤੇ ਟੰਗ ਦਿੱਤੇ ਜੋ ਵੰਗਾਰ ਰਹੇ ਹਨ-ਆਵੇ ਕੋਈ ਨਿੱਤਰੇ!"

ਮਿਲਖਾ ਸਿੰਘ ਬਾਰੇ 'ਭਾਗ ਮਿਲਖਾ ਭਾਗ' ਫਿਲਮ ਬਣੀ ਤਾਂ ਜਿਥੇ ਉਹਦੀ ਮਸ਼ਹੂਰੀ ਨੂੰ ਚਾਰ ਚੰਨ ਲੱਗੇ ਉਥੇ ਉਹਦੇ ਬਾਰੇ ਦੰਦ ਕਥਾਵਾਂ ਵਿਚ ਵੀ ਵਾਧਾ ਹੋਇਆ। ਫਿਲਮ ਵਿਚ ਮਿਲਖਾ ਸਿੰਘ ਨੂੰ ਇਕੋ ਡੀਕੇ ਦੋ ਕਿਲੋ ਘਿਓ ਦਾ ਭਰਿਆ ਡੱਬਾ ਪੀਂਦਾ ਵਿਖਾਇਆ ਗਿਆ। ਫਿਰ ਡੰਡ ਕੱਢ ਕੇ ਘਿਓ ਦਾ ਦੂਜਾ ਡੱਬਾ ਵੀ ਖਾਲੀ ਕਰ ਦਿੱਤਾ! ਤਮਾਸ਼ਬੀਨ ਭੰਗੜੇ ਪਾਈ ਗਏ। ਇਹ ਬੜਾ ਵਧਾ-ਚੜ੍ਹਾ ਕੇ ਵਿਖਾਇਆ ਦ੍ਰਿਸ਼ ਹੈ। ਕੋਈ ਦੌੜਾਕ ਚਾਰ ਕਿਲੋ ਘਿਓ ਨਹੀਂ ਪੀ ਸਕਦਾ। ਪੀ ਲਵੇ ਤਾਂ ਹਜ਼ਮ ਨਹੀਂ ਕਰ ਸਕਦਾ। ਮੈਲਬੌਰਨ ਦੀਆਂ ਓਲੰਪਿਕ ਖੇਡਾਂ ਸਮੇਂ ਗੋਰੀ ਕੁੜੀ ਨਾਲ ਇਸ਼ਕ ਮੁਸ਼ਕ ਵੀ ਫਿਲਮੀ ਇਸ਼ਕ ਹੈ। ਉਹਦਾ ਇਸ਼ਕਤਾਂ ਕੇਵਲ ਨਿਰਮਲ ਸੈਣੀ ਨਾਲ ਹੀ ਹੋਇਆ ਸੀ ਜੋ ਵਿਆਹ ਕਰਾਉਣ ਨਾਲ ਨੇਪਰੇ ਚੜ੍ਹਿਆ।

ਮਿਲਖਾ ਸਿੰਘ ਦੀ ਵਡਿਆਈ ਇਸ ਤੱਥ ਵਿਚ ਨਹੀਂ ਕਿ ਉਸ ਨੇ ਪਹਿਲਾ ਓਲੰਪਿਕ ਰਿਕਾਰਡ ਤੋੜਿਆ ਜਾਂ ਭਾਰਤ ਲਈ ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੇ ਪੰਜ ਗੋਲਡ ਮੈਡਲ ਜਿੱਤੇ। ਉਸ ਦੀ ਵਡਿਆਈ ਤਾਂ ਇਸ ਤੱਥ ਵਿਚ ਹੈ ਕਿ 1947 ਦੀ ਵੱਢ-ਟੁੱਕ ਵਿਚ ਯਤੀਮ ਹੋਏ ਉਸ ਬਾਲਕ ਨੇ ਬਿਪਤਾਵਾਂ ਦੇ ਦੌਰ 'ਚੋਂ ਗੁਜ਼ਰਦਿਆਂ ਬਿਨਾਂ ਖੇਡ ਸਹੂਲਤਾਂ ਦੇ ਏਸ਼ੀਆ ਦਾ ਬੈੱਸਟ ਅਥਲੀਟ ਬਣ ਵਿਖਾਇਆ। ਉਹ ਫੀਨੈਕਸ ਵਾਂਗ ਆਪਣੀ ਰਾਖ 'ਚੋਂ ਉੱਗਿਆ। ਉਸ ਨੇ ਤਨ ਮਨ ਦੀ ਅੰਦਰਲੀ ਅੱਗ ਨੂੰ ਆਪੇ ਸੀਖ ਲਾਈ। ਧੁਖਿਆ, ਤਪਿਆ, ਬਲਿਆ ਤੇ ਚਾਨਣ ਮੁਨਾਰਾ ਬਣਿਆ! ਉਸ ਦੀ ਜੀਵਨੀ 'ਤੇ ਬਣੀ ਫਿਲਮ ਵੀ ਇਹੋ ਸੰਦੇਸ਼ ਦਿੰਦੀ ਹੈ ਕਿ ਜੁਆਨੋ ਉਠੋ, ਆਪਣੇ ਅੰਦਰਲੇ ਨੂੰ ਜਗਾਓ, ਸਖ਼ਤ ਮਿਹਨਤ ਕਰੋ ਤੇ ਕੁਝ ਕਰ ਕੇ ਵਿਖਾਓ। ਜੋ ਕੁਝ ਮਾੜੀਆਂ ਹਾਲਤਾਂ ਵਿਚ ਮਾੜਚੂ ਜਿਹੇ ਸਰੀਰ ਦੇ ਮਿਲਖਾ ਸਿੰਘ ਨੇ ਕੀਤਾ ਤੁਸੀਂ ਉਸ ਤੋਂ ਚੰਗੇਰੀਆਂ ਹਾਲਤਾਂ 'ਚ ਜੰਮ ਪਲ ਕੇ ਕਿਉਂ ਨਹੀਂ ਕਰ ਸਕਦੇ? ਕਰ ਸਕਦੇ ਹੋ ਜੇ ਨਿਸ਼ਚੈ ਕਰ ਆਪਣੀ ਜੀਤ ਕਰੋਂ ਦਾ ਦ੍ਰਿੜ ਇਰਾਦਾ ਧਾਰ ਲਵੋਂ। ਮਿਲਖਾ ਸਿੰਘ ਨਵੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸੋਮਾ ਹੈ। ਭੁੱਲੇ ਭਟਕਿਆਂ ਦਾ ਰਾਹ ਦਸੇਰਾ। ਖਿਡਾਰੀਆਂ ਲਈ ਰੋਲ ਮਾਡਲ। ਮਿਲਖਾ ਸਿੰਘ ਦੇ ਸ਼ਬਦਾਂ ਵਿਚ ਭਾਰਤ 'ਚ ਟੇਲੈਂਟ ਦੀ ਘਾਟ ਨਹੀਂ। ਘਾਟ ਹੈ ਤਾਂ ਦ੍ਰਿੜ ਇਰਾਦੇ ਦੀ ਹੈ, ਅਨੁਸਾਸ਼ਨ ਦੀ ਤੇ ਸਖ਼ਤ ਮਿਹਨਤ ਦੀ। ਘਾਟ ਕਥਨੀ ਦੀ ਨਹੀਂ, ਕਰਨੀ ਦੀ ਹੈ। ਗੱਲੀਂ ਬਾਤੀਂ ਸਾਡੇ ਅਖੌਤੀ ਨੇਤਾ 'ਮਹਾਨ' ਕਹੇ ਜਾਂਦੇ ਹਨ ਪਰ ਨਿਬੇੜੇ ਤਾਂ ਅਮਲਾਂ 'ਤੇ ਹੀ ਹੋਣੇ ਹੁੰਦੇ ਹਨ! ਪਿੜ ਭਾਵੇਂ ਖੇਡਾਂ ਦਾ ਹੋਵੇ, ਸਿਆਸਤ ਦਾ ਹੋਵੇ, ਸਰਵਿਸ ਦਾ ਜਾਂ ਕਿਸੇ ਵੀ ਕਾਰੋਬਾਰ ਦਾ ਹੋਵੇ, ਨਿਤਾਰਾ ਅਮਲਾਂ ਨੇ ਹੀ ਕਰਨਾ ਹੁੰਦੈ। ਭਾਰਤ ਦੀ ਬਦਬਖਤੀ ਹੈ ਕਿ ਏਥੇ ਕਿਰਤ ਦੇ ਲੁਟੇਰੇ ਮੌਜਾਂ ਮਾਣ ਰਹੇ ਨੇ ਤੇ ਕਿਰਤੀ ਭੁੱਖੇ ਮਰਨ ਡਹੇ ਨੇ। ਗ਼ਰੀਬਾਂ ਨੂੰ ਦੋ ਮੰਨੀਆਂ ਦਾ ਫ਼ਿਕਰ ਹੈ ਜਦ ਕਿ ਅਮੀਰਾਂ ਤੋਂ ਅਣਮਿਣੀ ਦੌਲਤ ਸਾਂਭ ਨਹੀਂ ਹੁੰਦੀ। ਸਿੱਟੇ ਵਜੋਂ ਗ਼ਰੀਬ ਹੋਰ ਗ਼ਰੀਬ ਹੋਈ ਜਾਂਦੇ ਨੇ ਤੇ ਅਮੀਰ ਹੋਰ ਅਮੀਰ! ਫਿਰ ਵੀ ਭਾਰਤ ਲਈ ਖੇਡਾਂ ਦੇ ਜਿੰਨੇ ਮੈਡਲ ਗ਼ਰੀਬ ਘਰਾਂ ਦਿਆਂ ਬੱਚਿਆਂ ਨੇ ਜਿੱਤੇ ਹਨ ਅਮੀਰ ਘਰਾਂ ਦੇ ਲਾਡਲਿਆਂ ਨੇ ਉਹਦਾ ਦਸਵਾਂ ਹਿੱਸਾ ਵੀ ਨਹੀਂ ਜਿੱਤੇ।

ਇਕ ਕਿਸਾਨ ਘਰ ਦਾ ਜੰਮਪਲ ਹੋ ਕੇ, ਅਨਾਥ ਹੋ ਕੇ, ਬਚਪਨ ਟੁਕੜੇ ਟੁਕੜੇ ਕਰਾ ਕੇ, ਉਜੜ ਪੁੱਜੜ ਕੇ, ਜੇਲ੍ਹ ਜਾ ਕੇ, ਅੰਤਾਂ ਦੀਆਂ ਔਖਿਆਈਆਂ 'ਚੋਂ ਲੰਘ ਕੇ, ਵੱਡੀ ਉਮਰ 'ਚ ਦੌੜ ਸ਼ੁਰੂ ਕਰ ਕੇ ਤੇ ਫਿਰ ਵੀ ਦੌੜ ਦਾ ਬਾਦਸ਼ਾਹ ਬਣ ਕੇ ਜੋ ਮਸ਼ਾਲ ਮਿਲਖਾ ਸਿੰਘ ਨੇ ਜਗਾਈ ਉਸ ਨੂੰ ਸਲਾਮ ਹੈ! ਇਹੋ ਮਸ਼ਾਲ ਹਰ ਬੱਚੇ ਨੂੰ, ਜੁਆਨ ਨੂੰ, ਇਨਸਾਨ ਨੂੰ ਉੱਚੀਆਂ ਉਡਾਰੀਆਂ ਭਰਨ ਲਈ ਉਕਸਾ ਸਕਦੀ ਹੈ। ਉਨ੍ਹਾਂ ਲਈ ਰਾਹ ਦਸੇਰਾ ਹੋ ਸਕਦੀ ਹੈ, ਰਹਿਬਰ ਬਣ ਸਕਦੀ ਹੈ। ਮਿਲਖਾ ਸਿੰਘ ਦੀ ਦੌੜ ਕੇਵਲ ਛੋਹਲੇ ਕਦਮਾਂ ਦੀ ਦੌੜ ਨਹੀਂ ਬਲਕਿ ਹਰ ਬਾਲਕ ਅੰਦਰ ਛੁਪੀਆਂ ਪਈਆਂ ਬੇਅੰਤ ਸੰਭਾਵਨਾਵਾਂ ਜਗਾਉਣ ਦੀ ਦੌੜ ਹੈ। ਬੱਸ ਦ੍ਰਿੜ ਇਰਾਦਾ, ਲਗਾਤਾਰ ਲਗਨ ਤੇ ਅਣਥੱਕ ਮਿਹਨਤ ਮਿਲਖਾ ਸਿੰਘ ਵਰਗੀ ਹੋਣੀ ਚਾਹੀਦੀ ਹੈ। ਫਿਰ ਦਿੱਲੀ ਦੂਰ ਨਹੀਂ!

ਪੰਜਾਬੀ ਸਾਹਿਤ ਸਭਾ ਦੀ ਇਕੱਤਰਤਾ

ਨਵੀਂ ਦਿੱਲੀ: ਪੰਜਾਬੀ ਸਾਹਿਤ ਸਭਾ ਨੇ ਪੰਜਾਬੀ ਭਵਨ ਵਿਚ ਸਾਹਿਤਕ ਇਕੱਤਰਤਾ ਪ੍ਰੋ. ਕੁਲਵੀਰ ਗੋਜਰਾ, ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਕਰਵਾਈ। ਮੰਚ ਸੰਚਾਲਕ ਤੇ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਸੱਦੇ ਗਏ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਨਾਲ ਜਾਣ-ਪਛਾਣ ਕਰਾਉਂਦਿਆ ਦੱਸਿਆ ਕਿ ਉਸ ਦਾ ਪੰਜਾਬੀ ਗਲਪ ਵਿਚ ਢੁਕਵਾਂ ਸਥਾਨ ਹੈ। ਬਲਵਿੰਦਰ ਦੀਆਂ ਕਹਾਣੀਆਂ ਕਿਸਾਨੀ ਉਤੇ ਕੇਂਦ੍ਰਿਤ ਹੁੰਦੀਆਂ ਹਨ ਤੇ ਉਨ੍ਹਾਂ ਦੀ ਸੁਰ ਗੰਭੀਰ ਕਿਸਮ ਦੀ ਹੁੰਦੀ ਹੈ ਪਰ ਬਲਵਿੰਦਰ ਨੇ ਇਥੇ 'ਜਸਟ ਫਰੈਂਡਜ਼' ਨਾਂ ਦੀ ਕਹਾਣੀ ਸੁਣਾਈ ਜੋ ਔਰਤ-ਮਰਦ ਦੇ ਜਾਇਜ਼-ਨਾਜਾਇਜ਼ ਰਿਸ਼ਤਿਆਂ ਸੰਬੰਧੀ ਸੀ। ਕਸ਼ਮੀਰ ਤੋਂ ਆਏ ਕੀਰਤ ਸਿੰਘ ਇਨਕਲਾਬੀ ਨੇ 'ਵਿਸ਼ਵ ਨਾਗਰਿਕਤਾ', 'ਸ਼ਹਿਰ ਦੇ ਪਿੰਡੇ 'ਤੇ' ਅਤੇ 'ਰਿਸ਼ਤਿਆਂ ਦੇ ਨੈੱਟਵਰਕ ਵਿਚ' ਤਿੰਨ ਕਵਿਤਾਵਾਂ ਸੁਣਾਈਆਂ। ਗੁਰਦੀਪ ਕੌਰ ਨੇ 'ਸੜਕ ਤੇ ਪਿੰਜਰਾ', 'ਘਰ ਦਾ ਤਲਿੱਸਮ', 'ਬਾਂਦਰ ਤੇ ਬਿੱਲੀਆਂ', ਕਵਿਤਾਵਾਂ ਸੁਣਾਈਆਂ ਜੋ ਯਥਾਰਥ ਦੇ ਨੇੜੇ ਪ੍ਰਤੀਤ ਹੋਈਆਂ। ਪ੍ਰੋ. ਕੁਲਵੀਰ ਗੋਜਰਾ ਨੇ ਪ੍ਰਧਾਨਗੀ ਟਿੱਪਣੀਆਂ ਵਿਚ ਸਦੀਵੀ ਸਾਹਿਤ ਦੇ ਮਿਆਰਾਂ, ਭਾਸ਼ਾ ਤੇ ਹੋਰ ਅਹਿਮ ਪੱਖਾਂ ਨੂੰ ਉਭਾਰਿਆ। ਉਨ੍ਹਾਂ ਕਿਹਾ ਕਿ ਕਵਿਤਾ ਵਿਚ 'ਚੁੱਪ' ਦੀ ਥਾਂ ਕਵਿਤਾਵਾਂ ਵਿਚ ਕਵੀ ਵਧੇਰੇ ਬੋਲਦੇ ਹਨ। ਉਨ੍ਹਾਂ ਪੰਜਾਬੀ ਸਾਹਿਤ ਸਭਾ ਵਲੋਂ ਪੰਜਾਬੀ ਸਾਹਿਤ ਲਈ ਕੀਤੇ ਜਾਂਦੇ ਉੱਦਮਾਂ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਕਰਨਜੀਤ ਦੇ ਸਦੀਵੀ ਵਿਛੋੜੇ 'ਤੇ ਹਾਜ਼ਰ ਸਾਹਿਤਕਾਰਾਂ ਨੇ ਦੋ ਮਿੰਟ ਦਾ ਖੜ੍ਹੇ ਹੋ ਕੇ ਮੌਨ ਰੱਖਿਆ ਤੇ ਬਲਬੀਰ ਮਾਧੋਪੁਰੀ ਨੇ ਸਭਾ ਵੱਲੋਂ ਸੋਗ ਮਤਾ ਪੜ੍ਹਿਆ। ਇਕੱਤਰਤਾ ਵਿਚ ਹੋਰਾਂ ਸਮੇਤ ਡਾ. ਰੇਣੁਕਾ ਸਿੰਘ, ਚੇਅਰਪਰਸਨ, ਪੰਜਾਬੀ ਸਾਹਿਤ ਸਭਾ, ਗ਼ਜ਼ਲਕਾਰ ਜਸਵੰਤ ਸਿੰਘ ਸੇਖਵਾਂ, ਕਹਾਣੀਕਾਰ ਰਵਿੰਦਰ ਸਿੰਘ ਰੁਪਾਲ, ਸਤੀਸ਼ ਸ਼ਰਮਾ, ਸ਼ਿਲਾਲੇਖ ਪ੍ਰਕਾਸ਼ਨ ਤੇ ਯੂਨੀਵਰਸਿਟੀ ਦੇ ਕਈ ਖੋਜਾਰਥੀ ਸ਼ਾਮਿਲ ਹੋਏ।

ਦਲ ਬਦਲੀ ਦੀ ਸਿਆਸਤ ਦਾ ਅਰਥਚਾਰਾ

ਲੋਕ ਸਭਾ ਚੋਣਾਂ ਵਾਸਤੇ ਵੋਟਾਂ ਤੋਂ ਪਹਿਲਾਂ ਸੰਭਾਵੀ ਉਮੀਦਵਾਰਾਂ ਦੀ ਦਲ ਬਦਲੀ ਦੀਆਂ ਖ਼ਬਰਾਂ ਮੀਡੀਆ 'ਚ ਸੁਰਖੀਆਂ ਬਣ ਰਹੀਆਂ ਹਨ। ਕਾਫੀ ਗਿਣਤੀ 'ਚ ਨੇਤਾ ਪਾਰਟੀ ਛੱਡ ਕੇ ਹਾਕਮ ਭਾਜਪਾ ਵਿਚ ਸ਼ਮੂਲੀਅਤ ਕੀਤੀ ਜਾ ਰਹੀ ਹੈ। ਇਹ ਰੁਝਾਨ ਪੈਦਾ ਕਰਨ ਵਿਚ ਕੇਂਦਰੀ ਏਜੰਸੀਆਂ ਦੇ ਦਬਾਅ ਦੇ ਨਾਲ-ਨਾਲ ਨੇਤਾਵਾਂ ਵਿਚ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਸੱਤਾ ਵਿਚ ਰਹਿਣ ਦੀ ਪ੍ਰਵਿਰਤੀ ਨੇ ਵੱਡਾ ਰੋਲ ਨਿਭਾਇਆ ਹੈ। ਸੱਤਾ ਵਿਚ ਰਹਿਣ ਦੇ ਪਿੱਛੇ ਆਰਥਿਕਤਾ ਤੇ ਲਾਲਚ ਨੇ ਇਨ੍ਹਾਂ ਨੇਤਾਵਾਂ ਦੇ ਦਲ ਬਦਲੀ ਦੇ ਫੈਸਲੇ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ ਹੈ। ਦਲ ਬਦਲੀ ਦੀ ਆਰਥਿਕਤਾ ਨੂੰ ਸਮਝਣ ਤੋਂ ਬਗੈਰ ਇਸ ਵਰਤਾਰੇ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ।

ਆਜ਼ਾਦੀ ਦੀ ਲਹਿਰ ਵਿਚ ਲੱਖਾਂ ਲੋਕਾਂ ਨੇ ਨਿਰਸਵਾਰਥ ਰੋਲ ਅਦਾ ਕੀਤਾ ਸੀ। ਕਾਫ਼ੀ ਲੋਕਾਂ ਨੇ ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ, ਜਾਨਾਂ ਕੁਰਬਾਨ

ਸੁੱਚਾ ਸਿੰਘ ਗਿੱਲ
ਫੋਨ: +91-98550-82857

ਕੀਤੀਆਂ ਅਤੇ ਜਾਇਦਾਦਾਂ ਕੁਰਕ ਕਰਵਾਈਆਂ। ਆਜ਼ਾਦੀ ਦੇ ਇਨ੍ਹਾਂ ਪਰਵਾਨਿਆਂ ਕੋਲ ਭਾਰਤ ਨੂੰ ਜਮਹੂਰੀ, ਧਰਮ ਨਿਰਪੱਖ ਅਤੇ ਅਗਾਂਹਵਧੂ ਬਣਾਉਣ ਦਾ ਸੁਫ਼ਨਾ ਸੀ। ਆਰਥਿਕਤਾ ਵਿਚ ਨਾ-ਬਰਾਬਰੀ ਰੋਕਣ ਵਾਸਤੇ ਵਚਨਬੱਧਤਾ ਅਤੇ ਲੋਕ ਭਲਾਈ ਵਾਲਾ ਰਾਜ ਕਾਇਮ ਕਰਨਾ ਇਸ ਸੁਫ਼ਨੇ ਦਾ ਹਿੱਸਾ ਸੀ; ਇਸ ਦੀ ਪ੍ਰਾਪਤੀ ਬਾਰੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ। ਇਸ ਨੂੰ ਸਾਕਾਰ ਕਰਨ ਵਾਸਤੇ ਸੰਵਿਧਾਨ ਬਣਾ ਕੇ ਦੇਸ਼ ਨੂੰ ਧਰਮ ਨਿਰਪੱਖ, ਜਮਹੂਰੀ ਗਣਤੰਤਰ ਦਾ ਐਲਾਨ (26 ਜਨਵਰੀ 1950) ਕੀਤਾ ਗਿਆ। ਇਸ ਦੀ ਪ੍ਰਾਪਤੀ ਦਾ ਅਮਲ 1970ਵਿਆਂ ਦੇ ਅੱਧ ਤੱਕ ਤਕ ਬਾਖੂਬੀ ਜਾਰੀ ਰਿਹਾ। ਐਮਰਜੈਂਸੀ (1975-77) ਨੇ ਲੋਕਾਂ ਦੇ ਜਮਹੂਰੀ ਹੱਕ ਖੋਹ ਕੇ ਅਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੂੰ ਜੇਲ੍ਹਾਂ ਵਿਚ ਡੱਕ ਕੇ ਵੱਡਾ ਵਿਗਾੜ ਪੈਦਾ ਕਰ ਦਿੱਤਾ। 1977 ਦੀਆਂ ਚੋਣਾਂ ਵਿਚ ਲੋਕਾਂ ਨੇ ਕਾਂਗਰਸ ਨੂੰ ਕਰਾਰੀ ਹਾਰ ਨਾਲ ਸਬਕ ਸਿਖਾਇਆ ਪਰ 1980ਵਿਆਂ ਦੇ ਅੰਸ਼ਕ ਉਦਾਰੀਕਰਨ ਅਤੇ 1991 ਵਿਚ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਨੇ ਕਾਰਪੋਰੇਟ ਸਰਮਾਏਦਾਰੀ ਨੂੰ ਆਰਥਿਕਤਾ ਅਤੇ ਸਿਆਸਤ ਵਿਚ ਕਾਬਜ਼ ਹੋਣ ਦਾ ਰਸਤਾ ਖੋਲ੍ਹ ਦਿੱਤਾ। ਹੁਣ ਦੇਸ਼ ਕਾਰਪੋਰੇਟ ਘਰਾਣਿਆਂ ਵਲੋਂ ਸਾਧਨਾਂ ਦੀ ਲੁੱਟ ਅਤੇ ਜਮਹੂਰੀਅਤ ਖ਼ਤਮ ਕਰਨ ਦੀ ਮਾਰ ਝੱਲ ਰਿਹਾ ਹੈ।

ਇਸ ਵਰਤਾਰੇ ਦੌਰਾਨ ਸਿਆਸੀ ਲੀਡਰਾਂ ਦੇ ਖਾਸੇ ਵਿਚ ਸਿਫ਼ਤੀ ਤਬਦੀਲੀ ਆਈ ਹੈ। ਹੁਣ ਲੀਡਰ ਸਿਆਸਤ ਨੂੰ ਦੇਸ਼ ਅਤੇ ਲੋਕ ਸੇਵਾ ਦੀ ਬਜਾਇ ਆਪਣੇ ਅਤੇ ਪਰਿਵਾਰ ਦੀ ਸੇਵਾ ਦਾ ਸਾਧਨ ਸਮਝਣ ਲੱਗ ਪਏ ਹਨ। ਬਹੁਤੇ ਸਿਆਸੀ ਲੀਡਰਾਂ ਦੇ ਆਪਣੇ ਕਾਰੋਬਾਰ ਹਨ; ਅਫਸਰਸ਼ਾਹੀ ਨਾਲ ਮਿਲ ਕੇ ਟੈਕਸ ਚੋਰੀ ਕਰਦੇ ਹਨ, ਰਿਸ਼ਵਤਖੋਰੀ ਫੈਲਾਈ ਜਾਂਦੀ ਹੈ: ਫੰਡਾਂ ਵਿਚ ਗਬਨ ਕੀਤੇ ਜਾਂਦੇ ਹਨ। ਕੁਝ ਲੀਡਰ ਨਸ਼ਿਆਂ ਦੇ ਗੈਰ-ਕਾਨੂੰਨੀ ਧੰਦੇ ਤੋਂ ਵੀ ਗੁਰੇਜ਼ ਨਹੀਂ ਕਰਦੇ।

ਇਹ ਧੰਦੇ ਸਰਕਾਰੀ ਮਸ਼ੀਨਰੀ ਦੀ ਸਰਪ੍ਰਸਤੀ ਅਤੇ ਮਦਦ ਤੋਂ ਬਗੈਰ ਚਲਾਏ ਨਹੀਂ ਜਾ ਸਕਦੇ। ਇਹ ਲੀਡਰ ਜਨਤਕ ਸਾਧਨਾਂ ਦੀ ਲੁੱਟ ਕਰਦੇ ਹਨ ਅਤੇ ਲਿਹਾਜੀ ਪੂੰਜੀਵਾਦ (ਕ੍ਰੋਨੀ ਕੈਪੀਟਲਿਜ਼ਮ) ਦੇ ਪ੍ਰਤੀਕ ਹਨ। ਇਹ ਲੀਡਰ ਸਿਆਸਤ ਵਿਚ ਪੇਸ਼ੇ ਦੇ ਤੌਰ 'ਤੇ ਸ਼ਾਮਿਲ ਹੋਏ ਹਨ। ਇਨ੍ਹਾਂ ਦਾ ਮੁੱਖ ਮੰਤਵ ਆਪਣੇ ਕਾਰੋਬਾਰਾਂ ਨੂੰ ਜਾਇਜ਼ ਤੇ ਨਾਜਾਇਜ਼ ਤਰੀਕੇ ਨਾਲ ਵਧਾਉਣਾ ਅਤੇ ਸਿਆਸਤ ਦੀ ਪੌੜੀ ਵਿਚ ਉਪਰ ਜਾਣਾ ਹੈ। ਸ਼ਹੀਦ ਭਗਤ ਸਿੰਘ, ਡਾ. ਭੀਮ ਰਾਓ ਅੰਬੇਡਕਰ, ਮਹਾਤਮਾ ਗਾਂਧੀ ਵਰਗੇ ਲੀਡਰਾਂ ਅਤੇ ਸਮਾਜਵਾਦ ਦਾ ਜਾਮਾ ਪਾ ਕੇ ਕੁਝ ਲੋਕ ਧਰਮ ਦੇ ਨਾਂ 'ਤੇ ਸਿਆਸਤ ਵਿਚ ਦਾਖਲ ਹੁੰਦੇ ਹਨ ਪਰ ਜਲਦੀ ਇਸ ਜਾਮੇ ਨੂੰ ਉਤਾਰ ਦਿੰਦੇਂ ਹਨ। ਹਾਕਮ ਪਾਰਟੀਆਂ ਦੇ ਬਹੁਤੇ ਲੀਡਰ ਵਪਾਰ ਦੀ ਸਿਆਸਤ ਹੀ ਕਰ ਰਹੇ ਹਨ ਪਰ ਕਈ ਵਾਰ ਵਿਚਾਰਧਾਰਾ ਦੇ ਮਖੌਟੇ ਵੀ ਪਾ ਲੈਂਦੇ ਹਨ। ਐਸੇ ਲੀਡਰ ਪਾਰਟੀ ਬਦਲਣ ਅਤੇ ਵਿਚਾਰਧਾਰਾ ਬਦਲਣ ਵਿਚ ਕੋਈ ਸੰਕੋਚ ਨਹੀਂ ਕਰਦੇ। ਪਾਰਟੀ ਬਦਲਣ ਸਮੇਂ ਆਪਣੇ ਕਾਰੋਬਾਰ ਨੂੰ ਹੁਲਾਰਾ ਦੇਣਾ ਅਤੇ ਇਕੱਠੀ ਕੀਤੀ ਧਨ-ਦੌਲਤ ਬਚਾਉਣ ਵਾਸਤੇ ਪਾਰਟੀਆਂ ਬਦਲੀਆਂ ਜਾਂਦੀਆਂ ਹਨ।

ਇਹ ਰੁਝਾਨ ਆਮ ਹੈ ਕਿ ਦਲ ਬਦਲੀ ਹਾਕਮ ਪਾਰਟੀ/ਪਾਰਟੀਆਂ ਵਲ ਕੀਤੀ ਜਾਂਦੀ ਹੈ। ਕਾਂਗਰਸ 2014 ਤੋਂ ਬਾਅਦ ਕਮਜ਼ੋਰ ਹੋਈ ਤਾਂ ਇਸ ਵਿਚੋਂ ਕਾਫ਼ੀ ਲੀਡਰ ਭਾਜਪਾ ਵਿਚ ਚਲੇ ਗਏ। ਭਾਜਪਾ ਜਿਨ੍ਹਾਂ ਕਾਂਗਰਸੀ ਲੀਡਰਾਂ ਨੂੰ ਬੇਈਮਾਨ ਤੇ ਭ੍ਰਿਸ਼ਟ ਸਮਝਦੀ ਸੀ, ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਹੀ ਨਹੀਂ ਕੀਤਾ, ਅਹਿਮ ਅਹੁਦਿਆਂ 'ਤੇ ਬਿਰਾਜਮਾਨ ਕੀਤਾ। ਇਵੇਂ ਹੀ ਕਈ ਐਸੇ ਲੀਡਰ ਖੇਤਰੀ ਪਾਰਟੀਆਂ ਵਿਚੋਂ ਵੀ ਭਾਜਪਾ ਵਿਚ ਆਏ ਹਨ। ਕੁਝ ਲੀਡਰ ਇੱਕ ਖੇਤਰੀ ਪਾਰਟੀ ਛੱਡ ਕੇ ਸੱਤਾ ਵਿਚ ਆਉਣ ਵਾਲੀ ਜਾਂ ਆਈ ਦੂਜੀ ਖੇਤਰੀ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ। ਦੇਖਣ ਵਿਚ ਆਉਂਦਾ ਹੈ ਕਿ ਚੋਣ ਜਿੱਤਣ ਬਾਅਦ ਲੀਡਰ ਦੀ ਆਮਦਨ ਅਤੇ ਜਾਇਦਾਦ ਕਈ ਗੁਣਾ ਵਧ ਜਾਂਦੀ ਹੈ। ਸਿਆਸਤ ਸਭ ਤੋਂ ਵੱਧ ਫਾਇਦੇਮੰਦ ਅਤੇ ਤੇਜ਼ੀ ਨਾਲ ਤਰੱਕੀ ਵਾਲਾ ਧੰਦਾ ਬਣ ਗਈ ਹੈ। ਹਾਕਮ ਪਾਰਟੀਆਂ ਵਾਲਿਆਂ ਦੀ ਦੌਲਤ ਕਈ ਗੁਣਾ ਹੋ ਜਾਂਦੀ ਹੈ ਕਿਉਂਕਿ ਕੋਈ ਏਜੰਸੀ ਉਸ ਦੇ ਨੇੜੇ ਨਹੀਂ ਆ ਸਕਦੀ। ਦਲ ਬਦਲੀ ਦੀ ਇਹੋ ਆਰਥਿਕਤਾ ਹੈ।

ਦਲ ਬਦਲੀ ਕਰਨ ਵਾਲੇ ਲੀਡਰ ਲਿਹਾਜੀ ਪੂੰਜੀਵਾਦ ਦੇ ਸਮਰਥਕ ਅਤੇ ਪ੍ਰਚਾਰਕ ਵੀ ਹਨ। ਇਹ ਲੀਡਰ ਇਹ ਵਿਸ਼ਵਾਸ ਰੱਖਦੇ ਹਨ ਕਿ ਵਿਚਾਰਧਾਰਾ 'ਚ ਕੁਝ ਨਹੀਂ ਰੱਖਿਆ, ਸਿਰਫ਼ ਆਪਣੇ ਅਤੇ ਆਪਣੇ ਸਮਰਥਕਾਂ ਦੇ ਆਰਥਿਕ ਤੇ ਰਾਜਨੀਤਕ ਫਾਇਦੇ ਦੇਖ ਕੇ ਚੱਲਣਾ ਸਮੇਂ ਦੀ ਲੋੜ ਹੈ।

ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਅਲੱਗ-ਅਲੱਗ ਭਾਸ਼ਾਵਾਂ ਹਨ, ਧਰਮਾਂ ਦੀ ਵੰਨ-ਸਵੰਨਤਾ ਹੈ, ਸਭਿਆਚਾਰਕ ਵਖਰੇਵੇਂ ਹਨ। ਇਸ ਤੋਂ ਇਲਾਵਾ ਜਲਵਾਯੂ ਦੀ ਵੰਨ-ਸਵੰਨਤਾ ਕਾਰਨ ਸੂਬਿਆਂ ਦੀਆਂ ਲੋੜਾਂ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਵੀ ਵੱਖਰੀਆਂ ਹਨ। ਇਸ ਕਰ ਕੇ ਖੇਤਰੀ ਪਾਰਟੀਆਂ ਦੀ ਹੋਂਦ ਅਤੇ ਮਜ਼ਬੂਤੀ ਇਸ ਵੰਨ-ਸਵੰਨਤਾ ਦੀ ਜ਼ਰੂਰਤ ਹੈ ਪਰ 1991 ਤੋਂ ਬਾਅਦ ਬਹੁਤੀਆਂ ਖੇਤਰੀ ਪਾਰਟੀਆਂ ਨੇ ਖੇਤਰੀ ਏਜੰਡੇ ਨੂੰ ਤਿਲਾਂਜਲੀ ਦੇ ਦਿੱਤੀ ਹੈ। ਕੇਂਦਰ ਸਰਕਾਰ ਵਾਲੀ ਆਰਥਿਕ ਨੀਤੀ ਨੂੰ ਕਿਸੇ ਪੜਚੋਲ ਅਤੇ ਨੁਕਤਾਚੀਨੀ ਤੋਂ ਬਗੈਰ ਪ੍ਰਵਾਨ ਕਰ ਲਿਆ ਹੈ। ਜਦੋਂ 2016 ਜੀਐੱਸਟੀ ਲਾਗੂ ਕੀਤਾ ਤਾਂ ਟੈਕਸਾਂ ਦੀ ਉਗਰਾਹੀ ਅਤੇ ਰੇਟਾਂ ਬਾਰੇ ਕੇਂਦਰ ਸਰਕਾਰ ਦੀ ਅਗਵਾਈ ਨੂੰ ਖੇਤਰੀ ਪਾਰਟੀਆਂ ਨੇ ਮੰਨ ਲਿਆ। ਹੁਣ ਇਕੱਠੇ ਕੀਤੇ ਟੈਕਸ ਵਿਚੋਂ ਆਪਣੇ ਹਿੱਸੇ ਵਾਸਤੇ ਖੇਤਰੀ ਪਾਰਟੀਆਂ ਨੂੰ ਮੁਸ਼ਕਲਾਂ ਨਾਲ ਜੂਝਣਾ ਪੈ ਰਿਹਾ ਹੈ। ਦਲ ਬਦਲੀ ਦੇ ਇਸ ਦੌਰ ਵਿਚ ਖੇਤਰੀ ਪਾਰਟੀਆਂ ਦੇ ਲੀਡਰ ਕੇਂਦਰੀ ਪਾਰਟੀਆਂ ਵਿਚ ਸ਼ਾਮਲ ਹੋ ਰਹੇ ਹਨ ਕਿਉਂਕਿ ਖੇਤਰੀ ਪਾਰਟੀਆਂ ਨੇ ਫੈਡਰਲ ਢਾਂਚੇ ਨੂੰ ਬਚਾਉਣ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ ਹੈ। ਜੰਮੂ ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕਰਨ ਅਤੇ ਨਾਗਰਿਕਾਂ ਦੀ ਕੌਮੀ ਰਜਿਸਟ੍ਰੇਸ਼ਨ ਕਾਨੂੰਨ (ਸੀ.ਏ.ਏ.) ਪਾਸ ਕਰਨ ਸਮੇਂ ਕਈ ਖੇਤਰੀ ਪਾਰਟੀਆਂ ਨੇ ਪਾਰਲੀਮੈਂਟ ਵਿਚ ਹਾਕਮ ਭਾਜਪਾ ਦਾ ਸਾਥ ਦਿੱਤਾ। ਇਸ ਸੂਚੀ 'ਚ ਅਕਾਲੀ ਦਲ ਅਤੇ 'ਆਪ' ਵੀ ਸ਼ਾਮਲ ਹਨ। ਇਸ ਵਰਤਾਰੇ ਨਾਲ ਕੇਂਦਰੀ ਅਤੇ ਖੇਤਰੀ ਪਾਰਟੀਆਂ ਵਿਚ ਵਿਚਾਰਧਾਰਕ ਫ਼ਰਕ ਘਟ ਗਿਆ ਹੈ। ਇਸ ਕਰ ਕੇ ਖੇਤਰੀ ਪਾਰਟੀਆਂ ਦੇ ਲੀਡਰਾਂ ਵਲੋਂ ਆਪਣੇ ਕਾਰੋਬਾਰ ਅਤੇ ਅਹੁਦੇ ਬਚਾਉਣ ਵਾਸਤੇ ਕੇਂਦਰ ਵਿਚ ਸੱਤਾਧਾਰੀ ਪਾਰਟੀ ਵਿਚ ਸ਼ਾਮਲ ਹੋਣਾ ਸੌਖਾ ਹੋ ਗਿਆ ਹੈ। ਸੱਤਾ ਧਿਰ ਕੋਲ ਅਹੁਦੇ ਤੇ ਰਿਆਇਤਾਂ ਦੇਣ ਦੇ ਮੌਕੇ ਜ਼ਿਆਦਾ ਹਨ ਤੇ ਕੇਂਦਰੀ ਏਜੰਸੀਆਂ ਦੇ ਭੈਅ ਤੋਂ ਵੀ ਮੁਕਤੀ ਮਿਲਦੀ ਹੈ।

ਦਲ ਬਦਲੀ ਨਾਲ ਦੇਸ਼ ਵਿਚ ਗਣਤੰਤਰ ਅਤੇ ਇਸ ਨਾਲ ਜੁੜੀਆਂ ਕਦਰਾਂ ਕੀਮਤਾਂ ਨੂੰ ਗੰਭੀਰ ਖ਼ਤਰਾ ਬਣ ਗਿਆ ਹੈ। ਹਾਕਮ ਸਿਆਸੀ ਪਾਰਟੀਆਂ ਇਸ ਵਰਤਾਰੇ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਜੇ ਇਸ ਵਰਤਾਰੇ ਨੂੰ ਨਾ ਰੋਕਿਆ ਗਿਆ ਤਾਂ ਜਮਹੂਰੀਅਤ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਕਰਨੀ ਔਖੀ ਹੋ ਜਾਵੇਗੀ। ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਇਸ ਨੂੰ ਰੋਕਣ ਵਿਚ ਅਸਮਰਥ ਹਨ। ਮੀਡੀਆ ਇਸ ਵਰਤਾਰੇ ਖਿਲਾਫ਼ ਜਾਗਰੂਕਤਾ ਪੈਦਾ ਕਰਨ ਦੀ ਲੋੜੀਂਦੀ ਕੋਸ਼ਿਸ਼ ਨਹੀਂ ਕਰ ਰਿਹਾ। ਇਸ ਕਰ ਕੇ ਇਹ ਕਾਰਜ ਲੋਕਾਂ ਦੀ ਵਿਸ਼ਾਲ ਲਹਿਰ ਜ਼ਿੰਮੇ ਆਉਂਦਾ ਹੈ। ਇਸ ਲਹਿਰ ਵਿਚ ਇਸ ਮੌਕੇ ਸਭ ਤੋਂ ਵੱਧ ਸਰਗਰਮ ਕਿਸਾਨ ਯੂਨੀਅਨਾਂ ਹਨ। ਕੁਝ ਥਾਵਾਂ 'ਤੇ ਵਿਦਿਆਰਥੀ ਵਰਗ ਵੀ ਸਰਗਰਮ ਹੈ। ਇਸ ਲਹਿਰ ਦਾ ਘੇਰਾ ਵਧਾਉਣ ਲਈ ਮੁਲਾਜ਼ਮਾਂ, ਕਿਰਤੀਆਂ/ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੀਆਂ ਜਥੇਬੰਦੀਆਂ ਦੇ ਨਾਲ-ਨਾਲ ਮੱਧਵਰਗੀ ਪੜ੍ਹੇ ਲਿਖੇ ਅਤੇ ਸੁਚੇਤ ਲੋਕਾਂ ਨੂੰ ਜੋੜਨਾ ਪਵੇਗਾ। ਇਸ ਵਿਚ ਵਿਚਾਰਧਾਰਾ ਦੀ ਸਪੱਸ਼ਟਤਾ ਅਤੇ ਵਚਨਬੱਧਤਾ ਆਜ਼ਾਦੀ ਸੰਗਰਾਮ ਵਾਲੀ ਪੈਦਾ ਕਰਨੀ ਪਵੇਗੀ। ਸਿਆਸਤ ਅਤੇ ਕਾਰੋਬਾਰ ਨੂੰ ਅੱਡ ਕਰਨ ਵਾਸਤੇ ਕਾਨੂੰਨੀ ਇੰਤਜ਼ਾਮ ਕਰਨੇ ਪੈਣਗੇ। ਯੂਰੋਪੀਅਨ ਦੇਸ਼ਾਂ ਵਾਂਗ ਪਬਲਿਕ ਫੰਡਿੰਗ ਦਾ ਇੰਤਜ਼ਾਮ ਕਰ ਕੇ ਚੋਣਾਂ ਦੇ ਖਰਚੇ ਵਾਸਤੇ ਕਾਰਪੋਰੇਟ ਘਰਾਣਿਆਂ 'ਤੇ ਨਿਰਭਰਤਾ ਖ਼ਤਮ ਕਰਨ ਦਾ ਯਤਨ ਕਰਨਾ ਪਵੇਗਾ। ਇਸ ਵਾਸਤੇ ਆਰਥਿਕਤਾ ਵਿਚ ਕਾਰਪੋਰੇਟ ਘਰਾਣਿਆਂ ਦੀ ਥਾਂ ਪਬਲਿਕ ਸੈਕਟਰ ਅਤੇ ਸਹਿਕਾਰੀ ਅਦਾਰਿਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਇਹ ਕਾਰਜ ਮੁਸ਼ਕਲ ਜ਼ਰੂਰ ਹੈ ਪਰ ਅਸੰਭਵ ਨਹੀਂ। ਇਸ ਦੀ ਝਲਕ 2020-21 ਦੇ ਕਿਸਾਨ ਅੰਦੋਲਨ ਤੋਂ ਮਿਲਦੀ ਹੈ। ਇਸ ਅੰਦੋਲਨ ਵਿਚ ਕਿਸਾਨਾਂ ਤੋਂ ਇਲਾਵਾ ਹੋਰ ਵਰਗਾਂ ਦੇ ਲੋਕਾਂ ਨੇ ਧਰਮ ਨਿਰਪੱਖਤਾ ਅਤੇ ਗਣਤੰਤਰ ਦੀ ਮੁੜ ਸੁਰਜੀਤੀ ਵਾਸਤੇ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਸੀ। ਉਸ ਸਮੇਂ ਦੌਰਾਨ ਸਮਾਜ ਦੀ ਬਿਹਤਰੀ ਵਾਸਤੇ ਨਵੇਂ ਇਖਲਾਕ ਅਤੇ ਜਮਹੂਰੀਅਤ ਨੂੰ ਬਲ ਮਿਲਿਆ ਸੀ। ਇਸ ਨੂੰ ਦੁਬਾਰਾ ਉਭਾਰਨ ਦੀ ਜ਼ਰੂਰਤ ਹੈ। ਇਹ ਲੋਕ ਪੱਖੀ ਇਖਲਾਕ ਪ੍ਰਚਾਰ ਨਾਲ ਨਹੀਂ, ਵਿਹਾਰ ਨਾਲ ਹੀ ਪੈਦਾ ਕੀਤਾ ਜਾ ਸਕਦਾ ਹੈ।

ਵਿਕਾਸ ਅਤੇ ਸਿੱਖਿਆ ਢਾਂਚਾ

ਕਿਸੇ ਵੀ ਸਮਾਜ ਦੇ ਲਗਾਤਾਰ ਅਤੇ ਬਹੁਪੱਖੀ ਵਿਕਾਸ ਲਈ ਸਿੱਖਿਆ ਢਾਂਚਾ ਮਜ਼ਬੂਤ ਹੋਣਾ ਜ਼ਰੂਰੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਸਿੱਖਿਆ, ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਲੋਕਤੰਤਰੀ ਵਿਵਸਥਾ ਮਜ਼ਬੂਤ ਕਰਨ ਲਈ ਲੋਕਾਂ ਦੀ ਸਮਾਜਿਕ ਆਰਥਿਕ ਹਾਲਤ ਨੂੰ ਨਵੀਂ ਦਿਸ਼ਾ ਦੇਣ ਅਤੇ ਕਿਸੇ ਰਾਜ ਨੂੰ ਤਰੱਕੀ ਦੀਆਂ ਮੰਜ਼ਿਲਾਂ 'ਤੇ ਪਹੁੰਚਾਉਣ ਲਈ ਸਕੂਲੀ ਸਿੱਖਿਆ ਦਾ ਮਜ਼ਬੂਤ ਆਧਾਰ ਚਾਹੀਦਾ ਹੈ। ਆਜ਼ਾਦੀ ਤੋਂ ਬਾਅਦ ਸਿੱਖਿਆ ਦੇ ਖੇਤਰ ਵਿਚ ਬਹੁਤ ਤਬਦੀਲੀਆਂ ਆਈਆਂ ਹਨ। ਸਿੱਖਿਆ ਸੰਸਥਾਵਾਂ ਦੀ ਗਿਣਤੀ ਵਿਚ ਵਾਧਾ ਹੋਇਆ

ਗੁਰਬਿੰਦਰ ਸਿੰਘ ਮਾਣਕ
ਫੋਨ: +91-98153-56086

ਹੈ ਪਰ ਲਗਾਤਾਰ ਵਧ ਰਹੀ ਆਬਾਦੀ ਅਤੇ ਸਰਕਾਰਾਂ ਦੇ ਸਿੱਖਿਆ ਦੇ ਖੇਤਰ ਵੱਲ ਅਣਗਹਿਲੀ ਭਰੇ ਵਤੀਰੇ ਕਾਰਨ ਸਕੂਲੀ ਸਿੱਖਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਆਰਥਿਕ ਪੱਖੋਂ ਪਛੜੇ ਲੋਕ ਆਪਣੇ ਬੱਚਿਆਂ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਣ ਤੋਂ ਅਸਮਰਥ ਹਨ। ਇਸ ਲਈ ਜ਼ਰੂਰੀ ਹੈ ਕਿ ਸਮਾਜ ਦੀ ਸਾਂਝ ਸਦਕਾ ਚੰਗੇਰੀ ਸਿੱਖਿਆ ਦਾ ਸੁਫ਼ਨਾ ਸਾਕਾਰ ਕੀਤਾ ਜਾਵੇ।

ਜੇ ਕੋਈ ਅਧਿਆਪਕ ਆਪਣੇ ਕਾਰਜ ਪ੍ਰਤੀ ਸੇਵਾ ਭਾਵਨਾ ਜਿਹੀ ਦ੍ਰਿਸ਼ਟੀ ਰੱਖਦਾ ਹੈ ਤਾਂ ਇਹ ਕਿਸੇ ਦੇਸ਼ ਭਗਤੀ ਤੋਂ ਘੱਟ ਨਹੀਂ। ਸਮਾਂ ਬਦਲਣ ਨਾਲ ਅਜਿਹੀ ਭਾਵਨਾ ਭਾਵੇਂ ਲੋਪ ਹੋ ਰਹੀ ਹੈ ਪਰ ਜਾਗਦੀ ਜ਼ਮੀਰ ਵਾਲੇ ਬਹੁਤ ਸਾਰੇ ਚਾਨਣ-ਮੁਨਾਰੇ ਪ੍ਰਤੀਬੱਧਤਾ ਨਾਲ ਸਮਾਜ ਨੂੰ ਚਾਨਣ ਵੰਡ ਰਹੇ ਹਨ। ਉਂਝ ਵੀ ਚੰਗੇ ਮਾੜੇ ਬੰਦੇ ਹਰ ਖੇਤਰ ਵਿਚ ਹੁੰਦੇ ਹਨ। ਅਸਲ ਵਿਚ ਦੋਸ਼ੀ ਤਾਂ ਉਹ ਪ੍ਰਬੰਧ ਹੈ ਜਿਸ ਵਿਚ ਪਦਾਰਥਵਾਦ ਨੇ ਇਸ ਕਦਰ ਪ੍ਰਭਾਵ ਪਾਇਆ ਹੈ ਕਿ ਮਨੁੱਖ ਦੀ ਪਛਾਣ ਹੁਣ ਧਨ ਅਤੇ ਕੀਮਤੀ ਵਸਤਾਂ ਹੀ ਹੋ ਗਈਆਂ ਹਨ।

ਸਮਾਜ ਨੇ ਅਧਿਆਪਕ ਦੇ ਮੋਢਿਆਂ 'ਤੇ ਜਿਹੜੀ ਜ਼ਿੰਮੇਵਾਰੀ ਪਾਈ ਹੈ, ਉਹ ਇੰਨੀ ਵੱਡੀ ਹੈ ਕਿ ਉਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਮਿਹਨਤ ਤੇ ਸਾਰਥਿਕ ਯਤਨਾਂ ਦੀ ਬਦੌਲਤ ਹੀ ਚੰਗੇ ਸਿੱਟਿਆਂ ਦੀ ਆਸ ਕੀਤੀ ਜਾ ਸਕਦੀ ਹੈ। ਸਰਕਾਰੀ ਸਕੂਲ ਬਣਾ ਤਾਂ ਦਿੱਤੇ ਜਾਂਦੇ ਹਨ ਪਰ ਬਹੁਤ ਸਾਰੀਆਂ ਘਾਟਾਂ ਕਾਰਨ ਚੰਗੀ ਸਿੱਖਿਆ ਦਾ ਸੁਫ਼ਨਾ ਅਧਵਾਟੇ ਹੀ ਦਮ ਤੋੜ ਜਾਂਦਾ ਹੈ। ਜੇ ਸਮਾਜ ਦੇ ਜਾਗਰੂਕ ਲੋਕਾਂ ਦਾ ਯੋਗਦਾਨ ਨਾ ਹੋਵੇ ਤਾਂ ਹੁਣ ਤੱਕ ਬਹੁਤੇ ਸਕੂਲ ਬੰਦ ਹੋ ਚੁੱਕੇ ਹੁੰਦੇ। ਬਹੁਤ ਸਾਰੇ ਪਰਵਾਸੀ ਪੰਜਾਬੀਆਂ ਨੇ ਖੁੱਲ੍ਹੇ ਦਿਲ ਨਾਲ ਮਦਦ ਕਰ ਕੇ ਆਪੋ-ਆਪਣੇ ਪਿੰਡਾਂ ਦੇ ਸਕੂਲਾਂ ਦੀ ਕਾਇਆ-ਕਲਪ ਕਰ ਕੇ ਭਰਵਾਂ ਯੋਗਦਾਨ ਦਿੱਤਾ ਹੈ। ਅਸਲ ਵਿਚ ਸਰਕਾਰਾਂ ਦੇ ਨਾਂਹ ਮੁਖੀ ਰਵੱਈਏ ਕਾਰਨ ਪੰਜਾਬ ਸਿੱਖਿਆ ਦੇ ਖੇਤਰ ਵਿਚ ਪਛੜ ਰਿਹਾ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਆਰਥਿਕ ਤੌਰ 'ਤੇ ਪਛੜੇ ਪਰਿਵਾਰਾਂ ਨੂੰ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਬੱਚੇ ਹੀ ਇਨ੍ਹਾਂ ਸਕੂਲਾਂ ਵਿਚ ਪੜ੍ਹ ਰਹੇ ਹਨ।

ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਸ਼ਾਨਦਾਰ ਧਾਰਮਿਕ ਸਥਾਨ ਬਣ ਚੁੱਕੇ ਹੈ ਅਤੇ ਹੋਰ ਵੀ ਬਣ ਰਹੇ ਹਨ। ਕਈ ਪਿੰਡਾਂ ਵਿਚ ਤਾਂ ਚੰਗੀ ਭਲੀ ਇਮਾਰਤ ਨੂੰ ਢਾਅ ਕੇ ਕਰੋੜਾਂ ਰੁਪਏ ਦੇ ਬਜਟ ਨਾਲ ਨਵੀਆਂ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਧਾਰਮਿਕ ਸਥਾਨਾਂ ਦੀ ਸਥਾਪਨਾ ਕਰਨ ਵਿਚ ਕੋਈ ਬੁਰਾਈ ਨਹੀਂ ਪਰ ਲੋੜ ਇਹ ਸੋਚਣ ਦੀ ਹੈ ਕਿ ਜੇ ਪਿੰਡਾਂ ਦੇ ਬੱਚੇ ਸੁਚੱਜੀ ਸਿੱਖਿਆ ਦੀ ਅਣਹੋਂਦ ਕਾਰਨ ਸਿੱਖਿਆ ਤੋਂ ਵਾਂਝੇ ਰਹਿ ਗਏ ਤਾਂ ਪਹਿਲਾਂ ਹੀ ਨਿੱਘਰ ਰਿਹਾ ਪੰਜਾਬ ਹੋਰ ਪਛੜ ਜਾਵੇਗਾ। ਪੰਜਾਬ ਪਹਿਲਾਂ ਹੀ ਨਸ਼ਿਆਂ ਵਿਚ ਰੁੜ੍ਹ ਰਿਹਾ ਹੈ। ਇਸ ਲਈ ਸਿੱਖਿਆ ਵਰਗੇ ਅਤਿ ਮਹੱਤਵਪੂਰਨ ਕਾਰਜ ਨੂੰ ਪਿੱਛੇ ਸੁੱਟਣਾ ਪੰਜਾਬ ਦੇ ਭਵਿੱਖ ਲਈ ਬਹੁਤ ਘਾਤਕ ਸਾਬਿਤ ਹੋ ਸਕਦਾ ਹੈ।

ਸਰਕਾਰਾਂ ਦਾਅਵੇ ਬਹੁਤ ਵੱਡੇ ਕਰਦੀਆਂ ਹਨ ਪਰ ਅਮਲੀ ਰੂਪ ਵਿਚ ਬਹੁਤਾ ਕੁਝ ਨਜ਼ਰ ਨਹੀਂ ਆਉਂਦਾ। ਇਹ ਠੀਕ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਹੋਇਆ ਹੈ। ਸਕੂਲਾਂ ਨੂੰ ਲਿਸ਼ਕਾ-ਪੁਸ਼ਕਾ ਕੇ ਕਈ ਤਰ੍ਹਾਂ ਦੇ ਲੁਭਾਉਣੇ ਨਾਂ ਦਿੱਤੇ ਗਏ ਹਨ। ਕਿਤੇ ਮੈਰੀਟੋਰੀਅਸ ਸਕੂਲ ਹਨ, ਕਿਤੇ ਕੋਈ ਸਮਾਰਟ ਸਕੂਲ ਹੈ, ਕਿਤੇ ਸਕੂਲ ਆਫ ਐਮੀਨੈਂਸ ਹੈ। ਸਿੱਖਿਆ ਦੀ ਬਿਹਤਰੀ ਲਈ ਅਧਿਆਪਕਾਂ ਤੇ ਸਕੂਲ ਮੁਖੀਆਂ ਨੂੰ ਵਿਦੇਸ਼ੀ ਟੂਰ ਕਰਵਾਏ ਜਾ ਰਹੇ ਹਨ। ਹਰ ਸਰਕਾਰ ਸਿੱਖਿਆ ਨੂੰ ਮਿਆਰੀ ਬਣਾਉਣ ਦੇ ਬਿਆਨ ਦਾਗਦੀ ਹੈ। ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਲਈ ਕੋਈ ਯਤਨ ਕੀਤਾ ਹੀ ਨਹੀਂ। ਉਂਝ, ਇਮਾਰਤੀ ਢਾਂਚਾ ਬਣਾਉਣ ਨਾਲ ਹੀ ਕੋਈ ਸਕੂਲ 'ਸਮਾਰਟ' ਨਹੀਂ ਬਣ ਜਾਂਦਾ। ਸਕੂਲਾਂ ਵਿਚ ਵੱਡੀ ਪੱਧਰ 'ਤੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਬਹੁਤ ਸਕੂਲ, ਮੁਖੀਆਂ ਤੋਂ ਸੱਖਣੇ ਹਨ। ਸਿੱਖਿਆ ਦਾ ਬਹੁਤਾ ਦਾਰੋਮਦਾਰ ਅਧਿਆਪਕ ਉੱਤੇ ਨਿਰਭਰ ਕਰਦਾ ਹੈ ਪਰ ਦੁਖਦਾਈ ਸਥਿਤੀ ਇਹ ਹੈ ਕਿ ਸਕੂਲਾਂ ਵਿਚ ਅਨੇਕਾਂ ਵੰਨਗੀਆਂ ਦੇ ਅਧਿਆਪਕ ਹਨ। ਇਕੋ ਜਿਹਾ ਕੰਮ ਕਰ ਰਹੇ ਅਧਿਆਪਕਾਂ ਨੂੰ ਵੀ ਕਈ ਤਰ੍ਹਾਂ ਦੇ ਵਿਤਕਰੇ ਸਹਿਣੇ ਪੈ ਰਹੇ ਹਨ। ਤਨਖਾਹਾਂ ਵਿਚ ਵੱਡਾ ਵਿਤਕਰਾ ਹੈ।

ਪੰਜਾਬ ਦੇ ਬਹੁਤੇ ਪਿੰਡਾਂ ਵਿਚ ਮੁੱਖ ਸੜਕਾਂ ਉੱਤੇ ਵੱਡੇ-ਵੱਡੇ ਦਿਉ ਕੱਦ ਗੇਟਾਂ ਦੀ ਉਸਾਰੀ ਕੀਤੀ ਗਈ ਹੈ। ਲੱਖਾਂ ਰੁਪਏ ਇਨ੍ਹਾਂ 'ਤੇ ਖਰਚੇ ਗਏ ਹਨ। ਕੀ ਕਿਸੇ ਪਿੰਡ ਵਿਚ ਗੇਟ ਬਣਾਉਣ ਨਾਲ ਪਿੰਡ ਦੀ ਸ਼ਾਨ ਵਿਚ ਕੋਈ ਵਾਧਾ ਹੋ ਸਕਦਾ ਹੈ? ਜੇ ਪਿੰਡਾਂ ਦੇ ਬੱਚੇ ਸਿੱਖਿਆ ਵਰਗੀ ਨਹਾਇਤ ਜ਼ਰੂਰੀ ਲੋੜ ਤੋਂ ਵਿਰਵੇ ਰਹਿ ਗਏ ਤਾਂ ਉੱਚੇ ਉੱਚੇ ਗੇਟਾਂ ਦੀ ਸ਼ਾਨੋ-ਸ਼ੌਕਤ ਦਾ ਕੋਈ ਅਰਥ ਨਹੀਂ ਹੈ। ਪਿੰਡਾਂ ਵਿਚ ਬਹੁਤ ਕੁਝ ਕਰਨ ਗੋਚਰਾ ਹੈ। ਸਫਾਈ ਵਿਵਸਥਾ ਸੁਧਾਰ ਦੀ ਮੰਗ ਕਰਦੀ ਹੈ, ਚੰਗੇ ਖੇਡ ਮੈਦਾਨਾਂ ਦੀ ਲੋੜ ਹੈ, ਨੌਜਵਾਨਾਂ ਦੀ ਸੋਚ ਨੂੰ ਵਿਕਸਤ ਕਰਨ ਲਈ ਲਾਇਬ੍ਰੇਰੀਆਂ ਦੀ ਸਥਾਪਨਾ ਸਮੇਂ ਦੀ ਲੋੜ ਹੈ। ਜਾਗਰੂਕ ਲੋਕ ਅਜਿਹੇ ਉੱਦਮ ਕਰ ਵੀ ਰਹੇ ਹਨ।

ਪੰਜਾਬ ਵਿਚ ਵਿਆਹ-ਸ਼ਾਦੀਆਂ ਅਤੇ ਹੋਰ ਸਮਾਗਮਾਂ 'ਤੇ ਅਥਾਹ ਧਨ ਵਹਾਇਆ ਜਾਂਦਾ ਹੈ। ਡੀ.ਜੇ. 'ਤੇ ਅਸ਼ਲੀਲ ਗੀਤਾਂ ਉੱਤੇ ਨੱਚਦੇ ਪੰਜਾਬੀ ਹਜ਼ਾਰਾਂ ਰੁਪਏ ਵਾਰ ਦਿੰਦੇ ਹਨ। ਜੇ ਇਹ ਸਭ ਕੁਝ ਸਾਦਗੀ ਨਾਲ ਹੋ ਜਾਵੇ ਤਾਂ ਬਚਾਇਆ ਪੈਸਾ ਪਿੰਡਾਂ ਦੀ ਬਿਹਤਰੀ ਲਈ ਖਰਚਿਆ ਜਾ ਸਕਦਾ ਹੈ। ਇਹ ਗੱਲਾਂ ਸਾਡੇ ਰਾਜ ਦੇ ਭਵਿੱਖ ਨਾਲ ਜੁੜੀਆਂ ਹੋਈਆਂ ਹਨ ਅਤੇ ਇਸ ਦੇ ਨਾਲ ਹੀ ਜੁੜਿਆ ਹੋਇਆ ਹੈ ਲੋਕਾਂ ਦਾ ਭਵਿਖ। ਇਸ ਲਈ ਸਰਕਾਰ ਨੂੰ ਦੀਰਘ-ਕਾਲੀ ਸਿੱਖਿਆ ਨੀਤੀ ਬਣਾਉਣ ਦੀ ਲੋੜ ਹੈ। ਇਹ ਪੰਜਾਬ ਦੇ ਲੱਖਾਂ ਗਰੀਬ ਪਰਿਵਾਰਾਂ ਦੇ ਬੱਚਿਆਂ ਦੇ ਭਵਿਖ ਦਾ ਸਵਾਲ ਹੈ। ਸਰਕਾਰ ਤੇ ਸਮਾਜ ਦੇ ਸਾਂਝੇ ਯਤਨਾਂ ਸਦਕਾ ਸਿੱਖਿਆ ਦੇ ਵੱਡਮੁੱਲੇ ਕਾਰਜ ਨੂੰ ਸਹੀ ਦਿਸ਼ਾ ਦਿੱਤੀ ਜਾ ਸਕਦੀ ਹੈ। ਅਧਿਆਪਕ ਨੂੰ ਵੀ ਆਪਣੀ ਜ਼ਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਣ ਦੀ ਲੋੜ ਹੈ। ਬੱਚੇ ਸਾਡਾ ਭਵਿੱਖ ਹਨ, ਉਨ੍ਹਾਂ ਦੇ ਬਿਹਤਰ ਭਵਿੱਖ ਦੀ ਸਿਰਜਣਾ ਲਈ ਚੰਗੀ ਸਿੱਖਿਆ ਮੁਹੱਈਆ ਕਰਾਉਣੀ ਸਮਾਜ ਦਾ ਫਰਜ਼ ਹੈ। ਜੇ ਸਿੱਖਿਆ ਦਾ ਢਾਂਚਾ ਹੀ ਖੇਰੂੰ-ਖੇਰੂੰ ਹੋਣ ਦੇ ਰਾਹ ਤੁਰਿਆ ਰਿਹਾ ਤਾਂ ਕਿਸੇ ਵੀ ਤਰ੍ਹਾਂ ਦੇ ਵਿਕਾਸ ਦੇ ਦਾਅਵੇ ਖੋਖਲੇ ਸਾਬਤ ਹੋਣਗੇ।

'ਮਾਸਟਰ ਜੀ' ਨੇ ਮਿਲਵਾਕੀ ਵਿਚ ਦਿੱਤਾ ਗਿਆਨ ਦਾ ਛੱਟਾ

ਸ਼ਿਕਾਗੋ (ਅੰਮ੍ਰਿਤ ਪਾਲ ਕੌਰ): ਦੁਨੀਆਂ ਭਰ ਦੇ ਪੰਜਾਬੀਆਂ ਨੂੰ ਜ਼ਿੰਦਗੀ ਦਾ ਪਾਠ ਪੜ੍ਹਾਉਣ ਤੋਂ ਬਾਅਦ ਬੀਤੇ ਦਿਨੀਂ 'ਮਾਸਟਰ ਜੀ' ਨੇ ਮਿਲਵਾਕੀ ਵਿਚ ਗਿਆਨ ਦਾ ਛੱਟਾ ਦਿੱਤਾ।

ਉੱਘਾ ਪੰਜਾਬੀ ਅਦਾਕਾਰ, ਲੇਖਕ, ਨਿਰਦੇਸ਼ਕ, ਕਾਮੇਡੀਅਨ ਅਤੇ ਮੋਟੀਵੇਸ਼ਨਲ ਸਪੀਕਰ ਰਾਣਾ ਰਣਬੀਰ ਜਦੋਂ 'ਮਾਸਟਰ ਗੁਰਮੁਖ ਸਿੰਘ' ਉਰਫ 'ਮੈਂਟਲ ਚੂਹਾ' ਬਣ ਕੇ ਮਿਲਵਾਕੀ ਦੇ ਤਾਜ ਪੈਲੇਸ ਦੀ ਸਟੇਜ 'ਤੇ ਪੁੱਜਾ ਤਾਂ ਕਈ ਦਿਨਾਂ ਤੋਂ ਉਸ ਦੀ ਉਡੀਕ ਵਿਚ ਅੱਖਾਂ ਵਿਛਾਈ ਬੈਠੇ ਦਰਸ਼ਕਾਂ ਨੇ ਤਾੜੀਆਂ ਨਾਲ ਉਸ ਦਾ ਅਤੇ ਸਾਥੀ ਕਲਾਕਾਰ ਰਾਜਵੀਰ ਬੋਪਾਰਾਏ ਦਾ ਸਵਾਗਤ ਕੀਤਾ।

'ਮਾਸਟਰ ਜੀ' ਕੋਈ ਆਮ ਨਾਟਕ ਨਹੀਂ ਹੈ, ਜਿਸ ਵਿਚ ਪਰਦਾ ਚੁੱਕਣ, ਸੰਗੀਤਕ ਆਵਾਜ਼ਾਂ ਜਾਂ ਰੌਸ਼ਨੀ ਦੀ ਬਹੁਤ ਲੋੜ ਹੋਵੇ, ਇਹ ਤਾਂ ਦੋ ਕਲਾਕਾਰਾਂ ਵਲੋਂ ਰਿਹਰਸਲ ਦੇ ਰੂਪ 'ਚ ਸ਼ੁਰੂ ਕਰ ਕੇ ਚਰਮ ਸੀਮਾ ਤਕ ਦਰਸ਼ਕਾਂ ਨੂੰ ਕੀਲ ਕੇ ਰੱਖਣ ਵਾਲਾ, ਅਜੋਕੇ ਸਮਾਜ ਦੀ ਅਸਲੀਅਤ ਬਿਆਨ ਕਰਦਾ ਨਾਟਕ ਹੈ। ਰਾਜਵੀਰ ਬੋਪਾਰਾਏ ਸਟੇਜ 'ਤੇ ਆ ਕੇ ਇਕਦਮ ਕੁਰਸੀਆਂ, ਬੈਗ ਠੀਕ ਕਰਨ ਲੱਗਦਾ ਹੈ ਤੇ ਕਿਸੇ ਨੂੰ ਇਲਮ ਵੀ ਨਹੀਂ ਹੁੰਦਾ ਕਿ ਨਾਟਕ ਤਾਂ ਸ਼ੁਰੂ ਹੋ ਗਿਐ। ਜਦੋਂ ਨਿੱਕੇ ਕੱਦ ਵਾਲਾ ਵੱਡਾ ਕਲਾਕਾਰ ਰਾਣਾ ਰਣਬੀਰ 'ਮਾਸਟਰ ਗੁਰਮੁਖ ਸਿੰਘ' ਬਣ ਕੇ ਸਟੇਜ 'ਤੇ ਆਉਂਦਾ ਹੈ ਤਾਂ ਸਾਰਾ ਨਾਟਕ ਬਸ ਉਸੇ ਦੇ ਆਲੇ-ਦੁਆਲੇ ਹੀ ਘੁੰਮਦਾ ਹੈ।

ਰਾਣਾ ਰਣਬੀਰ ਬੜੇ ਹਲਕੇ-ਫੁਲਕੇ ਢੰਗ ਨਾਲ ਲੋਕਾਂ ਵਲੋਂ ਕਿਸੇ ਦੀ ਸਰੀਰਕ ਬਣਤਰ 'ਤੇ ਕੀਤੀਆਂ ਜਾਂਦੀਆਂ ਟਿੱਪਣੀਆਂ ਦਾ ਜ਼ਿਕਰ ਕਰਦਿਆਂ ਆਪਣੇ ਛੋਟੇ ਕੱਦ ਬਾਰੇ ਲੋਕਾਂ ਵਲੋਂ ਉਡਾਏ ਗਏ ਮਜ਼ਾਕ ਬਾਰੇ ਦੱਸਦਿਆਂ ਛੋਟੇ ਕੱਦ ਵਾਲਿਆਂ ਦੇ ਫਾਇਦੇ ਵੀ ਦੱਸਦੈ ਕਿ ਛੋਟੇ ਕੱਦ ਵਾਲੇ ਨੂੰ ਕਦੇ ਕਿਸੇ ਅੱਗੇ ਧੌਣ ਨਹੀਂ ਨੀਵੀਂ ਕਰਨੀ ਪੈਂਦੀ। ਉਹ ਹਾਸੇ-ਮਜ਼ਾਕ, ਭਾਵੁਕ ਹੋ ਕੇ, ਗੁੱਸਾ ਦਿਖਾ ਕੇ ਜ਼ਿੰਦਗੀ ਦੀਆਂ ਰਮਜਾਂ ਸਮਝਾ ਜਾਂਦਾ। ਸਟੇਜ 'ਤੇ ਸ਼ੀਸ਼ਾ ਦੇਖ ਕੇ ਦਸਤਾਰ ਸਜਾਉਂਦਿਆਂ ਜਿੱਥੇ ਮਾਸਟਰ ਜੀ ਦਸਤਾਰ ਦੇ ਅਰਥ ਸਮਝਾ ਜਾਂਦੇ ਨੇ, ਉਥੇ ਹੀ ਦਰਸ਼ਕਾਂ ਨੂੰ ਵੀ ਸ਼ੀਸ਼ਾ ਦਿਖਾ ਜਾਂਦੇ ਨੇ।

ਨਾਟਕ ਵਿਚ ਵਿਦਿਆਰਥੀ ਆਪਣੇ ਮਾਸਟਰ ਗੁਰਮੁਖ ਸਿੰਘ ਦਾ ਪੁੱਠਾ ਨਾਂ 'ਮੈਂਟਲ ਚੂਹਾ' ਰੱਖਣ 'ਤੇ ਖੁਸ਼ ਹੁੰਦੈ ਪਰ ਆਪਣੀ ਗਲਤੀ ਸਮਝ ਆਉਣ 'ਤੇ ਪਛਤਾਉਂਦਾ ਵੀ ਹੈ। ਮਾਸਟਰ ਜੀ ਉਸ ਨੂੰ ਸਮਝਾਉਂਦੇ ਨੇ ਕਿ ਅਸਲ ਵਿਚ ਮੈਂਟਲ ਸਿਆਣਾ ਉਸ ਨੂੰ ਕਿਹਾ ਜਾਂਦੈ ਜੋ ਸਾਨੂੰ ਸਹੀ ਮੱਤ ਦੇਵੇ। 'ਮਾਸਟਰ ਜੀ' ਅਜੋਕੇ ਸਮੇਂ 'ਚ ਗੱਲ-ਗੱਲ 'ਤੇ, ਕਿਸੇ ਪ੍ਰੋਗਰਾਮ, ਮਰਗ, ਖੁਸ਼ੀ-ਗਮੀ 'ਚ ਮੋਬਾਈਲ ਕੱਢ ਕੇ ਫੋਟੋਆਂ ਖਿੱਚਣ ਅਤੇ ਲਾਈਵ ਹੋਣ ਵਾਲਿਆਂ, ਫੁਕਰਿਆਂ, ਆਕੜਖੋਰਾਂ, ਚੁਗਲਖੋਰਾਂ 'ਤੇ ਡੂੰਘੀ ਟਕੋਰ ਕਰਦੇ ਹਨ।

ਮਾਸਟਰ ਜੀ ਆਪਣੀ ਕਲਾਸ ਵਿਚ ਸਮਝਾਉਂਦੇ ਹਨ ਕਿ ਕਿੰਜ ਅਸੀਂ ਗੁਰੂ ਸਾਹਿਬਾਨ ਵਲੋਂ ਦਿੱਤੀਆਂ ਸਿੱਖਿਆਵਾਂ ਤੋਂ ਦੂਰ ਹੋ ਕੇ ਮੁੜ ਕੁਰਾਹੇ ਪੈ ਗਏ ਹਾਂ। ਜਿਸ ਜਾਤ-ਪਾਤ, ਧਰਮ ਦੇ ਨਾਂ 'ਤੇ ਵੈਰ-ਵਿਰੋਧ, ਤਸਵੀਰਾਂ ਪੂਜਣ ਤੋਂ ਗੁਰੂ ਸਾਹਿਬ ਨੇ ਸਾਨੂੰ ਵਰਜਿਆ ਸੀ, ਅਸੀਂ ਅੱਜ ਉਸੇ 'ਚ ਗ੍ਰਸੇ ਪਏ ਹਾਂ। ਅਸੀਂ ਤਾਂ ਆਪਣੇ ਨਾਵਾਂ ਨਾਲ ਆਪਣੀਆਂ ਗੋਤਾਂ ਦੀਆਂ ਪੂਛਾਂ ਲਾ-ਲਾ ਘੁੰਮਦੇ ਹਾਂ। ਉਨ੍ਹਾਂ ਸੋਸ਼ਲ ਮੀਡੀਆ 'ਤੇ ਆਪੇ ਬਣੇ ਵਿਦਵਾਨਾਂ 'ਤੇ ਵੀ ਤਨਜ ਕੱਸਿਆ, ਜਿਨ੍ਹਾਂ ਕੋਲ ਕਿਤਾਬਾਂ ਦਾ ਕੋਈ ਗਿਆਨ ਨਹੀਂ ਪਰ ਬਿਨਾਂ ਤਰਕ ਤੋਂ ਬਹਿਸ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ। ਇਹ ਸਾਰੇ ਕੁਝ ਹੋਰ ਨਹੀਂ 'ਫੇਸਬੁੱਕੀ ਗਧੇ' ਹਨ ਜੋ ਸਾਰਾ ਦਿਨ ਟੈਂ-ਟੈਂ ਕਰਦੇ ਰਹਿੰਦੇ ਹਨ। ਇਹ ਉਹੀ ਲੋਕ ਹਨ ਜੋ ਅੱਜ-ਕੱਲ੍ਹ ਸ. ਭਗਤ ਸਿੰਘ ਦੀ ਕੁਰਬਾਨੀ 'ਤੇ ਵੀ ਸਵਾਲ ਖੜ੍ਹੇ ਕਰ ਰਹੇ ਹਨ, ਫੇਸਬੁੱਕ 'ਤੇ ਲੜਾਈਆਂ ਕਰਦੇ ਹਨ, ਕੁਝ ਕਹੋ ਤਾਂ ਗਾਲੀ-ਗਲੋਚ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ।

ਮਾਸਟਰ ਜੀ ਦੱਸਦੇ ਨੇ ਕਿ ਹਰ ਬੰਦਾ ਆਪਣੇ ਹਾਲਾਤ ਤੋਂ ਦੁਖੀ ਹੈ, ਜਿਸ ਕੋਲ ਜੋ ਹੈ, ਉਹ ਉਸ ਤੋਂ ਖੁਸ਼ ਨਹੀਂ ਜਦਕਿ ਜਿਵੇਂ ਫਿਲਮਾਂ ਵਿਚ ਮਸਾਲਾ ਜ਼ਰੂਰੀ ਹੈ ਉਵੇਂ ਹੀ ਜ਼ਿੰਦਗੀ ਵਿਚ ਵੀ ਉਤਾਰ- ਚੜ੍ਹਾਅ ਜ਼ਰੂਰੀ ਹਨ। ਉਨ੍ਹਾਂ ਨੇ ਮਜ਼ਾਕ-ਮਜ਼ਾਕ ਵਿਚ ਹੀ ਜ਼ੁਬਾਨ ਦੇ ਰਸ ਦਾ ਵੀ ਕਮਾਲ ਦੱਸਿਆ, ਜੋ ਫੁੱਲਾਂ ਦੇ ਹਾਰ ਵੀ ਪੁਵਾ ਦਿੰਦਾ ਹੈ ਤੇ ਕਈ ਵਾਰ ਹੱਡੀਆਂ ਵੀ ਤੁੜਵਾ ਦਿੰਦਾ ਹੈ। ਪੰਜਾਬੀ ਵਿਆਹਾਂ ਵਿਚ ਕੁਝ ਰਿਸ਼ਤੇਦਾਰਾਂ ਵਲੋਂ ਪਾਏ ਜਾਂਦੇ ਕਲੇਸ਼ ਤੇ ਪੰਜਾਬੀਆਂ ਵਲੋਂ ਵ੍ਹਟਸਐਪ ਦੀ ਨਾਜਾਇਜ਼ ਵਰਤੋਂ ਬਾਰੇ ਵੀ ਦੱਸਿਆ ਗਿਆ ਹੈ।

ਕਰੋੜਾਂ ਰੁਪਏ ਲਾ ਕੇ ਬਣੀਆਂ ਕਈ-ਕਈ ਕਲਾਕਾਰਾਂ ਵਾਲੀਆਂ ਫਿਲਮਾਂ ਵੀ ਦਰਸ਼ਕਾਂ ਦੇ ਦਿਲਾਂ 'ਤੇ ਉਹ ਛਾਪ ਨਹੀਂ ਛੱਡ ਪਾਉਂਦੀਆਂ, ਜੋ ਇਹ ਦੋ-ਢਾਈ ਘੰਟਿਆਂ ਦਾ ਨਾਟਕ ਛੱਡਦਾ ਹੈ। ਮਾਸਟਰ ਗੁਰਮੁਖ ਸਿੰਘ ਦੋ-ਢਾਈ ਘੰਟਿਆਂ ਵਿਚ ਹੀ ਸਾਨੂੰ ਸਾਰਿਆਂ ਨੂੰ ਸ਼ੀਸ਼ਾ ਵਿਖਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਇਹ ਨਾਟਕ ਰਾਣਾ ਰਣਬੀਰ ਅਤੇ ਉੱਘੇ ਲੇਖਕ ਜਸਵੰਤ ਜ਼ਫਰ ਹੁਰਾਂ ਵਲੋਂ ਲਿਖਿਆ ਗਿਆ ਹੈ। ਨਾਟਕ ਵਿਚ ਜ਼ਫਰ ਹੁਰਾਂ ਦੀ ਕਵਿਤਾਵਾਂ ਭਗਤ ਸਿੰਘ ਅਤੇ ਗੁਰੂ ਨਾਨਕ ਰਾਹੀਂ ਮਾਸਟਰ ਜੀ ਕਈ ਕੁਝ ਸਮਝਾ ਜਾਂਦੇ ਹਨ।

ਇਹ ਨਾਟਕ ਸ. ਪਰਮਿੰਦਰ ਸਿੰਘ ਗੋਲਡੀ, ਬੱਬੂ ਖੱਟੜਾ ਅਤੇ ਹੈਪੀ ਹੀਰ ਦੇ ਯੋਗ ਪ੍ਰਬੰਧਾਂ ਹੇਠ ਖੇਡ ਗਿਆ। ਨਾਟਕ ਦੇਖਣ ਲਈ ਖਾਸ ਤੌਰ 'ਤੇ ਅਮਰੀਕਾ ਦੇ ਉਘੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਵੀ ਮੁੱਖ ਮਹਿਮਾਨ ਵਜੋਂ ਪੁੱਜੇ ਹੋਏ ਸਨ। ਨਾਟਕ ਦੇ ਸਪਾਂਸਰਾਂ ਵਿਚ ਅਮਰਜੀਤ ਸਿੰਘ ਢੀਂਡਸਾ, ਲਖਵੀਰ ਸਿੰਘ ਢੀਂਡਸਾ, ਭੁਪਿੰਦਰ ਸਿੰਘ ਸੋਢੀ, ਦੀਦਾਰ ਸਿੰਘ ਧਨੋਆ, ਕੁਲਜੀਤ ਸਿੰਘ, ਰਣਦੀਪ ਪਾਲ ਸਿੰਘ ਰਿੰਕੂ, ਕੁਲਵੰਤ ਸਿੰਘ ਕੰਤਾ, ਅਰਵਿੰਦਰ ਸਿੰਘ, ਭੁਪਿੰਦਰ ਸਿੰਘ ਟਿੰਕਾ, ਹਰਜਿੰਦਰ ਸਿੰਘ ਜਿੰਦੀ, ਸੁਖਵਿੰਦਰ ਸਿੰਘ ਘੱਗਰ ਅਤੇ ਜਗਦੀਸ਼ ਪਟੇਲ ਸ਼ਾਮਲ ਸਨ। ਪਰਮੋਟਰ ਲੱਖੀ ਗਿੱਲ ਸੀ। ਸਟੇਜ ਦੀ ਕਾਰਵਾਈ ਪ੍ਰਭਜੋਤ ਸਿੰਘ ਨੇ ਨਿਭਾਈ ਤੇ ਗੁਰਜੋਤ ਸਿੰਘ ਅਤੇ ਸੋਨੂੰ ਸਿੰਘ ਨੇ ਵੀ ਯੋਗਦਾਨ ਪਾਇਆ। ਇਸ ਮੌਕੇ ਸ਼ਿਕਾਗੋ ਤੋਂ ਖਾਸ ਤੌਰ ਤੇ ਖੇਡ ਕਲੱਬਾਂ ਤੇ ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦੇ ਵੀ ਪੁੱਜੇ ਹੋਏ ਸਨ, ਜਿਨ੍ਹਾਂ ਦਾ ਪ੍ਰਬੰਧਕਾਂ ਅਤੇ ਸ. ਗੋਲਡੀ ਦੀ ਮਾਤਾ ਦਵਿੰਦਰ ਕੌਰ ਵਲੋਂ ਸਨਮਾਨ ਕੀਤਾ ਗਿਆ।

ਸ. ਪਰਮਿੰਦਰ ਸਿੰਘ ਗੋਲਡੀ ਵਲੋਂ ਦਰਸ਼ਕਾਂ ਲਈ ਖਾਸ ਤੌਰ 'ਤੇ ਚਾਹ-ਪਾਣੀ ਤੇ ਰਾਤ ਦੇ ਖਾਣੇ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਸ਼ੋਅ ਖਤਮ ਹੋਣ ਮਗਰੋਂ ਦਰਸ਼ਕਾਂ ਨੇ ਰਾਣਾ ਰਣਬੀਰ ਨਾਲ ਫੋਟੋਆਂ ਵੀ ਖਿਚਵਾਈਆਂ ਤੇ ਨਾਟਕ ਬਾਰੇ ਆਪਣੇ ਵਿਚਾਰ ਵੀ ਪੇਸ਼ ਕੀਤੇ।

ਯੂ. ਐੱਸ. ਕਾਂਗਰਸ ਲਈ ਰਾਜੂ ਨੂੰ ਚੁਣੋ

REPUBLICAN CANDIDATE FOR U.S. CONGRESS
INDIANA'S 5TH DISTRICT

RAJU CHINTHALA FOR CONGRESS

ਰਾਜੂ ਤੁਹਾਡੇ ਲਈ ਹੈ!

ਗਤੀਸ਼ੀਲ. ਦੂਰਦਰਸ਼ੀ. ਪ੍ਰਮਾਣਿਕ.

7 ਮਈ ਨੂੰ ਜਾਂ ਇਸ ਤੋਂ ਪਹਿਲਾਂ ਰਾਜੂ ਲਈ ਵੋਟ ਕਰੋ!

ਇੰਡੀਆਨਾ ਪ੍ਰਾਇਮਰੀ: ਤੁਹਾਡੀ ਰਾਜਨੀਤਿਕ ਮਾਨਤਾ ਦੇ ਬਾਵਜੂਦ, ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੋ। ਜੇਕਰ ਤੁਸੀਂ ਰਜਿਸਟਰਡ ਵੋਟਰ ਹੋ, ਤਾਂ ਕਾਂਗਰਸ ਲਈ ਰਾਜੂ ਨੂੰ ਵੋਟ ਪਾਉਣ ਬਾਰੇ ਵਿਚਾਰ ਕਰੋ। ਰਿਪਬਲਿਕਨ ਬੈਲਟ ਦੀ ਮੰਗ ਕਰਨਾ ਯਾਦ ਰੱਖੋ।

ਹੋਰ ਜਾਣਕਾਰੀ ਲਈ:
www.indianavoters.com

SCAN ME FOR MORE DETAILS:

RAJUFORCONGRESS.COM

ਰਾਜੂ ਬਾਰੇ:

- ਪਤੀ, ਪਿਤਾ, ਸਫਲ ਕਾਰੋਬਾਰੀ, ਕਮਿਊਨਿਟੀ ਲੀਡਰ, ਸਿਆਸੀ ਵਕੀਲ
- ਸਪੀਚ-ਲੈਂਗਵੇਜ ਪੈਥੋਲੋਜਿਸਟ, ਅਤੇ ਅੰਤਰਰਾਸ਼ਟਰੀ ਆਰਥਿਕ ਸਲਾਹਕਾਰ
- ਹੈਮਿਲਟਨ ਕਾਉਂਟੀ ਰਿਪਬਲਿਕਨ ਪਾਰਟੀ ਦੇ ਖਜ਼ਾਨਚੀ

ਰਾਜੂ ਕਿਉਂ?

- ✓ ਸਾਬਤ ਲੀਡਰਸ਼ਿਪ & ਅਨੁਭਵ
- ✓ ਤਰੱਕੀ ਲਈ ਵਚਨਬੱਧਤਾ
- ✓ ਤੁਹਾਡੇ ਲਈ ਵਕੀਲ
- ✓ ਪਹੁੰਚਯੋਗ ਅਤੇ ਜਵਾਬਦੇਹ

PAID FOR BY RAJU FOR CONGRESS